INTERNATIONAL

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.31 / No.12
21 March, 2025
੮ ਚੇਤ ਨਾਨਕਸ਼ਾਹੀ ਸੰਮਤ ੫੫੭



Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W



Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
All types of life Insurance, Critical illness, Disability Insurance, Mortgage Protection
7092-125 St. Surrey


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਈਕੋ ਸਿੱਖ ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ ਮਨਾਇਆ ਗਿਆ 'ਸਿੱਖ ਵਾਤਾਵਰਣ ਦਿਵਸ'



ਸਰੀ, (ਏਕਜੋਤ ਸਿੰਘ) : ਸ੍ਰੀ ਗੁਰੂ ਹਰਿ ਰਾਇ ਜੀ ਨੂੰ ਸਮਰਪਿਤ, ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਸਰੀ, ਈਕੋਸਿੱਖ ਜਥੇਬੰਦੀ ਵਲੋਂ ਸਿਟੀ ਆਫ਼ ਸਰੀ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਵਿਸ਼ਵ ਪੱਧਰੀ ਵਾਤਾਵਰਣ ਲਹਿਰ 'ਸਿੱਖ ਵਾਤਾਵਰਣ ਦਿਵਸ' ਨੂੰ • ਬਾਕੀ ਸਫ਼ਾ 5 'ਤੇ

## ਬੀ.ਸੀ. ਸਰਕਾਰ ਵੱਲੋਂ ਭੋਜਨ ਉਤਪਾਦਨ ਉਦਯੋਗ ਲਈ ਨਾ-ਮੋੜਨਯੋਗ $6.6 ਮਿਲੀਅਨ ਦੀ ਗ੍ਰਾਂਟ ਜਾਰੀ

### ਸਰੀ ਦੇ ਪ੍ਰਭੂ ਸਵੀਟਸ ਨੂੰ ਮਿਲੀ $662,000 ਦੀ ਗ੍ਰਾਂਟ

**ਸਰੀ, (ਏਕਜੋਤ ਸਿੰਘ):** ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਵਿੱਚ ਭੋਜਨ ਉਤਪਾਦਨ ਉਦਯੋਗ ਨੂੰ ਉਤਸ਼ਾਹ ਦੇਣ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਲਈ ਵਾਪਸ ਨਾ-ਮੋੜਨਯੋਗ $6.6 ਮਿਲੀਅਨ ਦੀ ਗ੍ਰਾਂਟ ਜਾਰੀ ਕੀਤੀ ਹੈ। ਸਰਕਾਰ ਦੇ ਮੁਤਾਬਕ, ਇਹ ਨਿਵੇਸ਼ ਸਥਾਨਕ ਖਾਦ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਵੀ ਮਦਦ ਕਰੇਗਾ।

**ਮਾਨ ਸਿੰਘ ਵੱਲੋਂ ਸਥਾਪਿਤ ਕੀਤੀ "ਪ੍ਰਭੂ ਫੂਡਜ਼ ਇਨਕ." ਜੋ ਕਿ ਸਰੀ ਵਿੱਚ ਮਠਿਆਈਆਂ ਬਣਾਉਂਦੀ ਹੈ, ਨੇ $662,000 ਦੀ ਨਾ-ਮੋੜਨਯੋਗ ਗ੍ਰਾਂਟ ਪ੍ਰਾਪਤ ਕੀਤੀ।** ਮੰਤਰੀ ਨੇ ਦੱਸਿਆ ਕਿ ਇਸ ਗ੍ਰਾਂਟ ਨਾਲ ਕੰਪਨੀ ਆਪਣੀ ਉਤਪਾਦਨ ਸਮਰੱਥਾ ਨੂੰ ਵਧਾ ਕਰ ਸਕਦੀ ਹੈ, ਜਿਸ ਨਾਲ ਨੌਕਰੀਆਂ ਪੈਦਾ ਹੋਣਗੀਆਂ।

#### ਕਿਲੋਨਾ ਦੀ ਕੰਪਨੀ ਨੂੰ ਮਿਲੇ $2 ਮਿਲੀਅਨ

ਬੀ.ਸੀ. ਦੀ ਨੌਕਰੀ ਮੰਤਰੀ ਡਾਇਨਾ ਗਿਬਸਨ ਨੇ ਐਲਾਨ ਕੀਤਾ ਕਿ ਸੂਬੇ ਦੇ ਉਤਪਾਦਨ ਨੌਕਰੀਆਂ ਫੰਡ ਵਿੱਚੋਂ ਸੱਤ ਫੂਡ ਉਤਪਾਦਨ ਕੰਪਨੀਆਂ ਨੂੰ ਇਹ ਗ੍ਰਾਂਟ ਦਿੱਤੀ ਜਾ ਰਹੀ • ਬਾਕੀ ਸਫ਼ਾ 5 'ਤੇ


ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle



ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca



KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com



A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY



ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7



ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY



So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ



idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8



Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC



Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com



ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜੋਤੀ ਜੋਤ ਦਿਵਸ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ਼ਹੀਦੀ ਦਿਵਸ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਮਨਾਇਆ ਜਾਵੇਗਾ। ਇਸ ਮੌਕੇ ਇੱਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਬਲਦੇਵ ਸਿੰਘ ਅਤੇ ਬੀਬੀ ਦਲਜੀਤ ਕੌਰ ਅਟਵਾਲ ਪਰਿਵਾਰ ਵਲੋਂ ਹੋਵੇਗੀ। ਪਾਠ ਦੀ ਅਰੰਭਤਾ ਦਿਨ ਸ਼ੁੱਕਰਵਾਰ ਮਾਰਚ 21 ਨੂੰ 9:30 ਵਜੇ ਹੋਵੇਗੀ ਅਤੇ ਭੋਗ 23 ਮਾਰਚ ਦਿਨ ਐਤਵਾਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ਨਿੱਚਰਵਾਰ 22 ਮਾਰਚ ਨੂੰ ਭਾਈ ਲਖਵੀਰ ਸਿੰਘ ਵਿਰਦੀ ਪਰਿਵਾਰ ਵਲੋਂ 9:30 ਵਜੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।
- ਸ਼ਨਿੱਚਰਵਾਰ ਸਵੇਰ ਵੇਲੇ ਅਨੰਦਕਾਰਜ ਕਾਕ ਜਸਵਿੰਦਰ ਸਿੰਘ ਧਾਲੀਵਾਲ ਦਾ ਹੋਵੇਗਾ।
- ਅੰਤਮ ਸਸਕਾਰ ਸਵ: ਬੀਬੀ ਸੁਰਜੀਤ ਕੌਰ ਕਲੋਅ ਦਾ 11:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 12:45 'ਤੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸੰਸਕਾਰ ਸਵ: ਬੀਬੀ ਭਜਨ ਕੌਰ ਜੌਹਲ ਦਾ 12:30 ਵਜੇ ਰਿਵਰ ਸਾਈ ਡੈਲਟਾ ਵਿਖੇ ਹੋਵੇਗਾ ਅਤੇ ਭੋਗ 2:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਨੂੰ ਦੋ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:–
  1. ਬੀਬੀ ਜਸਵਿੰਦਰ ਕੌਰ ਮਾਨ ਪਰਿਵਾਰ ਵਲੋਂ
  2. ਭਾਈ ਮਨਿੰਦਰ ਸਿੰਘ ਪਰਿਵਾਰ ਵਲੋਂ
- ਐਤਵਾਰ 23 ਮਾਰਚ ਨੂੰ ਅੰਤਮ ਸਸਕਾਰ ਸਵ. ਮਹਿੰਦਰ ਸਿੰਘ ਤਖੱਰ ਦਾ 2:00 ਵਜੇ ਰਿਵਰ ਸਾਈਡ ਤੇ ਹੋਵੇਗਾ ਉਪਰੰਤ ਭੋਗ 3: 30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਐਤਵਾਰ 23 ਮਾਰਚ ਨੂੰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਦੋ ਪਰਿਵਾਰਾਂ ਵਲੋਂ ਹੋਵੇਗੀ:–
  1. ਭਾਈ ਪਰਵਿੰਦਰ ਸਿੰਘ ਪਰਿਵਾਰ ਵਲੋਂ
  2. ਭਾਈ ਜਗਰੂਪ ਸਿੰਘ ਖਿੰਦਲ ਪਰਿਵਾਰ ਵਲੋਂ
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਮਹਿੰਦਰ ਸਿੰਘ ਪਰਿਵਾਰ ਵਲੋਂ ਹੋਵੇਗੀ
- ਅੰਤਮ ਸੰਸਕਾਰ 2:30 ਵਜੇ ਸਵ: ਬੀਬੀ ਨਰੇਸ਼ਪਾਲ ਕੌਰ ਤੂਰ ਦਾ ਰਿਵਰ ਸਾਈਡ ਡੈਲਟਾ ਤੇ ਹੋਵੇਗਾ ਅਤੇ ਭੋਗ 4:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ ।

**ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ**
**ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ**

**ਕਥਾਵਾਚਕ : ਭਾਈ ਨਿਸ਼ਾਨ ਸਿੰਘ**

**ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਬੀ.ਸੀ. 'ਚ 1 ਅਪਰੈਲ ਤੋਂ ਬਿਜਲੀ ਹੋਵੇਗੀ ਮਹਿੰਗੀ

**ਵੈਨਕੂਵਰ (ਏਕਜੋਤ ਸਿੰਘ):** ਬੀ.ਸੀ. ਦੇ ਵਸਨੀਕ ਹੁਣ ਘਰਾਂ ਵਿੱਚ ਬਿਜਲੀ ਵਰਤਣ ਲਈ ਵਾਧੂ ਰਕਮ ਅਦਾ ਕਰਨਗੇ, ਕਿਉਂਕਿ ਬੀ.ਸੀ. ਹਾਈਡ੍ਰੋ ਨੇ ਆਉਣ ਵਾਲੇ ਦੋ ਸਾਲਾਂ ਲਈ 3.75 ਫੀਸਦੀ ਦੀ ਸਾਲਾਨਾ ਰੇਟ ਵਧਾਉਣ ਦੀ ਤਿਆਰੀ ਕਰ ਲਈ ਹੈ। ਇਸ ਨਾਲ, ਇੱਕ ਆਮ ਰਿਹਾਇਸ਼ੀ ਗਾਹਕ ਉੱਤੇ ਅਗਲੇ ਦੋ ਸਾਲਾਂ 'ਚ ਕੁੱਲ $90 ਦਾ ਬੋਝ ਪਵੇਗਾ। ਇਹ ਵਾਧਾ 1 ਅਪਰੈਲ ਤੋਂ ਲਾਗੂ ਕੀਤਾ ਜਾ ਰਿਹਾ ਹੈ। ਬੀ.ਸੀ. ਦੇ ਊਰਜਾ ਮੰਤਰੀ ਐਡਰੀਅਨ ਡਿਕਸ ਨੇ ਬੀ.ਸੀ. ਹਾਈਡ੍ਰੋ ਦੇ ਪ੍ਰਧਾਨ ਅਤੇ ਸੀ.ਈ.ਓ ਕ੍ਰਿਸ ਓ'ਰਾਈਲੀ ਦੀ ਹਾਜ਼ਰੀ 'ਚ ਇਹ ਵਾਧਾ ਐਲਾਨਿਆ। ਸਰਕਾਰ ਮੁਤਾਬਕ, ਇਹ ਵਾਧਾ ਮਹਿੰਗਾਈ ਕਰਕੇ ਊਰਜਾ ਕੰਪਨੀ ਦੇ ਖਰਚ ਵੱਧਣ, ਸਾਈਟ ਸੀ ਪ੍ਰੋਜੈਕਟ ਦੀ ਸ਼ੁਰੂਆਤ ਅਤੇ ਊਰਜਾ ਪ੍ਰਣਾਲੀ 'ਚ ਜ਼ਰੂਰੀ ਨਿਵੇਸ਼, ਬੀ.ਸੀ. ਦੀ ਊਰਜਾ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨਾ, ਖ਼ਾਸ ਤੌਰ 'ਤੇ ਅਮਰੀਕੀ ਟੈਰਿਫ਼ਾਂ ਦੇ ਮੁਕਾਬਲੇ ਲਈ ਕੀਤਾ ਗਿਆ ਹੈ। ਡਿਕਸ ਨੇ ਕਿਹਾ, "ਇਸ ਵਾਧੇ ਨਾਲ ਪ੍ਰਣਾਲੀ 'ਚ ਸਥਿਰਤਾ ਆਵੇਗੀ। ਇਹ ਲੋਕਾਂ ਨੂੰ ਇਹ ਸਮਝਣ




ਵਿੱਚ ਮਦਦ ਕਰੇਗਾ ਕਿ ਭਵਿੱਖ ਵਿੱਚ ਕੀ ਰੇਟ ਹੋਣਗੇ।" ਡਿਕਸ ਨੇ ਬੀ.ਸੀ. 'ਚ ਬਿਜਲੀ ਦੀ ਕੀਮਤਾਂ ਬਾਰੇ ਸਫਾਈ ਦਿੰਦਿਆਂ ਕਿਹਾ ਕਿ ਬੀ.ਸੀ. 'ਚ ਉੱਤਰੀ ਅਮਰੀਕਾ 'ਚ ਤੀਜੀ ਸਭ ਤੋਂ ਘੱਟ ਬਿਜਲੀ ਦਰ ਹੈ। 2017 ਤੋਂ ਲੈ ਕੇ ਹੁਣ ਤੱਕ ਇਹ ਦਰ 12 ਫੀਸਦੀ ਮਹਿੰਗਾਈ ਦੀ ਦਰ ਤੋਂ ਹੇਠਾਂ ਰਹੀ ਹੈ। ਬੀ.ਸੀ. ਹਾਈਡ੍ਰੋ ਨੇ ਪਿਛਲੇ ਸਾਲ 2.3% ਅਤੇ 2023 'ਚ 2% ਦਰ ਵਧਾਈ ਸੀ, ਜਦਕਿ 2022 'ਚ ਇਹ 1.4% ਘਟਾਈ ਗਈ ਸੀ। ਡਿਕਸ ਨੇ ਕਿਹਾ, "ਅਸੀਂ ਉੱਤਰੀ ਬੀ.ਸੀ. 'ਚ ਆਰਥਿਕ ਵਿਕਾਸ ਲਈ ਨਿਵੇਸ਼ ਕਰ ਰਹੇ ਹਾਂ, ਅਤੇ ਇਹ ਵਾਧਾ ਇਹ ਯਕੀਨੀ ਬਣਾਉਣ ਲਈ ਹੈ ਕਿ ਹਜ਼ਾਰਾਂ ਨਵੇਂ ਗਾਹਕਾਂ ਨੂੰ ਭਵਿੱਖ ਵਿਚ ਵਿਸ਼ਵਾਸਯੋਗ ਊਰਜਾ ਮਿਲੇ।" ਉਨ੍ਹਾਂ ਨੇ ਦੱਸਿਆ ਕਿ ਬੀ.ਸੀ. ਹਾਈਡ੍ਰੋ ਨੇ 2024 'ਚ 1.4 ਅਰਬ ਡਾਲਰ ਦੀ ਬਿਜਲੀ ਆਯਾਤ ਲਈ ਖ਼ਰਚ ਕੀਤੀ, ਪਰ ਐਕਸਪੋਰਟ ਦੇ ਲਾਭਕਾਰੀ ਟੀਚੇ ਪੂਰੇ ਨਹੀਂ ਹੋਏ। ਕੰਪਨੀ ਦੇ ਦੇ ਖ਼ਰਚ ਮਹਿੰਗਾਈ ਦੀ ਦਰ ਤੋਂ ਵੀ ਵੱਧ ਰਹੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਾਰਬਨ ਟੈਕਸ ਖ਼ਤਮ ਹੋਣ ਕਾਰਨ ਲੋਕਾਂ ਲਈ ਕੁਦਰਤੀ ਗੈਸ ਸਸਤੀ ਹੋ ਜਾਵੇਗੀ, ਪਰ ਸਰਕਾਰ ਵੱਲੋਂ ਲੋਕਾਂ ਨੂੰ ਬਿਜਲੀ ਉੱਤੇ ਨਿਰਭਰ ਕਰਨ ਲਈ ਮਜਬੂਰ ਕਰਨਾ ਨੈਗਟਿਵ ਪ੍ਰਭਾਵ ਪਾ ਸਕਦਾ ਹੈ। 1 ਅਪਰੈਲ ਤੋਂ ਭ.ਛ. ਦੇ ਲੋਕਾਂ 'ਤੇ ਬਿਜਲੀ ਮਹਿੰਗੀ ਹੋਣ ਕਰਕੇ ਵਾਧੂ ਆਰਥਿਕ ਬੋਝ ਪਵੇਗਾ, ਪਰ ਸਰਕਾਰ ਦਾ ਦਾਅਵਾ ਹੈ ਕਿ ਇਹ ਉਮੀਦਵਾਰ ਭਵਿੱਖ ਲਈ ਲਾਭਕਾਰੀ ਹੋਵੇਗਾ। This report was written by Ekjot Singh as part of the Local Journalism Initiative.

# ਲੈਕਸ ਜ਼ਿਲ੍ਹਾ ਹਸਪਤਾਲ ਦੀ ਐਮਰਜੈਂਸੀ ਇਸ ਸਾਲ ਹੁਣ ਤੱਕ 15ਵੀਂ ਵਾਰ ਹੋਈ ਬੰਦ

**ਸਰੀ, (ਏਕਜੋਤ ਸਿੰਘ):** ਲੈਕਸ ਜ਼ਿਲ੍ਹਾ ਹਸਪਤਾਲ ਅਤੇ ਹੈਲਥ ਸੈਂਟਰ ਦੀ ਐਮਰਜੈਂਸੀ ਡਾਕਟਰਾਂ ਦੀ ਘਾਟ ਕਾਰਨ 2025 ਵਿੱਚ ਹੁਣ ਤੱਕ ਪੰਦਰਾਂ ਵਾਰ ਬੰਦ ਕੀਤੀ ਜਾ ਚੁੱਕੀ ਹੈ। ਨੌਦਰਨ ਹੈਲਥ ਵਲੋਂ ਜਾਰੀ ਪ੍ਰੈੱਸ ਰਿਲੀਜ਼ ਮੁਤਾਬਕ, 16 ਮਾਰਚ ਨੂੰ ਸਵੇਰੇ 6 ਵਜੇ ਤੋਂ 18 ਮਾਰਚ ਨੂੰ ਸ਼ਾਮ 4 ਵਜੇ ਤਕ ਐਮਰਜੈਂਸੀ ਡਾਕਟਰੀ ਸਟਾਫ ਦੀ ਘਾਟ ਕਾਰਨ ਪੰਦਰਵੀਂ ਵਾਰ ਬੰਦ ਰਹੀ।

ਐਮਰਜੈਂਸੀ ਦੇ ਬੰਦ ਹੋਣ ਦੌਰਾਨ, ਕਿਸੇ ਵੀ ਤਰ੍ਹਾਂ ਦੀ ਤਾਤਕਾਲੀ ਮੈਡੀਕਲ ਸੇਵਾ ਲੋੜੀਂਦੀ ਹੋਵੇ ਤਾਂ 9-1-1 'ਤੇ ਕਾਲ ਕਰ ਦੀ ਹਦਾਇਤ ਵੀ ਜਾਰੀ ਕੀਤੀ ਗਈ। ਨੌਦਰਨ ਹੈਲਥ ਮੁਤਾਬਕ ਡਾਕਟਰਾਂ ਦੀ ਘਾਟ ਦੂਰ ਕਰਨ ਲਈ ਨੌਦਰਨ ਹੈਲਥ ਲੱਗਾਤਾਰ ਡਾਕਟਰਾਂ ਦੀ ਭਰਤੀ ਕਰ ਰਹੀ ਹੈ। ਇਸ ਬਸੰਤ ਵਿੱਚ ਦੋ ਨਵੇਂ ਡਾਕਟਰ ਬਰਨਜ਼ ਲੇਕ ਵਿੱਚ ਆਪਣੀ ਪ੍ਰੈਕਟਿਸ ਸ਼ੁਰੂ ਕਰਨਗੇ। ਅਤੇ ਹੋਰ



ਡਾਕਟਰਾਂ ਦੀ ਭਰਤੀ ਲਈ ਡਾਕਟਰਾਂ ਨੂੰ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਨੌਦਰਨ ਹੈਲਥ ਨੇ ਐਮਰਜੈਂਸੀ ਬੰਦ ਹੋਣ ਦੀ ਸਮੱਸਿਆ ਹੱਲ ਕਰਨ ਲਈ ਇੱਕ ਵਿਸ਼ੇਸ਼ ਟਾਸਕ ਫੋਰਸ ਵੀ ਬਣਾਈ ਹੈ। ਨੌਦਰਨ ਹੈਲਥ ਮੁਤਾਬਕ, ਬਰਨਜ਼ ਲੇਕ ਵਿੱਚ ਐਮਰਜੈਂਸੀ ਰੂਮ 'ਚ ਡਾਕਟਰੀ ਸਟਾਫ ਦੀ ਲਗਭਗ 55% ਘਾਟ ਹੈ। ਲੈਕਸ ਜ਼ਿਲ੍ਹਾ ਹਸਪਤਾਲ ਵਿੱਚ ਨਰਸਿੰਗ ਸਟਾਫ ਪੂਰੀ ਤਰ੍ਹਾਂ ਤਾਇਨਾਤ ਹੈ।ਐਮਰਜੈਂਸੀ ਵਿਭਾਗ ਵਿੱਚ ਇੱਕ ਰਜਿਸਟਰਡ ਨਰਸ ਅਤੇ ਇੱਕ ਡਾਕਟਰ 24 ਘੰਟੇ ਤਾਇਨਾਤ ਰਹਿੰਦੇ ਹਨ, ਪਰ ਡਾਕਟਰਾਂ ਦੀ ਘਾਟ ਕਾਰਨ ਇਹ ਸੰਕਟ ਬਣਿਆ ਹੋਇਆ ਹੈ। ਸਥਾਨਕ ਨਿਵਾਸੀਆਂ ਨੇ ਨੌਦਰਨ ਹੈਲਥ ਤੋਂ ਇਸ ਸਮੱਸਿਆ ਦਾ ਤੁਰੰਤ ਹੱਲ ਲੱਭਣ ਦੀ ਮੰਗ ਕੀਤੀ ਹੈ। This report was written by Ekjot Singh as part of the Local Journalism Initiative.

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Consult Dr. Sra for a health SMILE
Accepting Canadian Dental Care Plan From Govt.
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

# ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਸਰੀ, ਈਕੋ ਸਿੱਖ ਨੇ 'ਸਿੱਖ ਵਾਤਾਵਰਣ ਦਿਵਸ' ਮੌਕੇ ਲਗਾਏ 450 ਤੋਂ ਵੱਧ ਦਰੱਖ਼ਤ



ਸਫ਼ਾ 1 ਦਾ ਬਾਕੀ

### ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ...

ਪ੍ਰਮੁੱਖ ਰੱਖਦਿਆਂ ਬੀਤੇ ਵੀਰਵਾਰ 16 ਮਾਰਚ (1 ਚੇਤ 557) ਨਾਨਕਸ਼ਾਹੀ ਨਵੇਂ ਸਾਲ ਵਾਲੇ ਦਿਨ ਨੂੰ ਡੌਮੀਨਿਅਨ ਪਾਰਕ 8225 – 134 ਸਟਰੀਟ ਸਰੀ ਵਿਖੇ ਵਿਖੇ ਸੰਗਤਾਂ ਅਤੇ ਸਕੂਲ ਦੇ ਬੱਚੇ-ਬੱਚੀਆਂ ਵਲੋਂ 450 ਦਰਖ਼ਤ ਲਗਾਏ ਗਏ। ਇਸ ਮੌਕੇ ਗੁਰਦਵਾਰਾ ਸਾਹਿਬ ਦੇ ਪ੍ਰਧਾਨ, ਭਾਈ ਜਸਵਿੰਦਰ ਸਿੰਘ ਖਹਿਰਾ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਮਾਤਾ ਧਰਤ ਨੂੰ ਬਚਾਉਣ ਲਈ ਸਿਖਾਂ ਨੂੰ ਗੁਰੂ ਹਰਿ ਰਾਇ ਜੀ ਵਾਂਗ ਦਾਮਨ ਸੰਕੋਚ ਕੇ ਚਲਣ ਦੀ ਲੋੜ ਹੈ, ਅਤੇ ਇਕ ਜੁੱਟ ਹੋਕੇ ਰੁੱਖ ਲਗਾਉਣ, ਪਾਣੀ ਬਚਾਉਣ ਤੇ ਬਿਜਲੀ-ਤੇਲ ਦੀ ਦੁਰਵਰਤੋਂ ਨੂੰ ਰੋਕਣ ਲਈ ਤਨ ਮਨ ਧਨ ਲਗਾ ਕੇ ਪੂਰੀ ਪਲੈਨਿੰਗ ਦੀ ਲੋੜ ਹੈ।" ਖਹਿਰਾ ਜੀ ਨੇ ਆਉਣ ਵਾਲੇ ਸਮੇਂ ਵਿਚ ਈਕੋਸਿਖ ਤੇ ਹੋਰ ਵੀ ਜਥੇਬੰਦੀਆਂ ਨਾਲ ਅਜਿਹੇ ਵਾਤਾਵਰਨ ਸੰਬੰਧੀ ਹੋਰ ਵੀ ਪ੍ਰੋਗਰਾਮ ਉਲੀਕਣ ਦਾ ਵਿਚਾਰ ਪਰਗਟ ਕੀਤਾ। ਇਸ ਮੌਕੇ ਸੰਗਤਾਂ ਅਤੇ ਬੱਚੇ-ਬੱਚੀਆਂ ਲਈ ਗੁਰਦੁਆਰਾ ਸਾਹਿਬ ਵਲੋਂ ਵਿਸ਼ੇਸ਼ ਤੌਰ 'ਤੇ ਚਾਹ-ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਸੰਗਤਾਂ ਅਤੇ ਸਿਟੀ ਆਫ਼ ਸਰੀ ਵੱਲੋਂ ਇਸ ਵਿਸ਼ੇਸ਼ ਕਾਰਜ ਦੀ ਗੁਰਦੁਆਰਾ ਕਮੇਟੀ ਦੀ ਬਹੁਤ ਸ਼ਲਾਘਾ ਕੀਤੀ ਗਈ।

### ਬੀ.ਸੀ. ਸਰਕਾਰ ਵੱਲੋਂ ਭੋਜਨ ਉਤਪਾਦਨ ...

ਹੈ। ਇਸ ਵਿੱਚ ਕੇਲੋਨਾ-ਅਧਾਰਿਤ "ਫਾਰਮਿੰਗ ਕਰਮਾ ਫਰੂਟ ਕੋ." ਨੂੰ $2 ਮਿਲੀਅਨ ਮਿਲਣਗੇ, ਜੋ ਕਿ ਨਵੇਂ ਪ੍ਰੋਸੈਸਿੰਗ ਸੁਵਿਧਾ ਅਤੇ ਉਪਕਰਣਾਂ ਲਈ ਵਰਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਨਿਵੇਸ਼ ਨਾਲ ਕਿਲੋਨਾ ਵਿੱਚ 32 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸ ਯੋਜਨਾ ਤਹਿਤ, ਮਿਸ਼ਨ ਸ਼ਹਿਰ ਦੀ "ਵਨ ਡਿਗਰੀ ਆਰਗੈਨਿਕ ਫੂਡਜ਼" ਕੰਪਨੀ ਨੂੰ ਵੀ ਵਿੱਤੀ ਮਦਦ ਮਿਲੇਗੀ। ਇਹ ਕੰਪਨੀ ਨਾ-ਜੀਐਮਓ (ਗੈਰ-ਜੈਨੇਟਿਕਲੀ ਮੋਡੀਫਾਈਡ) ਅਨਾਜ ਅਤੇ ਹੋਰ ਉਤਪਾਦ ਤਿਆਰ ਕਰਦੀ ਹੈ।

ਹੋਰ ਕੰਪਨੀਆਂ ਨੂੰ ਵੀ ਮਿਲੀ ਗ੍ਰਾਂਟ

ਸਰਕਾਰ ਦੇ ਬਿਆਨ ਅਨੁਸਾਰ, ਇਹ ਵਿੱਤੀ ਮਦਦ ਹੋਰ ਕਈ ਕੰਪਨੀਆਂ ਨੂੰ ਵੀ ਦਿੱਤੀ ਜਾ ਰਹੀ ਹੈ ਜਿਨ੍ਹਾਂ 'ਚ ਨੌਰਥ ਡੈਲਟਾ ਸੀਫੂਡਜ਼ (ਰਟਹ ਧਏਲਟਓ ਸ਼ਏਓਡੋਦਸ) – ਮੱਛੀ ਉਤਪਾਦਨ ਅਤੇ ਸੰਭਾਲਣ ਵਿੱਚ ਨਿਵੇਸ਼ , ਟ੍ਰਾਫਾ ਫਾਰਮਾਸਿਊਟਿਕਲਸ (Trafa Pharmaceuticals) – ਦਵਾਈ ਅਤੇ ਪੌਸ਼ਟਿਕ ਉਤਪਾਦ ਬਣਾਉਣ ਵਾਲੀ ਕੰਪਨੀ, ਬ੍ਰਾਊਨਜ਼ ਬੇ ਪੈਕਿੰਗ ਕੰਪਨੀ (Brown's Bay Pacikng Co.) – ਕੈਂਪਬੇਲ ਰਿਵਰ (Campbelli Rver) ਵਿੱਚ ਆਧੁਨਿਕ ਤਕਨੀਕ ਨਾਲ ਮੱਛੀ ਪੈਕਿੰਗ, ਵਿਟਾਮਿਨਲੈਬ (vitaminLab)– ਵਿਕਟੋਰੀਆ (victoria) ਵਿੱਚ ਵਿਟਾਮਿਨ ਉਤਪਾਦਨ ਦੇ ਨਾਮ ਜ਼ਿਕਰਯੋਗ ਹਨ।

ਮੰਤਰੀ ਡਾਇਨਾ ਗਿਬਸਨ ਨੇ ਦੱਸਿਆ ਕਿ ਭੋਜਨ ਉਤਪਾਦਨ ਖੇਤਰ ਵਿੱਚ ਨਿਵੇਸ਼ ਕਰਨਾ ਬੀ.ਸੀ. ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੂਬਾ ਇਸ ਸਮੇਂ ਅਮਰੀਕਾ ਵੱਲੋਂ ਲਾਏ ਜਾ ਰਹੇ ਟੈਰਿਫ਼ਾਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਰਕੇ ਘਰੇਲੂ ਖਾਦ ਉਤਪਾਦਨ ਨੂੰ ਉਤਹਾਹਿਤ ਕਰਨਾ ਲਾਜ਼ਮੀ ਹੋ ਗਿਆ ਹੈ।

ਬੀ.ਸੀ. ਸਰਕਾਰ ਦੇ ਨੌਕਰੀ, ਆਰਥਿਕ ਵਿਕਾਸ ਅਤੇ ਨਵਾਪ੍ਰਵਰਤੀ ਮੰਤਰਾਲੇ ਅਤੇ ਖੇਤੀਬਾੜੀ ਤੇ ਭੋਜਨ ਮੰਤਰਾਲੇ ਨੇ ਮਿਲ ਕੇ ਇਹ ਫੰਡ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਭੋਜਨ ਸੁਰੱਖਿਆ ਵਿੱਚ ਸੁਧਾਰ ਆਉਣਗਾ, ਜਿਸ ਨਾਲ ਲੋਕਾਂ ਨੂੰ ਸਥਾਨਕ ਤੌਰ 'ਤੇ ਬਣੇ ਹੋਏ ਖਾਦ ਉਤਪਾਦ ਵੱਧ ਮਿਲਣਗੇ।

ਜ਼ਿਕਰਯੋਗ ਹੈ ਕਿ ਸਾਲ 2023-24 ਦੌਰਾਨ ਸਰੀ ਦੇ ਪ੍ਰਸਿੱਧ ਵਿਓਪਾਰੀ ਨਾਨਕ ਫੂਡ (ਪੰਜਾਬ ਮਿਲਕ ਫੂਡ) ਨੂੰ ਵਪਾਰ ਵਧਾਉਣ ਲਈ ਸੂਬਾ ਸਰਕਾਰ ਵਲੋਂ 7.5 ਮਿਲੀਅਨ ਅਤੇ ਫੈਡਰਲ ਸਰਕਾਰ ਵਲੋਂ 5 ਮਿਲੀਅਨ ਡਾਲਰ ਦਾ ਫੰਡ ਦਿੱਤਾ ਗਿਆ ਸੀ। This report was written by Ekjot Singh as part of the Local Journalism Initiative.

# ਬੀਸੀ ਹਾਈਡਰੋ ਨੇ ਈ.ਵੀ. ਚਾਰਜਰ ਰਿਬੇਟ ਪ੍ਰੋਗਰਾਮ ਤੋਂ ਟੈਸਲਾ ਨੂੰ ਕੀਤਾ ਬਾਹਰ

ਵੈਨਕੂਵਰ: ਬ੍ਰਿਟਿਸ਼ ਕੋਲੰਬੀਆ ਦੀ ਸਰਕਾਰੀ ਇਲੈਕਟ੍ਰਿਕ ਯੂਟੀਲੀਟੀ ਬੀਸੀ ਹਾਈਡਰੋ ਨੇ ਆਪਣੇ ਇਲੈਕਟ੍ਰਿਕ ਵਾਹਨ ਚਾਰਜਰ ਰਿਬੇਟ ਪ੍ਰੋਗਰਾਮ ਵਿੱਚ ਵੱਡਾ ਬਦਲਾਅ ਕਰਦਿਆਂ ਟੈਸਲਾ ਦੇ ਉਤਪਾਦਾਂ ਨੂੰ ਬਾਹਰ ਕਰ ਦਿੱਤਾ ਹੈ। ਜਿਸ ਤਹਿਤ ਟੈਸਲਾ ਈਵੀ ਚਾਰਜਰ, ਐਨਰਜੀ ਸਟੋਰੇਜ ਬੈਟਰੀਆਂ ਅਤੇ ਇਨਵਰਟਰ ਹੁਣ ਰਿਬੇਟ ਲਈ ਯੋਗ ਨਹੀਂ ਰਹਿਣਗੇ।

ਬੀਸੀ ਹਾਈਡਰੋ ਵਲੋਂ $350 ਦੀ ਰਿਬੇਟ ਦਿੱਤੀ ਜਾਂਦੀ ਹੈ, ਜੋ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਨੂੰ ਆਪਣੇ ਘਰਾਂ ਵਿੱਚ ਈਵੀ ਚਾਰਜਰ ਲਗਾਉਣ ਵਿੱਚ ਮਦਦ ਲਈ ਦਿੱਤੀ ਜਾਂਦੀ ਹੈ। ਪਰ ਹੁਣ ਟੈਸਲਾ ਉਤਪਾਦਾਂ ਦੀ ਗਿਣਤੀ ਇਨ੍ਹਾਂ ਯੋਗ ਉਤਪਾਦਾਂ ਵਿੱਚ ਸ਼ਾਮਲ ਨਹੀਂ ਹੋਵੇਗੀ।

ਬੀਸੀ ਹਾਈਡਰੋ ਨੇ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਗਾਹਕ ਨੇ 12 ਮਾਰਚ ਤੋਂ ਪਹਿਲਾਂ ਟੈਸਲਾ ਉਤਪਾਦ ਦੀ ਮਨਜ਼ੂਰੀ ਲੈ ਲਈ, ਤਾਂ ਉਹ ਰਿਬੇਟ ਲਈ ਯੋਗ ਹੋ ਸਕਦੇ ਹਨ। ਪਰ ਨਵੀਆਂ ਅਰਜ਼ੀਆਂ, ਜੋ 12 ਮਾਰਚ ਤੋਂ ਬਾਅਦ ਆਉਣਗੀਆਂ, ਉਹਨਾਂ 'ਤੇ ਟੈਸਲਾ ਉਤਪਾਦਾਂ ਲਈ ਕੋਈ ਵੀ ਛੋਟ ਲਾਗੂ ਨਹੀਂ ਹੋਵੇਗੀ।

ਇਹ ਤਬਦੀਲੀ ਕੈਨੇਡਾ ਅਤੇ ਅਮਰੀਕਾ ਦਰਮਿਆਨ ਵਧ ਰਹੀ ਵਪਾਰ ਜੰਗ ਦੇ ਪ੍ਰਭਾਵ ਤਹਿਤ ਆਈ ਹੈ। ਬੀਸੀ ਹਾਈਡਰੋ ਨੇ ਕਿਹਾ ਹੈ ਕਿ ਉਹ ਕੈਨੇਡੀਅਨ ਉਤਪਾਦਾਂ ਨੂੰ ਤਰਜੀਹ ਦੇਣ ਅਤੇ ਅਮਰੀਕੀ ਉਤਪਾਦਾਂ ਨੂੰ ਹੌਲੀ-ਹੌਲੀ ਛੋਟ ਪ੍ਰੋਗਰਾਮਾਂ ਤੋਂ ਬਾਹਰ ਕਰਨ 'ਤੇ ਕੰਮ ਕਰ ਰਹੀ ਹੈ।

ਇਹ ਕੈਨੇਡਾ ਸਰਕਾਰ ਦੀ ਵਧ ਰਹੀ ਨੀਤੀ ਦਾ ਹਿੱਸਾ ਹੈ, ਜੋ "ਕੈਨੇਡਾ-ਵਿਚ-ਬਣੇ ਉਤਪਾਦਾਂ" ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ 'ਤੇ ਛੋਟ ਅਤੇ ਆਰਥਿਕ ਲਾਭ ਦੇਣ ਦੀ ਗੱਲ ਕਰ ਰਹੀ ਹੈ। ਇਹ ਮੁਹਿੰਮ ਅਮਰੀਕਾ ਵਲੋਂ ਕੈਨੇਡਾ 'ਤੇ ਲਗਾਏ ਗਏ ਨਵੇਂ ਟੈਰਿਫ਼ਾਂ ਤੋਂ ਬਾਅਦ ਹੋਰ ਜ਼ਿਆਦਾ ਤੇਜ਼ ਹੋ ਗਈ ਹੈ।

ਐਨਡੀਪੀ ਨੇਤਾ ਜਗਮੀਤ ਸਿੰਘ ਵੀ ਟੈਸਲਾ ਉਤਪਾਦਾਂ 'ਤੇ ਸਖ਼ਤ ਰਵੱਈਆ ਰੱਖ ਰਹੇ ਹਨ। ਉਨ੍ਹਾਂ ਨੇ ਫਰਵਰੀ 2025 ਵਿੱਚ ਕਿਹਾ ਸੀ ਕਿ ਜੇਕਰ ਐਨਡੀਪੀ ਦੀ ਸਰਕਾਰ ਆਉਂਦੀ, ਤਾਂ ਉਹ ਟੈਸਲਾ ਉਤਪਾਦਾਂ 'ਤੇ 100% ਟੈਰਿਫ਼ ਲਗਾਉਣਗੇ।

ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਕੰਪਨੀਆਂ ਵਲੋਂ ਕੈਨੇਡੀਅਨ ਉਤਪਾਦਾਂ 'ਤੇ ਲਗਾਈਆਂ ਜਾ ਰਹੀਆਂ ਪਾਬੰਦੀਆਂ ਅਤੇ ਟੈਰਿਫ਼ਾਂ ਨੂੰ ਵਿਰੋਧੀ ਕਾਰਵਾਈ ਰਾਹੀਂ ਹੀ ਸੰਭਾਲਿਆ ਜਾ ਸਕਦਾ ਹੈ। ਇਸ ਕਰਕੇ ਕੈਨੇਡੀਅਨ ਬਿਜ਼ਨਸਾਂ ਅਤੇ ਨੌਕਰੀਆਂ ਦੀ ਰੱਖਿਆ ਕਰਨੀ ਲਾਜ਼ਮੀ ਹੋ ਜਾਂਦੀ ਹੈ।

ਬ੍ਰਿਟਿਸ਼ ਕੋਲੰਬੀਆ ਵਿੱਚ ਈ.ਵੀ. ਦੀ ਗ੍ਰਾਹਕੀ ਵਧਾਉਣ ਲਈ ਹੋਰ ਵੀ ਰਿਬੇਟ ਪ੍ਰੋਗਰਾਮ ਚੱਲ ਰਹੇ ਹਨ। ਸੂਬਾ ਨਵੇਂ ਇਲੈਕਟ੍ਰਿਕ ਵਾਹਨ ਖਰੀਦਣ ਜਾਂ ਲੀਜ਼ 'ਤੇ ਲੈਣ ਵਾਲਿਆਂ ਨੂੰ $4,000 ਤੱਕ ਦੀ ਰਿਬੇਟ ਦਿੰਦਾ ਹੈ।

ਇਸ ਦੇ ਨਾਲ, ਇਲੈਕਟ੍ਰਿਕ ਵਾਹਨ ਚਾਰਜਰਾਂ 'ਤੇ ਦਿੱਤੀ ਜਾਂਦੀ $350 ਦੀ ਰਿਬੇਟ ਲੋਕਾਂ ਨੂੰ ਆਪਣੇ ਘਰਾਂ ਵਿੱਚ ਈਵੀ ਚਾਰਜਿੰਗ ਇੰਫ਼ਰਾਸਟ੍ਰਕਚਰ ਲਗਾਉਣ 'ਚ ਮਦਦ ਕਰਦੀ ਹੈ।

ਇਸ ਤਾਜ਼ਾ ਫੈਸਲੇ ਨੂੰ ਬੀਸੀ ਹਾਈਡਰੋ ਦੀ ਨਵੀਂ "ਕੈਨੇਡਾ ਫਸਟ" ਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਤਹਿਤ ਅਮਰੀਕੀ ਉਤਪਾਦਾਂ ਦੀ ਥਾਂ ਘਰੇਲੂ ਤੌਰ 'ਤੇ ਉਤਪਾਦਿਤ ਚੀਜ਼ਾਂ ਨੂੰ ਵਧਾਵਾ ਦਿੱਤਾ ਜਾਵੇਗਾ। ਟੈਸਲਾ 'ਤੇ ਲੱਗੀ ਇਹ ਪਾਬੰਦੀ ਈਵੀ. ਉਦਯੋਗ 'ਤੇ ਕੀ ਪ੍ਰਭਾਵ ਪਾਏਗੀ, ਇਹ ਵੇਖਣਾ ਹਾਲੇ ਬਾਕੀ ਹੈ।

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER

RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਉੱਘੇ ਵਕੀਲ ਰਾਜਵੀਰ ਢਿੱਲੋਂ ਹੋਣਗੇ ਸਰੀ ਸੈਂਟਰ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਫੈਡਰਲ ਉਮੀਦਵਾਰ




**ਸਰੀ, (ਹਰਦਮ ਮਾਨ):** ਸਰੀ ਦੇ ਉੱਘੇ ਵਕੀਲ ਰਾਜਵੀਰ ਢਿੱਲੋਂ ਨੇ ਸਰੀ ਸੈਂਟਰ ਹਲਕੇ ਤੋਂ ਨਾਮਜ਼ਦਗੀ ਚੋਣਾਂ ਵਿੱਚ ਜਿੱਤ ਹਾਸਲ ਕਰ ਲਈ ਹੈ ਅਤੇ ਕੰਸਰਵੇਟਿਵ ਪਾਰਟੀ ਵੱਲੋਂ ਉਹ ਅਧਿਕਾਰਤ ਉਮੀਦਵਾਰ ਐਲਾਨ ਦਿੱਤੇ ਗਏ ਹਨ। ਉਹਨਾਂ ਨੂੰ ਇੱਕ ਵਕੀਲ ਵਜੋਂ 12 ਸਾਲ ਤੋਂ ਵੀ ਵੱਧ ਦਾ ਤਜਰਬਾ ਹਾਸਿਲ ਹੈ। ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਰਾਏਕੋਟ ਦੇ ਪਿੰਡ ਝੋਰੜਾਂ ਦੇ ਜੰਮਪਲ ਰਾਜਵੀਰ ਨੇ ਬੀ.ਏ.ਐਲ.ਐਲ.ਬੀ. ਅਤੇ ਪੀਜੀ ਡਿਪਲੋਮਾ ਇਨ ਕ੍ਰਿਮੀਨੌਲਿਜੀ ਅਤੇ ਫੌਰੈਂਸਿਕ ਸਾਇੰਸ ਦੀ ਵਿੱਦਿਆ ਹਾਸਲ ਕੀਤੀ ਹੋਈ ਹੈ। ਕੈਨੇਡਾ ਨੂੰ ਆਪਣੀ ਕਰਮ ਭੂਮੀ ਬਣਾਉਣ ਉਪਰੰਤ ਉਹਨਾਂ ਨੇ ਯੂਨੀਵਰਸਿਟੀ ਆਫ ਟਰਾਂਟੋ ਤੋਂ ਆਪਣੀ ਐਜੂਕੇਸ਼ਨ ਅੱਪਗਰੇਡ ਕੀਤੀ ਅਤੇ ਪਿਛਲੇ 12 ਸਾਲ ਤੋਂ ਸਰੀ ਵਿੱਚ ਇੱਕ ਸਫਲ ਵਕੀਲ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

ਰਾਜਬੀਰ ਦਾ ਮੰਨਣਾ ਹੈ ਕਿ ਹਰ ਵਿਅਕਤੀ ਦੀ ਇਹ ਸਮਾਜਿਕ ਜ਼ਿੰਮੇਵਾਰੀ ਹੈ ਕਿ ਉਹ ਨਾ ਸਿਰਫ ਚੋਣ ਪ੍ਰਕਿਰਿਆ ਵਿੱਚ ਹਿੱਸਾ ਲਵੇ ਬਲਕਿ ਸੰਭਵ ਹੋਵੇ ਤਾਂ ਰਾਜਨੀਤੀ ਵਿੱਚ ਹਿੱਸਾ ਲੈ ਕੇ ਸਮਾਜ ਦੀ ਬੇਹਤਰੀ ਵਿੱਚ ਆਪਣਾ ਯੋਗਦਾਨ ਪਾਵੇ। ਉਨ੍ਹਾਂ ਕਿਹਾ ਕਿ ਇੱਥੋਂ ਦੇ ਭਾਈਚਾਰੇ ਨੇ ਮੈਨੂੰ ਬਹੁਤ ਮਾਨ ਸਨਮਾਨ ਦਿੱਤਾ ਹੈ ਅਤੇ ਮੈਂ ਆਪਣਾ ਫਰਜ਼ ਸਮਝਦੇ ਹੋਏ ਰਾਜਨੀਤੀ ਵਿੱਚ ਆਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਮੈਨੂੰ ਪੂਰੀ ਆਸ ਹੈ ਕਿ ਇੱਕ ਵਕੀਲ ਵਜੋਂ ਮੇਰਾ ਤਜਰਬਾ ਲੋਕ ਮੁੱਦਿਆਂ ਦੀ ਪਾਰਲੀਮੈਂਟ ਵਿੱਚ ਸਹੀ ਢੰਗ ਨਾਲ ਤਰਜਮਾਨੀ ਕਰਨ ਵਿੱਚ ਸਹਾਈ ਹੋਵੇਗਾ।

ਰਾਜਬੀਰ ਢਿੱਲੋਂ ਨੇ ਨਾਮਜ਼ਦਗੀ ਮੁਹਿੰਮ ਦੌਰਾਨ ਅਣਥੱਕ ਮਿਹਨਤ ਕਰਨ ਵਾਲੇ ਆਪਣੇ ਸਮਰਥਕਾਂ, ਵਲੰਟੀਅਰਾਂ ਅਤੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਈਚਾਰੇ ਦਾ ਹੁੰਗਾਰਾ ਬਹੁਤ ਹੀ ਵਧੀਆ ਅਤੇ ਉਤਸ਼ਾਹਜਨਕ ਹੈ। ਉਹ ਸਾਰੇ ਪਾਰਟੀ ਵਰਕਰਾਂ ਅਤੇ ਉਮੀਦਵਾਰ ਦੇ ਸਾਰੇ ਦਾਅਵੇਦਾਰਾਂ ਦੀ ਬਹੁਤ ਇੱਜ਼ਤ ਕਰਦੇ ਹਨ ਅਤੇ ਉਹਨਾਂ ਨੂੰ ਪੂਰੇ ਮਾਨ ਸਨਮਾਨ ਸਮੇਤ ਨਾਲ ਲੈ ਕੇ ਚੱਲਣਗੇ।

ਰਾਜਬੀਰ ਢਿੱਲੋਂ ਦੇ ਪਾਰਟੀ ਉਮੀਦਵਾਰ ਬਣਨ ‘ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਜਸਦੀਪ ਸਿੱਧੂ, ਰਿਕੀ ਬਾਜਵਾ, ਸੰਦੀਪ ਤੂਰ, ਇਕਬਾਲ ਸੰਧੂ, ਜਗਦੀਪ ਸੰਧੂ, ਬੂਟਾ ਬਰਾੜ, ਜਸਪਾਲ ਥਿੰਦ, ਜੱਗੀ ਜੌਹਲ, ਅਮਰੀਕ ਸਿੱਧੂ, ਕਮਲਦੀਪ ਸਿੰਘ ਮਾਨ, ਰਾਜਬੀਰ ਬਾਜਵਾ ਆਦਿ ਨੇ ਕਿਹਾ ਕਿ ਰਾਜਵੀਰ ਢਿੱਲੋਂ ਇੱਕ ਪੜ੍ਹੇ ਲਿਖੇ ਸੰਵੇਦਨਸ਼ੀਲ ਅਤੇ ਨਿਮਰ ਸੁਭਾਅ ਦੇ ਨਾਲ ਨਾਲ ਇੱਕ ਮਾਹਿਰ ਵਕੀਲ ਹੋਣ ਕਾਰਨ ਬਹੁਤ ਸਾਰਾ ਤਜਰਬਾ ਵੀ ਰੱਖਦੇ ਹਨ। ਜੇਕਰ ਉਹ ਪਾਰਲੀਮੈਂਟ ਚੋਣਾਂ ਵਿੱਚ ਜੇਤੂ ਹੁੰਦੇ ਹਨ ਤਾਂ ਉਹਨਾਂ ਦਾ ਤਜਰਬਾ ਸਮਾਜ ਤੇ ਭਾਈਚਾਰੇ ਦੀ ਬੇਹਤਰੀ ਲਈ ਲਾਹੇਵੰਦ ਹੋਵੇਗਾ।

# ਸਰੀ ਦੇ ਚੱਕ ਬੇਲੀ ਰਿਕਰੇਸ਼ਨ ਸੈਂਟਰ ਦੇ ਵਿਸਤਾਰ ਲਈ ਨਵੀਂ ਪੇਸ਼ਕਸ਼

### ਸਰੀਂ ਕੌਂਸਲ ਨੇ 4,55,000 ਡਾਲਰ ‘ਚ ਪ੍ਰਬੰਧਕੀ ਸੇਵਾਵਾਂ ਲਈ ਠੇਕਾ ਦੇ ਦਿੱਤਾ



**ਸਰੀ, (ਏਕਜੋਤ ਸਿੰਘ):** ਸ਼ਹਿਰ ਦੇ ਚੱਕ ਬੇਲੀ ਰਿਕਰੇਸ਼ਨ ਸੈਂਟਰ ਦੇ ਵਿਸਤਾਰਕਾਰੀ ਯੋਜਨਾਵਾਂ ਨੂੰ ਲਗਭਗ ਤਿੰਨ ਸਾਲ ਬਾਅਦ ਇੱਕ ਨਵੀਂ ਦਿਸ਼ਾ ਮਿਲੀ ਹੈ। ਜੁਲਾਈ 2022 ਵਿੱਚ ਇੱਕ ਓਪਨ ਹਾਊਸ ਦੌਰਾਨ ਇਹ ਵਿਸਤਾਰ ਯੋਜਨਾ ਜਨਤਕ ਕੀਤੀ ਗਈ ਸੀ, ਪਰ ਹੁਣ ਜਾ ਕੇ ਸ਼ਹਿਰ ਦੀ ਕੌਂਸਲ ਨੇ CorePM ਨੂੰ 4,55,000 ਡਾਲਰ ਦੀ ਪ੍ਰਬੰਧਕੀ ਸੇਵਾਵਾਂ ਲਈ ਠੇਕਾ ਦੇ ਦਿੱਤਾ ਹੈ। ਇਹ ਪ੍ਰੋਜੈਕਟ ਮੂਲ ਤੌਰ 'ਤੇ 2023 ਦੀ ਬਸੰਤ ਵਿੱਚ ਸ਼ੁਰੂ ਹੋਣ ਅਤੇ 2024 ਤੱਕ ਪੂਰਾ ਹੋਣ ਦੀ ਉਮੀਦ ਸੀ, ਪਰ ਹੁਣ ਇਹ ਲਗਭਗ ਦੋ ਸਾਲ ਦੀ ਦੇਰੀ ਨਾਲ ਚੱਲ ਰਿਹਾ ਹੈ। ਮਾਰਚ 10 ਨੂੰ ਪੇਸ਼ ਕੀਤੀ ਗਈ ਇੱਕ ਰਿਪੋਰਟ ਮੁਤਾਬਕ, ਇਹ ਪ੍ਰੋਜੈਕਟ ਇਸ ਵੇਲੇ "ਪਰਕਿਊਰਮੈਂਟ ਮੰਚ" 'ਚ ਹੈ, ਜਿਸਦਾ ਅਰਥ ਹੈ ਕਿ ਨਵਾਂ ਠੇਕੇਦਾਰ ਇਸ ਬਸੰਤ 'ਚ ਚੁਣਿਆ ਜਾਵੇਗਾ ਅਤੇ ਕੰਸਟਰਕਸ਼ਨ ਇਸ ਸ਼ਰਦ ਰੁੱਤ 'ਚ ਸ਼ੁਰੂ ਹੋਵੇਗਾ।

ਵਿਸਤਾਰ ਯੋਜਨਾ ਮੁਤਾਬਕ, 107ਅ ਐਵੇਨਿਊ 'ਤੇ ਮੌਜੂਦ ਵੈਲੀ ਰਿਕਰੇਸ਼ਨ ਸੈਂਟਰ ਵਿੱਚ ਕਈ ਨਵੇਂ ਫੈਸਲਿਟੀਆਂ ਜੋੜੀਆਂ ਜਾਣਗੀਆਂ। ਇਨ੍ਹਾਂ ਵਿੱਚ ਦੂਜਾ ਜਿਮਨੇਜ਼ੀਅਮ (ਇੱਕ ਹੋਰ ਵੱਡਾ ਕਸਰਤ ਹਾਲ), ਨਵਾਂ ਫਿਟਨੈੱਸ ਸੈਂਟਰ ਲਰਨਿੰਗ ਕਿਚਨ (ਵਿਦਿਆਰਥੀਆਂ ਲਈ ਖਾਣਾ ਬਣਾਉਣ ਦੇ ਸੰਦ), ਮੇਕਰ ਸਪੇਸ (ਨਵੀਨਤਾ ਅਤੇ ਤਕਨੀਕੀ ਵਿਕਾਸ ਲਈ ਥਾਂ), ਵੱਡੀਆਂ ਅਤੇ ਛੋਟੀਆਂ ਮਲਟੀ-ਪਰਪਜ਼ ਥਾਵਾਂ, ਬੱਚਿਆਂ ਦੀ ਦੇਖਭਾਲ ਲਈ ਨਵੀਆਂ ਥਾਵਾਂ ਸ਼ਾਮਲ ਹੋਣਗੀਆਂ। ਇਸ ਤੋਂ ਇਲਾਵਾ, ਨਵਾਂ "ਐਂਟਰੀ ਪਲਾਜ਼ਾ," ਇੱਕ ਕਮਿਊਨਟੀ ਗਾਰਡਨ, ਅਤੇ ਇੱਕ ਵੱਡਾ ਲਾਨ (ਘਰਓਨਦ ਲ਼ਓਨ) ਵੀ ਤਿਆਰ ਕੀਤਾ ਜਾਵੇਗਾ, ਜੋ ਕਈ ਸਮਾਜਿਕ ਅਤੇ ਸਿੱਖਿਆਕਾਰੀ ਗਤੀਵਿਧੀਆਂ ਲਈ ਵਰਤਿਆ ਜਾਵੇਗਾ। 2022 ਵਿੱਚ ਜਦੋਂ ਇਹ ਨਵੇਂ ਡਿਜ਼ਾਈਨ ਪੇਸ਼ ਕੀਤੇ ਗਏ, ਤਾਂ ਇਸ ਪ੍ਰੋਜੈਕਟ ਦਾ ਨਾਂ "ਸਿਟੀ ਸੈਂਟਰ ਸਪੋਰਟਸ ਕੰਪਲੈਕਸ" ਨਹੀਂ ਰੱਖਿਆ ਗਿਆ। ਇੱਕ ਮਹੱਤਵਪੂਰਨ ਤਬਦੀਲੀ ਇਹ ਵੀ ਰਹੀ ਕਿ ਇਸ ਵਿਸਤਾਰ ਵਿੱਚ ਕੋਈ ਨਵਾਂ ਇਨਡੋਰ ਤਰਨ ਤਲਾਬ ਸ਼ਾਮਲ ਨਹੀਂ ਹੋਵੇਗਾ, ਕਿਉਂਕਿ ਮੂਲ 40 ਮਿਲੀਅਨ ਡਾਲਰ ਦੇ ਬਜਟ ਵਿੱਚ ਇਸਦੀ ਇਜਾਜ਼ਤ ਨਹੀਂ ਸੀ। ਪ੍ਰੋਜੈਕਟ ਦੇ ਤਹਿਤ, ਮੌਜੂਦਾ ਚੱਕ ਬੇਲੀ ਰਿਕਰੇਸ਼ਨ ਸੈਂਟਰ 70,000 ਵਰਗ ਫੁੱਟ ਤਕ ਵਿਸਤਾਰਿਤ ਹੋਵੇਗਾ, ਜਿਸ ਨਾਲ ਇਹ ਆਪਣੀ ਮੌਜੂਦਾ ਆਕਾਰ ਤੋਂ ਲਗਭਗ ਦੂਣਾ ਹੋ ਜਾਵੇਗਾ। ਨਵਾਂ ਹਿੱਸਾ ਮੌਜੂਦਾ ਢਾਂਚੇ ਦੇ ਪੱਛਮ ਪਾਸੇ ਬਣਾਇਆ ਜਾਵੇਗਾ, ਜੋ ਸਕਾਈਟ੍ਰੇਨ ਲਾਈਨ ਵਲ ਤਨਾਵੇਗਾ। This report was written by Ekjot Singh as part of the Local Journalism Initiative.

# ਲੈਂਗਲੀ ’ਚ ਟ੍ਰੈਫਿਕ ਚੈਕਿੰਗ ਦੌਰਾਨ ਨਸ਼ੀਲੀਆਂ ਦਵਾਈਆਂ ਦੀ ਵੱਡੀ ਖੇਪ ਜ਼ਬਤ, ਦੋ ਵਿਅਕਤੀ ਗ੍ਰਿਫ਼ਤਾਰ

**ਸਰੀ, (ਏਕਜੋਤ ਸਿੰਘ):** ਮੇਪਲ ਰਿਜ਼ ਦੇ ਦੋ ਵਿਅਕਤੀਆਂ ਨੂੰ ਲੈਂਗਲੀ 'ਚ ਇੱਕ ਟ੍ਰੈਫਿਕ ਚੈਕਿੰਗ ਦੌਰਾਨ ਗ੍ਰਿਫ਼ਤਾਰ ਕਰ ਲਿਆ ਅਤੇ ਇਸ ਦੌਰਾਨ ਪੁਲਿਸ ਨੇ $1.5 ਲੱਖ ਦੀ ਕੀਮਤ ਦੇ ਨਸ਼ੀਲੇ ਪਦਾਰਥ, ਨਕਦੀ ਅਤੇ ਇੱਕ ਲਗਜ਼ਰੀ ਵਾਹਨ ਬਰਾਮਦ ਕੀਤਾ।




ਜਾਣਕਾਰੀ ਅਨੁਸਾਰ ਇਹ ਘਟਨਾ 13 ਮਾਰਚ ਸ਼ਾਮ 4 ਵਜੇ 66ਟਹ ਐਵੇਨਿਊ ਦੇ 20200-ਬਲਾਕ 'ਚ ਵਾਪਰੀ। ਲੈਂਗਲੀ ਆਰ.ਸੀ.ਐਮ.ਪੀ. ਦੀ ਵਿਸ਼ੇਸ਼ ਟੀਮ ਨੇ ਮੈਟਰੋ ਵੈਨਕੂਵਰ ਟ੍ਰਾਂਜਟਿ ਪੁਲਿਸ ਦੀ ਸਹਾਇਤਾ ਨਾਲ ਇੱਕ ਸ਼ੱਕੀ ਵਾਹਨ ਨੂੰ ਚੈਕ ਕੀਤਾ।

ਇਕ ਗਵਾਹ, ਜਿਸ ਨੇ ਆਪਣੀ ਪਛਾਣ ਜਾਹਿਰ ਨਾ ਕਰਨ ਦੀ ਮੰਗ ਕੀਤੀ, ਨੇ ਦੱਸਿਆ ਕਿ ਇਲਾਕੇ 'ਚ ਭਾਰੀ ਪੁਲਿਸ ਮੌਜੂਦਗੀ ਦਿਖਾਈ ਦਿੱਤੀ। “ਮੈਂ ਜਦ ਵਾਲਮਾਰਟ ਦੀ ਪਾਰਕਿੰਗ ਲੌਟ ਤੋਂ 202 ਗਲੀ ਵਲ ਮੋੜਿਆ, ਤਾਂ 66ਟਹ ਐਵੇਨਿਊ 'ਚ ਇੱਕ ਰਿਹਾਇਸ਼ੀ ਕੰਪਲੈਕਸ ਦੇ ਦਰਵਾਜ਼ੇ 'ਤੇ 6-8 ਪੁਲਿਸ ਵਾਹਨ ਖੜ੍ਹੇ ਹੋਏ ਦੇਖੇ। ਉਨ੍ਹਾਂ ਨੇ ਇੱਕ ਵਿਅਕਤੀ ਨੂੰ ਹਿਰਾਸਤ 'ਚ ਲੈਂਦੇ ਅਤੇ ਇੱਕ ਸੁਸਪੈਕਟ ਗ੍ਰੇ ਰੰਗੀ ਕਾਰ ਨੂੰ ਖੁੱਲ੍ਹੇ ਦਰਵਾਜ਼ਿਆਂ ਅਤੇ ਟਰੰਕ ਨਾਲ ਦੇਖਿਆ।

ਪੁਲਿਸ ਮੁਤਾਬਕ, ਜਦੋਂ ਸ਼ੱਕੀ ਚਾਲਕ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਭਜਣ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਿਹਾ। ਦੋ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ। ਇਸ ਕਾਰਵਾਈ ਦੌਰਾਨ, ਪੁਲਿਸ ਨੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਜਿਨ੍ਹਾਂ ‘ਚ 8 ਕਿਲੋਗ੍ਰਾਮ ਕੈਨੇਬਿਸ, 700 ਗ੍ਰਾਮ ਫੈਂਟੇਨਿਲ, 300 ਗ੍ਰਾਮ ਕੋਕੇਨ, 500 ਤੋਂ ਵੱਧ ਗੋਲੀਆਂ, $3,000 ਨਕਦ, 2022 ਮਾਡਲ ਮਰਸਡੀਜ਼ ਦੀ ਕਾਰ ਜ਼ਬਤ ਕੀਤੀ ਹੈ। This report was written by Ekjot Singh as part of the Local Journalism Initiative.

Guru Nanak’s Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ ‘ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ ‘ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ ‘ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ‘ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਕੈਲਗਰੀ ਦੇ ਨੇੜਲੇ ਸ਼ਹਿਰ ਕੋਕਰੇਨ ਦੇ ਹਾਈ ਸਕੂਲ ਦੀ ਛੱਤ 'ਤੇ ਲੱਗੀ ਅੱਗ



ਕੈ.ਲਗਰੀ : ਕੋਕਰੇਨ—ਬੌ-ਵੈਲੀ ਹਾਈ ਸਕੂਲ ਵਿੱਚ ਬੁੱਧਵਾਰ ਸਵੇਰੇ ਅਚਾਨਕ ਅੱਗ ਲੱਗਣ ਕਾਰਨ ਵਿਦਿਆਰਥੀਆਂ ਨੂੰ ਕੁਝ ਸਮੇਂ ਲਈ ਕਲਾਸ ਤੋਂ ਬਾਹਰ ਰਹਿਣਾ ਪਿਆ। ਟਾਊਨ ਆਫ਼ ਕੋਕਰੇਨ ਮੁਤਾਬਕ, ਇਹ ਅੱਗ ਸਕੂਲ ਦੀ ਛੱਤ 'ਤੇ ਚੱਲ ਰਹੀ ਉਸਾਰੀ ਦੇ ਕੰਮ ਦੌਰਾਨ ਲੱਗੀ। ਇਸ ਘਟਨਾ ਤੋਂ ਬਾਅਦ ਤੁਰੰਤ ਐਮਰਜੈਂਸੀ ਟੀਮਾਂ ਨੇ ਕਾਰਵਾਈ ਕੀਤੀ ਅਤੇ ਅੱਗ ‘ਤੇ ਕਾਬੂ ਪਾਇਆ।

ਕੋਕਰੇਨ ਫ਼ਾਇਰ ਸਰਵਿਸੇਜ਼ ਮੁਤਾਬਕ, ਸਵੇਰੇ ਲਗਭਗ 10:30 ਵਜੇ ਕਈ 911 ਕਾਲਾਂ ਮਿਲਣ ਤੋਂ ਬਾਅਦ ਅੱਗ ਬੁਝਾਉਣ ਲਈ ਟੀਮ ਮੌਕੇ 'ਤੇ ਪਹੁੰਚੀ। ਫ਼ਾਇਰ ਚੀਫ਼ ਸ਼ੌਨ ਪੋਲੀ ਮੁਤਾਬਕ, "ਜਦੋਂ ਅਸੀਂ ਪਹੁੰਚੇ, ਤਾਂ ਉੱਥੇ ਕੋਈ ਧੂੰਆਂ ਨਹੀਂ ਸੀ। ਲਗਦਾ ਸੀ ਕਿ ਠੇਕੇਦਾਰ ਛੱਤ 'ਤੇ ਕੰਮ ਕਰ ਰਹੇ ਸਨ ਪਰ ਅਚਾਨਕ ਉਥੇ ਅੱਗ ਵਧ ਗਈ ਅਤੇ ਧੂੰਆ ਅਸਮਾਨੀ ਚੜ੍ਹਨ ਲੱਗਾ”

ਠੇਕੇਦਾਰਾਂ ਨੇ ਆਪਣੇ ਉਪਕਰਣਾਂ ਦੀ ਵਰਤੋਂ ਕਰਕੇ ਅੱਗ ਨੂੰ ਨਿਯੰਤਰਣ 'ਚ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਫ਼ਾਇਰ ਸਰਵਿਸ ਦੀ ਟੀਮ ਨੇ ਪਹੁੰਚ ਕੇ ਪੂਰੀ ਤਰੀਕੇ ਨਾਲ ਅੱਗ ਨੂੰ ਬੁਝਾ ਦਿੱਤਾ।

ਅੱਗ ਲੱਗਣ ਦੇ ਤੁਰੰਤ ਬਾਅਦ ਵਿਦਿਆਰਥੀਆਂ ਨੂੰ ਸਕੂਲ ਦੇ ਮੈਦਾਨ ਵਿੱਚ ਇਕੱਠਾ ਕਰ ਲਿਆ ਗਿਆ ਸੀ ਜਿਸ ਕਾਰਨ ਕੋਈ ਅਣ-ਸੁਖਾਵੀਂ ਘਟਨਾ ਵਾਪਰਨ ਤੋਂ ਬਚਾ ਹੋ ਗਿਆ।

ਲਗਭਗ 30 ਮਿੰਟ ਤੱਕ ਅੱਗ ਬੁਝਾਉਣ ਦੀ ਪ੍ਰਕਿਰਿਆ ਚੱਲੀ ਅਤੇ ਇਲਾਕੇ ਦੀ ਜਾਂਚ ਕੀਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਮੁਤਾਬਕ, ਅੱਗ ਕਾਰਨ ਕੋਈ ਵੱਡਾ ਨੁਕਸਾਨ ਨਹੀਂ ਹੋਇਆ ਅਤੇ ਸਾਰੀ ਇਮਾਰਤ ਨੂੰ ਸੁਰੱਖਿਅਤ ਐਲਾਨ ਦਿੱਤਾ ਗਿਆ।

ਅੱਗ ਦੇ ਕਾਰਨ ਬਾਰੇ ਪੁਸ਼ਟੀਕਰਨ ਹੁਣ ਤੱਕ ਨਹੀਂ ਹੋਇਆ, ਪਰ ਅਧਿਕਾਰੀਆਂ ਨੇ ਯਕੀਨ ਦਿਵਾਇਆ ਹੈ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਹੁਣ ਕੋਈ ਖਤਰਾ ਨਹੀਂ ਹੈ।

# ਕੈਲਗਰੀ ’ਚ ਡੋਨਲਡ ਟਰੰਪ ਖਿਲਾਫ਼ ਲੱਗ ਰਹੇ ਵਿਵਾਦਤ ਪੋਸਟਰ ਬਣੇ ਚਰਚਾ ਦਾ ਵਿਸ਼ਾ




ਕੈ.ਲਗਰੀ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿੰਦਾ ਕਰਦੇ ਹੋਏ ਲੱਗੇ ਵਿਵਾਦਤ ਪੋਸਟਰ ਕੈਲਗਰੀ ਦੇ ਬੱਸ ਸ਼ੈਲਟਰ ‘ਤੇ ਲੱਗਣ ਨਾਲ ਚਰਚਾ ਦਾ ਵਿਸ਼ਾ ਬਣ ਗਿਆ ਹੈ। ਬੁੱਧਵਾਰ ਨੂੰ ਬੈਲਟਲਾਈਨ ਇਲਾਕੇ ਵਿੱਚ 1 ਸਟਰੀਟ ਸ਼ਾਂ ਉੱਤੇ ਇੱਕ ਬੱਸ ਸ਼ੈਲਟਰ ‘ਤੇ ਇਹ ਪੋਸਟਰ ਲੱਗੇ ਹਨ। ਇਸ ‘ਤੇ “Not Wanted, Conivcted Felon” (ਭਾਲ ਨਹੀਂ, ਦੋਸ਼ੀ ਅਪਰਾਧੀ) ਲਿਖਿਆ ਹੋਇਆ ਸੀ। ਇਸ ਪੋਸਟਰ ‘ਤੇ ਟਰੰਪ ਦੀ ਤਸਵੀਰ ਨਾਲ ਨਾਲ ਉਹਨਾਂ ਦੇ ਵੱਖ-ਵੱਖ ਉਪਨਾਮ ਵੀ ਲਿਖੇ ਹੋਏ ਸਨ ਜਿਸ ‘ਚ ਟਰੰਪ ਨੂੰ "Cheeto Benito" "Putin’s Puppet" "Diaper Don" ਨਾਮ ਲੈ ਕੇ ਪੁਕਾਰਨ ਬਾਰੇ ਲਿਖਿਆ ਹੋਇਆ ਹੈ।

ਇਸਦੇ ਨਾਲ ਹੀ, ਪੋਸਟਰ ‘ਤੇ ਇਹ ਦਾਅਵਾ ਵੀ ਕੀਤਾ ਗਿਆ ਕਿ ਟਰੰਪ ਹਥਿਆਰਬੰਦ ਅਤੇ ਖਤਰਨਾਕ ਹੈ, ਕਿਉਂਕਿ ਉਹ ਕੈਨੇਡਾ ‘ਤੇ ਹਮਲੇ ਅਤੇ ਤਣਾਅ ਪੈਦਾ ਕਰਨ ਦੀਆਂ ਧਮਕੀਆਂ ਦਿੰਦੇ ਆ ਰਿਹਾ ਹੈ। ਪੋਸਟਰ ਵਿੱਚ ਟਰੰਪ ਵੱਲੋਂ ਕੈਨੇਡਾ ‘ਤੇ ਲਾਏ ਗਏ ਵਪਾਰਕ ਪਾਬੰਦੀਆਂ ਦੀ ਵੀ ਉਲਲੇਖ ਕਰਦੇ ਲਿਖਿਆ ਗਿਆ ਹੈ ਕਿ ਟਰੰਪ ਨੇ ਕੈਨੇਡੀਅਨ ਉਤਪਾਦਾਂ ‘ਤੇ 25% ਟੈਕਸ ਲਗਾ ਕੇ ਵਪਾਰਕ ਜੰਗ ਦੀ ਸ਼ੁਰੂਆਤ ਕੀਤੀ । ਇਸ ਤੋਂ ਇਲਾਵਾ, ਉਨ੍ਹਾਂ ਨੇ ਕੈਨੇਡਾ ‘ਤੇ ਦਬਾਅ ਪਾਉਣ ਅਤੇ ਇਸਨੂੰ 51ਵੀਂ ਅਮਰੀਕੀ ਰਾਜ ਬਣਾਉਣ ਦੀਆਂ ਧਮਕੀਆਂ ਵੀ ਦਿੱਤੀਆਂ।

# ਕੈਨੇਡਾ ਦੇ ਔਟਵਾ ਸ਼ਹਿਰ ’ਚ ਟਿਮ ਹੋਰਟਨ ਦੀ ਆਈਸ ਕੌਫ਼ੀ ’ਚੋਂ ਨਿਕਲਿਆ ਕਾਕਰੋਚ




ਔਟਵਾ (ਏਕਜੋਤ ਸਿੰਘ): ਮਾਰਖਮ ਸ਼ਹਿਰ ਦੀ ਰਹਿਣ ਵਾਲੀ ਸੁਭਾਨਾ ਪੀਰਾ ਵਲੋਂ ਦਾਅਵਾ ਕੀਤਾ ਹੈ ਕਿ ਸ਼ਚਓਰਬੋਰੋਗਹ ਦੇ ਗੋਲਡਨ ਮਾਈਲ ਵਿਚਲੇ ਟਿਮ ਹੋਰਟਨ ‘ਚ ਉਸਦੀ ਆਈਸਡ ਕਾਫੀ ‘ਚੋਂ ਕਾਕਰੌਚ ਨਿਕਲਿਆ ਜਿਸ ਦੀਆਂ ਤਸਵੀਰਾਂ ਉਸ ਨੇ ਸ਼ੋਸ਼ਲ ਮੀਡੀਆ ‘ਤੇ ਵੀ ਸਾਂਝੀਆਂ ਕੀਤੀ ਹਨ। ਸ਼ਿਕਾਇਤ ਕਰਨ ‘ਤੇ ਕੰਪਨੀ ਵੱਲੋਂ ਉਸ ਨੂੰ ਕੋਈ ਜਵਾਬ ਨਾ ਦਿੱਤਾ ਗਿਆ ਜਿਸ ਤੋਂ ਬਾਅਦ ਉਸ ਨੇ ਹੁਣ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਹੈ। ਸੁਭਾਨਾ ਪੀਰਾ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਆਪਣੇ ਛੇ ਦੋਸਤਾਂ ਨਾਲ 4 ਲੇਬੋਵਿਕ ਐਵੇਨਿਊ, ਸਕਾਰਬਰੋ ਵਿਖੇ ਟਿਮ ਹੋਰਟਨਸ ‘ਚ ਗਈ ਸੀ ਉਨ੍ਹਾਂ ਨੇ ਚਾਰ ਆਈਟਮਾਂ ਮੰਗਵਾਈਆਂ, ਜਿਨ੍ਹਾਂ ਵਿਚੋਂ ਤਿੰਨ ਉਹ ਖਾ-ਪੀ ਚੁੱਕੇ ਸਨ, ਪਰ ਚੌਥੀ ਵਿੱਚ ਉਂਗਲੀ ਜਿੰਨਾ ਵੱਡਾ ਕਾਕਰੌਚ ਨਿਕਲਿਆ।

ਸੁਭਾਨਾ ਨੇ ਦੱਸਿਆ ਕਿ ਉਹ ਨਰਸਿੰਗ ਵਿਦਿਆਰਥਣ ਹੈ ਅਤੇ ਇਸ ਘਟਨਾ ਤੋਂ ਬਾਅਦ ਉਸ ਦੇ ਦੋਸਤ, ਜਿਨ੍ਹਾਂ ਨੇ ਇਹ ਕੌਫੀ ਪੀਤੀ, ਤੁਰੰਤ ਉਲਟੀ ਕਰਨ ਲਈ ਵਾਸ਼ਰੂਮ ਨੂੰ ਦੌੜੇ ਜਿਸ ਤੋਂ ਬਾਅਦ ਉਹ ਇਹ ਗੱਲ ਪੂਰੇ ਰੈਸਟੋਰੈਂਟ ‘ਚ ਫੈਲ ਗਈ ਅਤੇ ਕਈ ਲੋਕ ਉਲਟੀਆਂ ਅਤੇ ਡਾਇਰੀਆ ਦਾ ਸ਼ਿਕਾਰ ਹੋਏ।

ਪੀਰਾ ਨੇ ਆਪਣੇ ਬਾਕੀ ਦੇ ਆਰਡਰ ਕੈਂਸਲ ਕਰਵਾ ਕੇ ਰੀਫੰਡ ਵਾਪਸ ਲਿਆ। ਦੂਜੇ ਪਾਸੇ ਇੱਕ ਵੀਡੀਓ ਸਥਾਨਕ ਕਰਮਚਾਰੀ, ਜੋ ਖੁਦ ਨੂੰ ਸੂਪਰਵਾਈਜ਼ਰ ਦੱਸ ਰਿਹਾ ਸੀ, ਨੇ ਕਿਹਾ ਕਿ "ਕਦੇ-ਕਦੇ ਕਾਕਰੌਚ ਆਈਸ ਕਾਫੀ ਪੈਕਟ ਵਿੱਚ ਆ ਜਾਂਦੇ ਹਨ ਅਤੇ, ਇਹ ਅਕਸ ਹੁੰਦਾ ਰਹਿੰਦਾ ਹੈ। ਸਾਨੂੰ ਪੈਕ ਕੀਤੀ ਹੋਈਆਂ ਚੀਜ਼ਾਂ ਵਿੱਚ ਕੀ ਆਉਂਦਾ, ਇਸ ਉੱਤੇ ਸਾਡਾ ਕੰਟਰੋਲ ਨਹੀਂ ਹੁੰਦਾ” ਪੀਰਾ ਨੇ ਦੱਸਿਆ ਕਿ ਜਦੋਂ ਉਸ ਨੇ ਹੈੱਡ ਆਫਿਸ ਨਾਲ ਗੱਲ ਕੀਤੀ ਤਾਂ ਉਨ੍ਹਾਂ ਅੱਗੋ ਇਸ ਗੱਲ ਨੂੰ ਦਬਾਉਣ ਲਈ $50 ਦੀ ਗਿਫ਼ਟ ਕਾਰਡ ਦੇਣ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਨੇ ਠੁਕਰਾ ਦਿੱਤੀ। ਪੀਰਾ ਨੇ ਕਿਹਾ ਅੱਜ ਤੋਂ ਬਾਅਦ ਉਹ ਕਦੇ ਟਿਮ ਹਾਰਟਨ ਨਹੀਂ ਜਾਵੇਗੀ। This report was written by Ekjot Singh as part of the Local Journalism Initiative.

# ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਕਾਰਬਨ ਟੈਕਸ ਹਟਾਉਣਾ ਕੋਈ ਬਹੁਤੀ ਹੈਰਾਨੀ ਵਾਲਾ ਫੈਸਲਾ ਨਹੀਂ : ਡੈਨੀਅਲ ਸਮਿਥ



ਕੈਲਗਰੀ, (ਏਕਜੋਤ ਸਿੰਘ): ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿਥ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਕਾਰਬਨ ਟੈਕਸ ਹਟਾਉਣ ਦੇ ਫੈਸਲੇ ‘ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕਾਰਬਨ ਟੈਕਸ ਨੂੰ ਖ਼ਤਮ ਕਰਨ ਨਾਲ ਉਨ੍ਹਾਂ ਨੂੰ ਕੋਈ ਬਹੁਤੀ ਹੈਰਾਨੀ ਨਹੀਂ ਹੋਈ। ਸਮਿਥ ਨੇ ਕਿਹਾ ਕਿ ਨਵੀਂ ਫੈਡਰਲ ਸਰਕਾਰ ਦੀ ਅਸਲ ਪਰਖ ਤਾਂ ਉਦੋਂ ਹੋਣੀ ਹੈ ਜਦੋਂ ਵੱਡੇ ਉਦਯੋਗਕਾਰੀਆਂ ‘ਤੇ ਇਹ ਕਾਰਬਨ ਟੈਕਸ ਦੇ ਰੂਪ ਵਿੱਚ ਰਹਿਣ ਵਾਲਾ ਹੈ।

ਡੈਨੀਅਲ ਸਮਿਥ ਨੇ ਕਿਹਾ “ਹਰ ਵਾਰ ਜਦੋਂ ਮੈਂ ਨਵੇਂ ਪ੍ਰਧਾਨ ਮੰਤਰੀ ਨੂੰ ਬੋਲਦੇ ਸੁਣਿਆ, ਉਹ ਕਹਿੰਦੇ ਹਨ ਕਿ ਉਦਯੋਗਕਾਰੀਆਂ ‘ਤੇ ਟੈਕਸ ਜ਼ਿਆਦਾ ਹੋਣਾ ਚਾਹੀਦਾ ਹੈ ਅਤੇ ਇਹ ਅਲਬਰਟਾ ਲਈ ਫਾਇਦੇਮੰਦ ਨਹੀਂ ਹੋਵੇਗਾ, ਜੇਕਰ ਕਾਰਬਨ ਟੈਕਸ ਖਤਮ ਕਰਕੇ ਸਾਰਾ ਬੋਝ ਉਦਯੋਗਕਾਰੀਆਂ ‘ਤੇ ਪਾਉਣਾ ਹੈ ਤਾਂ ਇਹ ਸਗੋਂ ਹੋਰ ਦੁਖਤ ਫੈਸਲਾ ਹੈ।” ਜ਼ਿਕਰਯੋਗ ਹੈ ਕਿ ਕਾਰਨੀ ਨੇ ਸ਼ੁੱਕਰਵਾਰ ਨੂੰ ਆਪਣੀ ਕਾਰਜਕਾਲ ਦੀ ਸ਼ੁਰੂਆਤ ਕਰਨ ਤੋਂ ਕੁਝ ਘੰਟਿਆਂ ਬਾਅਦ ਹੀ ਇੱਕ ਓਰਡਰ-ਇਨ-ਕਾਊਂਸਲ ਜਾਰੀ ਕਰਕੇ ਉਪਭੋਗਤਾ ਕਾਰਬਨ ਟੈਕਸ ਨੂੰ ਖ਼ਤਮ ਕਰ ਦਿੱਤਾ। ਉਨ੍ਹਾਂ ਇਹ ਕਦਮ ਆਪਣੀ ਚੋਣ ਮੁਹਿੰਮ ਦੌਰਾਨ ਕੀਤੇ ਵਾਅਦੇ ਅਨੁਸਾਰ ਚੁੱਕਿਆ। ਉਨ੍ਹਾਂ ਇਹ ਵੀ ਕਿਹਾ ਕਿ ਜੋ ਲੋਕ ਕਾਰਬਨ ਟੈਕਸ ਦੇ ਰਿਫੰਡ ਪ੍ਰਾਪਤ ਕਰ ਰਹੇ ਸਨ, ਉਨ੍ਹਾਂ ਨੂੰ ਅਖੀਰੀ ਭੁਗਤਾਨ ਅਪਰੈਲ ਵਿੱਚ ਕੀਤਾ ਜਾਵੇਗਾ। This report was written by Ekjot Singh as part of the Local Journalism Initiative.

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
**TLX** ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ ‘ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

BASEMENT FOR RENT
Two Bedroom Basement Suite to Rent
March 15 or April 1st.
Small Family. 3-4 person!
Utilities included . No laundry)
Call for Rent info :
604-961-4065

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Karamjit Singh Butter
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ.ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ.ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ.ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਫੇਰੀ ਦੇ ਅਨੁਭਵ

**ਵਲੋਂ : ਹਰਜਿੰਦਰਪਾਲ ਸਿੰਘ ਸਮਰਾਲਾ**
**ਸੰਪਰਕ: 98141-99337**

ਪੰਜਾਬ ਵਿੱਚ ਸਾਲ 2024 ਦੇ ਜੇਠ ਹਾੜ੍ਹ ਮਹੀਨੇ ਦੀ ਗਰਮੀ ਕਾਰਨ ਘਰਾਂ ਵਿੱਚ ਪੱਖੇ, ਕੂਲਰ ਅਤੇ ਏ.ਸੀ. ਮਾਰੋ ਮਾਰ ਚੱਲ ਰਹੇ ਸਨ। ਉਸ ਸਮੇਂ ਮੈਂ ਅਤੇ ਮੇਰੀ ਪਤਨੀ ਨੇ ਸੱਤ ਸਮੁੰਦਰੋਂ ਪਾਰ ਬਰੈਂਪਟਨ (ਕੈਨੇਡਾ) ਜਾਣ ਦਾ ਪ੍ਰੋਗਰਾਮ ਬਣਾਇਆ। ਆਪਣੇ ਸ਼ਹਿਰ ਸਮਰਾਲਾ ਤੋਂ ਖੰਨਾ ਪਹੁੰਚੇ। ਖੰਨੇ ਤੋਂ ਦਿੱਲੀ ਏਅਰਪੋਰਟ ਪਹੁੰਚਣ ਲਈ ਇੰਡੋ ਕੈਨੇਡੀਅਨ ਬੱਸ ਰਾਹੀਂ ਸਫ਼ਰ ਕੀਤਾ। ਬੱਸ ਨੇ ਰਾਤ ਦੇ 9 ਵਜੇ ਸਾਨੂੰ ਦਿੱਲੀ ਏਅਰਪੋਰਟ 'ਤੇ ਪਹੁੰਚਾਇਆ। ਤਿੰਨ ਘੰਟੇ ਬਾਅਦ ਰਾਤ 12 ਵਜੇ ਗੇਟ ਤੋਂ ਐਂਟਰੀ ਰਾਹੀਂ ਆਪਣਾ ਸਾਮਾਨ ਜਮ੍ਹਾਂ ਕਰਾ ਕੇ ਟੋਰਾਂਟੋ ਏਅਰਪੋਰਟ ਲਈ ਬੋਰਡਿੰਗ ਪਾਸ ਪ੍ਰਾਪਤ ਕੀਤਾ। ਸਖ਼ਤ ਸਕਿਉਰਿਟੀ ਚੈੱਕ ਤੋਂ ਬਾਅਦ ਮੈਂ ਅਤੇ ਮੇਰੀ ਜੀਵਨ ਸਾਥਣ ਊਸ਼ਾ ਰਾਣੀ ਇੰਦਰਾ ਗਾਂਧੀ ਏਅਰਪੋਰਟ ਦਿੱਲੀ ਅੰਦਰ ਦਾਖ਼ਲ ਹੋਏ। ਅਸੀਂ ਐਮਸਟਰਡਮ (ਨੀਦਰਲੈਂਡਜ਼) ਲਈ ਉਡਾਣ ਭਰਨੀ ਸੀ। ਜਹਾਜ਼ ਨੇ ਸਵੇਰੇ 4.10 'ਤੇ ਉਡਾਣ ਭਰੀ। ਡੱਚ ਏਅਰਲਾਈਨਜ਼ ਦਾ ਜਹਾਜ਼ ਸੀ, ਜਿਸ ਦਾ ਏਅਰਪੋਰਟ ਐਮਸਟਰਡਮ ਉਤਾਰਾ ਸੀ। ਉੱਥੋਂ ਹੋਰ ਹਵਾਈ ਜਹਾਜ਼ ਰਾਹੀਂ ਦੋ ਘੰਟੇ ਬਾਅਦ ਟੋਰਾਂਟੋ ਏਅਰਪੋਰਟ ਲਈ ਚੱਲਣਾ ਸੀ। ਉੱਥੇ ਵੀ ਸਾਰੇ ਮੁਸਾਫ਼ਰਾਂ ਦੀ ਫਿਰ ਸਖ਼ਤ ਚੈਕਿੰਗ ਕੀਤੀ ਗਈ। ਇਸ ਤਰ੍ਹਾਂ ਤਕਰੀਬਨ 7 ਘੰਟੇ ਦੀ ਉਡਾਣ ਤੋਂ ਬਾਅਦ ਜਹਾਜ਼ ਟੋਰਾਂਟੋ ਏਅਰਪੋਰਟ ਉੱਤੇ ਉਤਰਿਆ। ਜਹਾਜ਼ ਰੁਕਦੇ ਹੀ ਇਮੀਗ੍ਰੇਸ਼ਨ ਕੈਨੇਡਾ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਦੇਣ ਤੋਂ ਬਾਅਦ ਕੈਨੇਡਾ ਅਧਿਕਾਰੀਆਂ ਵੱਲੋਂ ਸਵਾਗਤ ਕੀਤਾ ਗਿਆ। ਏਅਰਪੋਰਟ ਤੋਂ ਆਪਣਾ ਸਾਮਾਨ ਲੈ ਕੇ ਅਸੀਂ ਬਾਹਰ ਆਏ ਤਾਂ ਧੀ ਰਾਬੀਆ ਅਤੇ ਨਵਰੋਜ਼ ਸਾਨੂੰ ਲੈਣ ਆਏ ਸਨ। ਨਵਰੋਜ਼ ਆਪਣੀ ਗੱਡੀ ਰਾਹੀਂ ਸਾਨੂੰ ਰਾਬੀਆ ਹੋਰਾਂ ਦੀ ਰਿਹਾਇਸ਼ ਵਿਖੇ ਪਹੁੰਚਾ ਕੇ ਆਪਣੇ ਕੰਮ 'ਤੇ ਚਲਾ ਗਿਆ ਕਿਉਂਕਿ ਉਸ ਦਾ ਸਮੇਂ ਸਿਰ ਪਹੁੰਚਣਾ ਜ਼ਰੂਰੀ ਸੀ। ਲੰਮੇ ਸਫ਼ਰ ਤੋਂ ਬਾਅਦ ਅਸੀਂ ਬਰੈਂਪਟਨ ਆਪਣੇ ਸਥਾਨ 'ਤੇ ਜਸਕੀਰਤ ਸਿੰਘ ਪਾਸ ਪਹੁੰਚ ਗਏ, ਜਿੱਥੇ ਉਨ੍ਹਾਂ ਨੇ ਸਾਡੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ। ਇਉਂ ਕੈਨੇਡਾ ਦੀ ਧਰਤੀ ਬਰੈਂਪਟਨ ਤੋਂ ਸਾਡੀ ਫੇਰੀ ਦੀ ਸ਼ੁਰੂਆਤ ਹੋਈ।

ਕੈਨੇਡਾ ਦਾ ਬਰੈਂਪਟਨ ਸ਼ਹਿਰ ਟੋਰਾਂਟੋ ਏਅਰਪੋਰਟ ਦੇ ਨਜ਼ਦੀਕ ਹੈ। ਸੜਕ ਰਾਹੀਂ ਸੌਖਿਆਂ ਬਰੈਂਪਟਨ ਪਹੁੰਚਿਆ ਜਾ ਸਕਦਾ ਹੈ। ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਅਤੇ ਵਿਦਿਆਰਥੀ ਇੱਥੇ ਰਹਿੰਦੇ ਹਨ ਜੋ ਕਿ ਵੱਖ ਵੱਖ ਵਿਸ਼ਿਆਂ ਦੀ ਪੜ੍ਹਾਈ ਕਰਦੇ ਹਨ ਅਤੇ ਹੁਨਰਮੰਦ ਨੌਜਵਾਨ ਨੌਕਰੀ ਕਰਦੇ ਹਨ। ਹੁਨਰਮੰਦਾਂ ਨੂੰ ਰੁਜ਼ਗਾਰ ਮਿਲ ਹੀ ਜਾਂਦਾ ਹੈ, ਪਰ ਹੁਣ ਰੁਜ਼ਗਾਰ ਦੀ ਸਮੱਸਿਆ ਪੈਦਾ ਹੋ ਗਈ ਹੈ ਜੋ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕਰ ਰਹੀ ਹੈ। ਨੌਜਵਾਨ ਮੁੰਡੇ ਕੁੜੀਆਂ ਵੱਖ ਵੱਖ ਰੈਸਤਰਾਂ, ਵੱਡੇ ਵੱਡੇ ਸ਼ਾਪਿੰਗ ਮਾਲਜ਼ ਵਿੱਚ ਕੰਮ ਕਰਦੇ ਹਨ।

ਬਰੈਂਪਟਨ ਪਾਰਕਾਂ ਦਾ ਸ਼ਹਿਰ ਹੈ। ਹਰੇ ਭਰੇ ਮੈਦਾਨ ਹਨ। ਸ਼ਹਿਰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਸ਼ਹਿਰ ਵਾਸੀ ਆਪਣਾ ਜੀਵਨ ਆਨੰਦਮਈ ਜੀਅ ਸਕਣ। ਪੈਦਲ ਚੱਲਣ ਵਾਲਿਆਂ ਲਈ ਪਾਰਕਾਂ ਨੂੰ ਆਪਸ ਵਿੱਚ ਜੋੜਿਆ ਗਿਆ ਹੈ। ਜੁਲਾਈ-ਅਗਸਤ ਮਹੀਨੇ ਵਿੱਚ ਮੌਸਮ ਸੁਹਾਵਣਾ ਹੁੰਦਾ ਹੈ, ਠੰਢੀਆਂ ਹਵਾਵਾਂ ਚੱਲਦੀਆਂ ਰਹਿੰਦੀਆਂ ਹਨ। ਉੱਥੇ ਕੁਦਰਤੀ ਸਰੋਤਾਂ ਨੂੰ ਉਸੇ ਰੂਪ ਵਿੱਚ ਰੱਖਿਆ ਜਾਂਦਾ ਹੈ ਜਿਸ ਸਥਿਤੀ ਵਿੱਚ ਉਹ ਹੁੰਦੇ ਹਨ। ਜੰਗਲਾਂ ਦੀ ਸੰਭਾਲ ਕੀਤੀ ਗਈ ਹੈ। ਇਸ ਕਰਕੇ ਕੁਦਰਤੀ ਜੀਵ ਜਿਵੇਂ ਖ਼ਰਗੋਸ਼ ਅਤੇ ਗਲਹਿਰੀ ਆਮ ਦੇਖਣ ਨੂੰ ਮਿਲਦੇ ਹਨ। ਪਾਰਕਾਂ ਦੀ ਸਾਂਭ-ਸੰਭਾਲ ਲਈ ਪ੍ਰਸ਼ਾਸਨ ਵੱਲੋਂ ਪ੍ਰਬੰਧ ਕੀਤਾ ਗਿਆ ਹੈ। ਮਸ਼ੀਨਾਂ ਰਾਹੀਂ ਘਾਹ ਦੀ ਕਟਾਈ ਅਤੇ ਸਾਫ਼ ਸਫਾਈ ਕੀਤੀ ਜਾਂਦੀ ਹੈ। ਕੁਦਰਤੀ ਤੌਰ 'ਤੇ ਨੀਵੇਂ ਇਲਾਕਿਆਂ ਵਿੱਚ ਬਣੀਆਂ ਝੀਲਾਂ ਨੂੰ ਸਾਫ਼ ਰੱਖਿਆ ਜਾਂਦਾ ਹੈ। ਸ਼ਹਿਰ ਵਾਸੀ ਉਨ੍ਹਾਂ ਥਾਵਾਂ 'ਤੇ ਸੈਰ ਕਰਦੇ ਤੰਦਰੁਸਤ ਰਹਿੰਦੇ ਹਨ।

ਬਰੈਂਪਟਨ ਦਾ ਡਾਊਨ ਟਾਊਨ ਦੇਖਣ ਯੋਗ ਹੈ। ਪੁਰਾਣੀ ਇਮਾਰਤਸਾਜ਼ੀ ਦਾ ਅਦਭੁਤ ਨਮੂਨਾ ਦੇਖਿਆ ਜਾ ਸਕਦਾ ਹੈ। ਗੇਗ ਪਾਰਕ ਅਤੇ ਸ਼ਹਿਰ ਵਿੱਚ ਬਹੁਤ ਸ਼ਾਂਤ ਮਾਹੌਲ ਹੈ। ਉੱਥੇ ਬਣੀ ਲਾਇਬ੍ਰੇਰੀ ਰਾਤ ਦੇ 9 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ ਜਿੱਥੇ ਦੁਨੀਆ ਦੀਆਂ ਵੱਖ ਵੱਖ ਭਾਸ਼ਾਵਾਂ ਦੀਆਂ ਕਿਤਾਬਾਂ ਮਿਲ ਜਾਂਦੀਆਂ ਹਨ।

ਬਰੈਂਪਟਨ ਸ਼ਹਿਰ ਵਿੱਚ ਸਿੱਖ ਸੰਸਥਾਵਾਂ ਦੇ ਕਈ ਗੁਰਦੁਆਰਾ ਸਾਹਿਬ ਹਨ। ਖਾਲਸਾ ਦਰਬਾਰ ਓਂਟਾਰੀਓ ਵੱਡਾ ਗੁਰਦੁਆਰਾ ਸਾਹਿਬ ਹੈ ਜਿੱਥੇ ਸੰਗਤਾਂ ਕੀਰਤਨ ਸਰਵਣ ਕਰਦੀਆਂ ਹਨ ਅਤੇ ਇੱਥੇ ਗੁਰੂ ਦੇ ਲੰਗਰ ਦੀ ਸੇਵਾ ਨਿਰੰਤਰ ਚੱਲਦੀ ਰਹਿੰਦੀ ਹੈ। ਸਿੱਖ ਇਤਿਹਾਸ ਨਾਲ ਸਬੰਧਿਤ ਲਾਇਬ੍ਰੇਰੀ ਬਣਾਈ ਗਈ ਹੈ, ਜਿੱਥੇ ਕੋਈ ਵੀ ਕਿਤਾਬਾਂ ਪੜ੍ਹ ਅਤੇ ਖਰੀਦ ਸਕਦਾ ਹੈ। ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ। ਹੋਰ ਗੁਰਦੁਆਰਿਆਂ ਵਿੱਚ ਅਸੀਂ ਗੁਰਦੁਆਰਾ ਸਿੰਘ ਸਭਾ, ਗੁਰਦੁਆਰਾ ਸ੍ਰੀ ਗੁਰੂ ਰੈਕਸਡੇਲ ਨਾਨਕ ਮਿਸ਼ਨ, ਗੁਰਦੁਆਰਾ ਸਿੰਘ ਸਭਾ ਮਾਲਟਨ ਦੇ ਦਰਸ਼ਨ ਕੀਤੇ, ਜਿੱਥੇ ਲੋੜਵੰਦਾਂ ਲਈ ਗੁਰੂ ਦੇ ਲੰਗਰ ਦਾ ਪ੍ਰਬੰਧ ਹੈ। ਬਰੈਂਪਟਨ ਤੋਂ ਮਾਰਖਮ ਦੇ ਨਜ਼ਦੀਕ ਗੁਰਦੁਆਰਾ ਸਾਹਿਬ ਸਕਾਰਬਰੋ ਦੇਖਿਆ। ਇੱਥੇ ਵੀ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਪੁੱਜਦੀ ਹੈ।

ਕੈਨੇਡਾ ਖੇਤਰਫਲ ਦੇ ਪੱਖ ਤੋਂ ਵੱਡਾ ਦੇਸ਼ ਹੋਣ ਕਾਰਨ ਬਹੁਤ ਕੁਝ ਦੇਖਣ ਯੋਗ ਹੈ। ਮਨੁੱਖੀ ਸ਼ਕਤੀ ਨਾਲ ਕੈਨੇਡਾ ਨੂੰ ਇੱਕ ਸਿਸਟਮ ਤਹਿਤ ਬਣਾਇਆ ਗਿਆ ਹੈ। ਉੱਥੇ ਕੁਦਰਤੀ ਸਥਾਨ ਵੀ ਦੇਖਣਯੋਗ ਹਨ।

ਟੋਰਾਂਟੋ, ਕੈਨੇਡਾ ਦੇ ਅਤਿ ਸੁੰਦਰ ਸ਼ਹਿਰਾਂ ਵਿੱਚੋਂ ਇੱਕ ਹੈ। ਸੀ.ਐੱਨ. ਟਾਵਰ ਇੱਥੇ ਮਨੁੱਖੀ ਸ਼ਕਤੀ ਨਾਲ ਬਣਾਇਆ ਟਾਵਰ ਹੈ, ਜਿੱਥੇ ਟਿਕਟ ਲੈ ਕੇ ਲਿਫਟ ਰਾਹੀਂ ਜਾਇਆ ਜਾਂਦਾ ਹੈ। ਇਸ ਸਥਾਨ 'ਤੇ ਲਾਈਨ ਵਿੱਚ ਲੱਗ ਕੇ ਟਿਕਟ ਲੈਣੀ ਪੈਂਦੀ ਹੈ ਅਤੇ ਕਾਫ਼ੀ ਭੀੜ ਵੀ ਹੁੰਦੀ ਹੈ। ਟੋਰਾਂਟੋ ਸ਼ਹਿਰ ਵੱਡੀਆਂ ਵੱਡੀਆਂ ਇਮਾਰਤਾਂ ਨਾਲ ਘਿਰਿਆ ਹੋਇਆ ਹੈ। ਇੱਥੋਂ ਦੇ ਸੁੰਦਰ ਇਲਾਕੇ ਨੂੰ ਪੈਦਲ ਚੱਲ ਕੇ ਦੇਖਿਆ ਜਾ ਸਕਦਾ ਹੈ। ਸੜਕਾਂ 'ਤੇ ਪੈਦਲ ਚੱਲਣ ਲਈ ਰਸਤੇ ਬਣਾਏ ਗਏ ਹਨ। ਚੁਰਾਹਿਆਂ ਨੂੰ ਪਾਰ ਕਰਨ ਲਈ ਬਟਨ ਦੱਬ ਕੇ ਆਸਾਨੀ ਨਾਲ ਲੰਘਿਆ ਜਾ ਸਕਦਾ ਹੈ ਕਿਉਂਕਿ ਸਾਰਾ ਟ੍ਰੈਫਿਕ ਰੁਕ ਜਾਂਦਾ ਹੈ। ਸ਼ਾਮ ਨੂੰ ਮੇਲੇ ਜਿਹੇ ਮਾਹੌਲ ਵਿੱਚ ਕਲਾ ਦੀਆਂ ਵੱਖ ਵੱਖ ਵੰਨਗੀਆਂ ਦੇਖੀਆਂ ਜਾ ਸਕਦੀਆਂ ਹਨ। ਸਮੁੰਦਰ ਜਿਹੀ ਓਂਟਾਰੀਓ ਲੇਕ 'ਚ ਲੋਕ ਸਮੁੰਦਰੀ ਜਹਾਜ਼ ਅਤੇ ਕਿਸ਼ਤੀਆਂ ਰਾਹੀਂ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ।

ਨਿਆਗਰਾ ਫਾਲਜ਼ ਵਧੀਆ ਸੈਰ ਸਪਾਟਾ ਸਥਾਨ ਹੈ, ਜਿੱਥੇ ਵੱਡੀ ਗਿਣਤੀ ਵਿੱਚ ਸੈਲਾਨੀ ਆਉਂਦੇ ਹਨ। ਕੁਦਰਤੀ ਪਾਣੀ ਦਾ ਆਨੰਦ ਮਾਨਣ ਲਈ ਜਹਾਜ਼ ਰਾਹੀਂ ਟਿਕਟ ਲੈ ਕੇ ਅਮਰੀਕਾ ਅਤੇ ਕੈਨੇਡਾ ਦੋਵਾਂ ਦੇਸ਼ਾਂ ਦੇ ਸੈਲਾਨੀ ਆਨੰਦ ਮਾਣਦੇ ਹਨ। ਅਮਰੀਕਾ ਤੋਂ ਤੇਜ਼ ਰਫ਼ਤਾਰ ਨਾਲ ਵਗਦਾ ਪਾਣੀ ਕੈਨੇਡਾ ਵੱਲ ਜ਼ੋਰ ਨਾਲ ਡਿੱਗਦਾ ਹੈ। ਦੋਵੇਂ ਦੇਸ਼ਾਂ ਦੇ ਜਹਾਜ਼ਾਂ ਵਿੱਚ ਆਪਣੇ ਨਾਗਰਿਕਾਂ ਨੂੰ ਵੱਖ ਵੱਖ ਰੰਗਾਂ ਦੀ ਪਲਾਸਟਿਕ ਸ਼ੀਟ ਪਹਿਨਾਈ ਜਾਂਦੀ ਹੈ। ਅਮਰੀਕਾ ਦੇ ਸੈਲਾਨੀਆਂ ਨੂੰ ਨੀਲੇ ਰੰਗ ਅਤੇ ਕੈਨੇਡਾ ਦੇ ਸੈਲਾਨੀਆਂ ਨੂੰ ਲਾਲ ਰੰਗ ਦੀ ਪਲਾਸਟਿਕ ਸ਼ੀਟ ਪਹਿਨਾਉਂਦੇ ਹਨ ਤਾਂ ਜੋ ਜਹਾਜ਼ਾਂ ਦੀ ਪਛਾਣ ਹੋ ਸਕੇ। ਯਾਤਰੀ ਸਫ਼ਰ ਕਰਦੇ ਹੋਏ ਮੀਂਹ ਵਰਗੇ ਪਾਣੀ ਨਾਲ ਭਿੱਜ ਜਾਂਦੇ ਹਨ। ਖਰੀਦਦਾਰੀ ਕਰਨ ਲਈ ਬਾਜ਼ਾਰ ਹੈ। ਪੈਦਲ ਘੁੰਮ ਕੇ ਇੱਥੇ ਆਨੰਦ ਮਾਣਿਆ ਜਾ ਸਕਦਾ ਹੈ। ਰੈਸਤਰਾਂ ਵਿੱਚ ਹਰ ਤਰ੍ਹਾਂ ਦਾ ਖਾਣਾ ਮਿਲ ਜਾਂਦਾ ਹੈ। ਬਲੂ ਪਹਾੜ ਕੈਨੇਡਾ ਦਾ ਇੱਕ ਹੋਰ ਸੈਰ ਸਪਾਟਾ ਸਥਾਨ ਹੈ ਜਿੱਥੇ ਆਪਣੇ ਵਾਹਨ ਰਾਹੀਂ ਜਾਇਆ ਜਾ ਸਕਦਾ ਹੈ। ਪਹਾੜਾਂ 'ਤੇ ਚੜ੍ਹਨ ਲਈ ਲੱਕੜ ਦੀਆਂ ਪੌੜੀਆਂ ਬਣਾਈਆਂ ਗਈਆਂ ਹਨ।

ਬੈਰੀ ਬੀਚ 'ਤੇ ਪਹੁੰਚਣ ਲਈ ਬਰੈਂਪਟਨ ਤੋਂ ਦੋ ਘੰਟੇ ਲੱਗਦੇ ਹਨ। ਇੱਥੇ ਕੈਨੇਡਾ ਦੇ ਲੋਕ ਇਸ ਝੀਲ ਦਾ ਆਨੰਦ ਮਾਣਦੇ ਹਨ।

ਵਾਟਰਲੂ ਅਤੇ ਕਿਚਨਰ ਦੋ ਘੰਟੇ ਦੀ ਦੂਰੀ 'ਤੇ ਹਨ, ਜਿੱਥੇ ਯੂਨੀਵਰਸਿਟੀ ਆਫ ਵਾਟਰਲੂ ਅਤੇ ਲਾਇਰਲ ਯੂਨੀਵਰਸਿਟੀ ਵੱਡੀਆਂ ਯੂਨੀਵਰਸਿਟੀਆਂ ਹਨ। ਜਿਸ ਵੀ ਕਿਸਮ ਦੀ ਉੱਚੀ ਨੀਵੀਂ ਧਰਤੀ ਹੈ, ਉਸੇ ਰੂਪ ਵਿੱਚ ਪਾਰਕ ਅਤੇ ਇਮਾਰਤਾਂ ਬਣਾਈਆਂ ਗਈਆਂ ਹਨ। ਵਾਟਰਲੂ ਵਿੱਚ ਪਾਰਕ ਅਲਿਜ਼ਬੈੱਥ ਸੈਕਿੰਡ ਵੀ ਦੇਖਣ ਯੋਗ ਸਥਾਨ ਹੈ। ਇੱਥੇ ਅਸੀਂ ਫਾਰਮਰਜ਼ ਮਾਰਕੀਟ ਦੇਖੀ ਜਿੱਥੇ ਕਾਫ਼ੀ ਰੌਣਕ ਹੁੰਦੀ ਹੈ ਅਤੇ ਤਾਜ਼ੇ ਫੁੱਲ ਫਲ, ਸਬਜ਼ੀਆਂ ਅਤੇ ਦੁਨੀਆ ਦੀ ਹਰ ਚੀਜ਼ ਮਿਲ ਜਾਂਦੀ ਹੈ। ਅੰਗਰੇਜ਼ ਉੱਥੇ ਪਹੁੰਚ ਕੇ ਜ਼ਿੰਦਗੀ ਦਾ ਆਨੰਦ ਮਾਣਦੇ ਹਨ। ਲੋਕ ਆਪਣੀਆਂ ਕਾਰਾਂ ਰਾਹੀਂ ਪਹੁੰਚਦੇ ਹਨ। ਉੱਥੇ ਪੁਰਾਣੇ ਟਾਂਗੇ, ਘੋੜੇ ਅਤੇ ਹੋਰ ਜਾਨਵਰਾਂ ਨੂੰ ਸਾਂਭ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਖੇਤਰ ਵਿੱਚ ਜੁਲਾਈ, ਅਗਸਤ ਮਹੀਨੇ ਵਿੱਚ ਕਣਕ ਦੀ ਫ਼ਸਲ ਪੱਕ ਜਾਂਦੀ ਹੈ। ਮੱਕੀ ਦੀ ਪੈਦਾਵਾਰ ਵੀ ਕਾਫ਼ੀ ਹੁੰਦੀ ਹੈ। ਇੱਥੇ ਵੱਡੇ ਵੱਡੇ ਖੇਤ ਦੇਖੇ ਜਾ ਸਕਦੇ ਹਨ।

ਸਕਾਰਬਰੋ ਅਤੇ ਮਾਰਖਮ ਦੇ ਜੰਗਲਾਂ ਨੂੰ ਪੈਦਲ ਘੁੰਮ ਕੇ ਦੇਖਿਆ ਜਾ ਸਕਦਾ ਹੈ। ਮਾਰਖਮ ਵਿਖੇ ਵੱਡਾ ਪਾਰਕ ਅਤੇ ਝੀਲ ਹੈ। ਕੈਨੇਡਾ ਦਾ ਕੁਦਰਤੀ ਵਾਤਾਵਰਨ ਮਨੁੱਖ ਨੂੰ ਆਪਣੇ ਵੱਲ ਖਿੱਚਦਾ ਹੈ। ਜਦੋਂ ਪੂਰੇ ਏਸ਼ੀਆ ਅਤੇ ਖ਼ਾਸਕਰ ਭਾਰਤ ਦੇ ਮੈਦਾਨੀ ਖੇਤਰਾਂ ਵਿੱਚ ਗਰਮੀ ਪੈ ਰਹੀ ਹੁੰਦੀ ਹੈ, ਉਸ ਸਮੇਂ ਕੈਨੇਡਾ ਦਾ ਮੌਸਮ ਠੰਢਾ ਅਤੇ ਸੁਹਾਵਣਾ ਹੁੰਦਾ ਹੈ। ਹਰ ਸਮੇਂ ਠੰਢੀਆਂ ਹਵਾਵਾਂ ਚਲਦੀਆਂ ਰਹਿੰਦੀਆਂ ਹਨ। ਵਿਦੇਸ਼ੀ ਲੋਕ ਮੁਸ਼ਕਿਲ ਹਾਲਾਤ ਦੇ ਬਾਵਜੂਦ ਕੰਮ ਕਰਦੇ ਰਹਿੰਦੇ ਹਨ।

ਕਾਨੂੰਨ ਦਾ ਰਾਜ ਹੈ। ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਬੱਸ ਸੇਵਾ ਦਾ ਪ੍ਰਬੰਧ ਹੈ। ਗੂਗਲ ਰਾਹੀਂ ਊਬਰ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਕਿ ਮੋਬਾਈਲ ਫੋਨ 'ਤੇ ਲੋਕੇਸ਼ਨ ਪਾ ਕੇ ਕੁਝ ਮਿੰਟਾਂ ਵਿੱਚ ਹੀ ਸਮੇਂ ਅਤੇ ਸਥਾਨ 'ਤੇ ਪਹੁੰਚ ਜਾਂਦੀ ਹੈ।

ਸਰਕਾਰ ਵੱਲੋਂ ਕੁਦਰਤ ਨਾਲ ਛੇੜਛਾੜ ਦੀ ਮਨਾਹੀ ਹੈ। ਧਰਤੀ ਦਾ ਮੂਲ ਰੂਪ ਬਰਕਰਾਰ ਰੱਖਿਆ ਹੋਇਆ ਹੈ। ਉਚਾਈ ਅਤੇ ਨੀਵੀਆਂ ਥਾਵਾਂ ਢਲਾਣਾਂ ਦੀ ਵਰਤੋਂ ਉਸੇ ਹਿਸਾਬ ਨਾਲ ਕਰ ਲਈ ਜਾਂਦੀ ਹੈ। ਸੜਕਾਂ ਬਣਾਉਂਦੇ ਸਮੇਂ ਵੀ ਧਰਤੀ ਪੱਧਰੀ ਨਹੀਂ ਕੀਤੀ ਗਈ।

ਟ੍ਰੈਫਿਕ ਨਿਯਮਾਂ ਮੁਤਾਬਿਕ ਸਾਰੀਆਂ ਗੱਡੀਆਂ ਸੱਜੇ ਪਾਸੇ ਚਲਦੀਆਂ ਹਨ ਜਿਵੇਂ ਦੁਬਈ, ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਵਿੱਚ। ਭਾਰਤ ਵਿੱਚ ਸਾਰਾ ਟਰੈਫਿਕ ਖੱਬੇ ਪਾਸੇ ਚਲਾਇਆ ਜਾਂਦਾ ਹੈ। ਬਿਜਲੀ ਦੀਆਂ ਸਵਿੱਚਾਂ ਨੂੰ ਉੱਪਰ ਵੱਲ ਦੱਬ ਕੇ ਚਲਾਇਆ ਜਾਂਦਾ ਹੈ। ਸੜਕ ਨੂੰ ਪੈਦਲ ਪਾਰ ਕਰਨ ਲਈ ਚੌਕਾਂ ਵਿੱਚ ਲਾਈਟਾਂ ਰਾਹੀਂ ਬਟਨ ਦਬਾ ਕੇ ਲੰਘਿਆ ਜਾ ਸਕਦਾ ਹੈ। ਪੈਦਲ ਤੁਰਨ ਵਾਲਿਆਂ ਨੂੰ ਪਹਿਲ ਦੇ ਆਧਾਰ 'ਤੇ ਲਾਂਘਾ ਦਿੱਤਾ ਜਾਂਦਾ ਹੈ। ਉਸ ਸਮੇਂ ਚਾਰੇ ਪਾਸਿਆਂ ਤੋਂ ਸਾਰਾ ਟਰੈਫਿਕ ਰੁਕ ਜਾਂਦਾ ਹੈ। ਬੱਸ ਵਿੱਚ ਦਾਖ਼ਲ ਹੋਣ ਸਮੇਂ ਡਰਾਈਵਰ ਵਾਲੇ ਦਰਵਾਜ਼ੇ ਰਾਹੀਂ ਅੰਦਰ ਜਾਇਆ ਜਾਂਦਾ ਹੈ। ਬੱਸ ਵਿੱਚ ਕੰਡਕਟਰ ਨਹੀਂ ਹੁੰਦਾ। ਪ੍ਰੈਸਟੋ ਕਾਰਡ ਰਾਹੀਂ ਟਿਕਟ ਹੋ ਜਾਂਦੀ ਹੈ ਜਾਂ ਮਸ਼ੀਨ ਵਿੱਚ ਡਾਲਰ ਪਾ ਕੇ ਵੀ ਟਿਕਟ ਮਿਲ ਜਾਂਦੀ ਹੈ। ਇਹ ਟਿਕਟ ਮਸ਼ੀਨ ਡਰਾਈਵਰ ਵਾਲੀ ਸੀਟ ਦੇ ਨਾਲ ਹੁੰਦੀ ਹੈ। ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ। ਜੇਕਰ ਕੋਈ ਵਿਅਕਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਜੁਰਮਾਨੇ ਦੇ ਰੂਪ ਵਿੱਚ ਵੱਡੀ ਟਿਕਟ ਦੇ ਦਿੱਤੀ ਜਾਂਦੀ ਹੈ। ਇਸ ਕਰਕੇ ਆਮ ਕੈਨੇਡੀਅਨ ਨਾਗਰਿਕ ਕਾਨੂੰਨ ਦੀ ਉਲੰਘਣਾ ਘੱਟ ਕਰਦੇ ਹਨ।

ਓਂਟਾਰੀਓ ਪ੍ਰੋਵਿੰਸ ਦੀ ਰਾਜਧਾਨੀ ਟੋਰਾਂਟੋ ਹੈ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਸ਼ਹਿਰ ਹੈ ਜਿੱਥੇ ਪਾਰਲੀਮੈਂਟ ਰਾਹੀਂ ਦੇਸ਼ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਜਾਂਦਾ ਹੈ। ਆਮ ਲੋਕਾਂ ਅਤੇ ਵਿਦੇਸ਼ੀਆਂ ਨੂੰ ਐਤਵਾਰ ਦੇ ਦਿਨ ਅੰਦਰ ਜਾ ਕੇ ਇਸ ਨੂੰ ਦੇਖਣ ਦੀ ਇਜਾਜ਼ਤ ਹੈ। ਉੱਥੇ ਕੰਮ ਕਰਦੀਆਂ ਕੁੜੀਆਂ ਗਰੁੱਪਾਂ ਰਾਹੀਂ ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਵਿੱਚ ਪਾਰਲੀਮੈਂਟ ਸਿਸਟਮ ਦੀ ਵਿਸਥਾਰ ਸਹਿਤ ਜਾਣਕਾਰੀ ਸੈਲਾਨੀਆਂ ਨੂੰ ਦਿੰਦੀਆਂ ਹਨ। ਕੈਨੇਡਾ ਦਾ ਖੇਤਰਫਲ ਜ਼ਿਆਦਾ ਹੋਣ ਕਾਰਨ ਪ੍ਰੋਵਿੰਸਾਂ ਨੂੰ ਏਅਰਪੋਰਟਾਂ ਰਾਹੀਂ ਆਪਸ ਵਿੱਚ ਜੋੜਿਆ ਗਿਆ ਹੈ। ਇਸ ਦੇ ਨਾਲ ਹੀ ਟਰੇਨ ਦੀ ਵਿਵਸਥਾ ਕੀਤੀ ਗਈ ਹੈ। ਲੇਕ ਓਂਟਾਰੀਓ ਨਾਰਥ ਅਮਰੀਕਾ ਦੀਆਂ ਪੰਜ ਵੱਡੀਆਂ ਝੀਲਾਂ ਵਿੱਚੋਂ ਇੱਕ ਹੈ ਜੋ ਕੈਨੇਡਾ ਅਤੇ ਅਮਰੀਕਾ ਦੇ ਬਾਰਡਰ ਦਾ ਕੰਮ ਕਰਦੀ ਹੈ। ਕੈਨੇਡੀਅਨ ਸ਼ਹਿਰ ਕਿੰਗਸਟਨ, ਮਿਸੀਸਾਗਾ ਅਤੇ ਟੋਰਾਂਟੋ ਵੱਡੀ ਝੀਲ 'ਤੇ ਵਸੇ ਹੋਏ ਸੁੰਦਰ ਸ਼ਹਿਰ ਹਨ।

ਦਿੱਲੀ ਤੋਂ ਟੋਰਾਂਟੋ ਤੱਕ ਸਿੱਧੀ ਉਡਾਣ ਦਾ ਸਫ਼ਰ 11,649 ਕਿਲੋਮੀਟਰ ਹੈ। ਇਉਂ 15 ਤੋਂ 16 ਘੰਟੇ ਦੀ ਉਡਾਣ ਤੋਂ ਬਾਅਦ ਵੱਖ ਵੱਖ ਦੇਸ਼ਾਂ ਦੇ ਸਮੁੰਦਰਾਂ ਉੱਪਰ ਦੀ ਹੁੰਦੇ ਹੋਏ ਕੈਨੇਡਾ ਦੀ ਧਰਤੀ 'ਤੇ ਪਹੁੰਚਿਆ ਜਾਂਦਾ ਹੈ। ਕੈਨੇਡਾ ਕੁਦਰਤੀ ਤੌਰ 'ਤੇ ਭਾਰਤੀ ਸਮੇਂ ਤੋਂ ਪਿੱਛੇ ਚਲਦਾ ਹੈ।

ਕੈਨੇਡਾ ਦੀ ਧਰਤੀ 'ਤੇ ਪਹੁੰਚ ਕੇ ਕੈਨੇਡੀਅਨ ਡਾਲਰਾਂ ਦੀ ਦੌੜ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕੀਤਾ ਹੈ। ਕਿਸੇ ਵੀ ਵਿਅਕਤੀ ਪਾਸ ਵਿਹਲਾ ਸਮਾਂ ਨਹੀਂ ਹੁੰਦਾ। ਸਮਾਂ ਲੈ ਕੇ ਹੀ ਕਿਸੇ ਨੂੰ ਮਿਲਣ ਜਾਇਆ ਜਾ ਸਕਦਾ ਹੈ। ਇਉਂ ਅਸੀਂ ਉੱਥੋਂ ਦੀਆਂ ਯਾਦਾਂ ਦਿਲ 'ਚ ਵਸਾ ਲਈਆਂ ਅਤੇ ਦੇਸ਼ ਵਾਪਸ ਆ ਗਏ।

# ਪ੍ਰਧਾਨ ਮੰਤਰੀ ਮਾਰਕ ਕਾਰਨੀ ਸ਼ੁੱਕਰਵਾਰ ਨੂੰ ਪ੍ਰੀਮੀਅਰਜ਼ ਨਾਲ ਕਰਨਗੇ ਪਹਿਲੀ ਮੀਟਿੰਗ

### ਵਪਾਰਕ ਪਾਬੰਦੀਆਂ ਅਤੇ ਆਰਥਿਕਤਾ ਨੂੰ ਮਜ਼ਬੂਤ ਬਣਾਉਣ ’ਤੇ ਕਰਨਗੇ ਵਿਚਾਰ-ਵਟਾਂਦਰਾ

**ਸਰੀ, (ਏਕਜੋਤ ਸਿੰਘ):** ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਸ਼ੁੱਕਰਵਾਰ ਨੂੰ ਕੈਨੇਡਾ ਦੇ ਮੁਖ ਮੰਤਰੀਆਂ ਨਾਲ ਪਹਿਲੀ ਬੈਠਕ ਕਰ ਰਹੇ ਹਨ, ਜਿਸ ਵਿੱਚ ਅਮਰੀਕਾ ਵਲੋਂ ਲਾਏ ਗਏ ਵਪਾਰਕ ਪਾਬੰਦੀਆਂ, ਕਰਮਚਾਰੀਆਂ ਦੇ ਹੱਕ, ਅਤੇ ਆਰਥਿਕਤਾ ਨੂੰ ਮਜ਼ਬੂਤ ਬਣਾਉਣ ‘ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਦੀ ਪ੍ਰੈਸ ਸਕੱਤਰ ਓਡਰੀ ਸ਼ਾਂਪੂ ਨੇ ਦੱਸਿਆ ਕਿ ਮਾਰਕ ਕਾਰਨੀ ਨੇ ਚੋਣ ਮੁਹਿੰਮ ਦੌਰਾਨ ਇਹ ਵਾਅਦਾ ਕੀਤਾ ਸੀ ਕਿ ਉਹ ਮੁਖ ਮੰਤਰੀਆਂ ਨਾਲ ਮਿਲ ਕੇ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ‘ਤੇ ਕੰਮ ਕਰਨਗੇ।

ਉਨ੍ਹਾਂ ਨੇ ਕਿਹਾ, “ਇਹ ਬੈਠਕ ਸਾਰੇ ਮੁਖ ਮੰਤਰੀਆਂ ਅਤੇ ਪ੍ਰਧਾਨ ਮੰਤਰੀ ਲਈ ਇੱਕ ਸੁਨੇਹਰੀ ਮੌਕਾ ਹੋਵੇਗਾ, ਜਿਸ ਵਿੱਚ ਉਹ ਮਿਲ ਕੇ ਇਹ ਯਕੀਨੀ ਬਣਾਉਣ ਕਿ ਕੈਨੇਡਾ ਇਕ ਸੰਯੁਕਤ ਆਰਥਿਕਤਾ ਵਜੋਂ ਕੰਮ ਕਰੇ, ਨਾ ਕਿ 13 ਵੱਖ-ਵੱਖ ਪ੍ਰੋਵਿੰਸ ਦੇ ਤੌਰ ‘ਤੇ।” ਬੈਠਕ ਇੱਕ ਅਹਿਮ ਸਮੇਂ ‘ਤੇ ਹੋ ਰਹੀ ਹੈ, ਕਿਉਂਕਿ ਅਮਰੀਕਾ ਨੇ ਪਿਛਲੇ ਹਫ਼ਤੇ ਕੈਨੇਡਾ ‘ਤੇ 25% ਸਟੀਲ ਅਤੇ ਐਲੂਮੀਨੀਅਮ ਨਿਰਯਾਤ ‘ਤੇ ਟੈਕਸ ਲਗਾ ਦਿੱਤਾ।



ਕੈਨੇਡਾ ਨੇ ਵੀ ਆਪਣੇ ਤਰੀਕੇ ਨਾਲ ਜਵਾਬ ਦਿੱਤਾ ਅਤੇ ਅਮਰੀਕਾ ਦੇ ਉਤਪਾਦਾਂ ‘ਤੇ ਵਧੇਰੇ ਟੈਰਿਫ਼ ਲਗਾ ਦਿੱਤੇ ਸਨ।

ਟਰੰਪ ਨੇ ਇਸ ਤੋਂ ਪਹਿਲਾਂ ਵੀ ਕੈਨੇਡਾ ‘ਤੇ ਵਪਾਰਕ ਦਬਾਅ ਬਣਾਉਣ ਅਤੇ ਇਹ ਤੱਕ ਕਹਿ ਚੁੱਕੇ ਹਨ ਕਿ ਕੈਨੇਡਾ ਨੂੰ 51ਵੀਂ ਅਮਰੀਕੀ ਰਾਜ ਬਣਨਾ ਚਾਹੀਦਾ ਹੈ। ਕਾਰਨੀ ਨੇ ਪਿਛਲੇ ਹਫ਼ਤੇ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਮੁੱਖ ਤੌਰ ‘ਤੇ ਆਰਥਿਕਤਾ ਨੂੰ ਮਜ਼ਬੂਤ ਬਣਾਉਣ, ਜੀਵਨ-ਪੱਧਰ ਉੱਚਾ ਚੁਕਣ ਅਤੇ ਦੇਸ਼ ਦੀ ਸੁਰੱਖਿਆ ਉੱਤੇ ਧਿਆਨ ਕੇਂਦਰਤ ਕਰੇਗੀ।

ਹੁਣ ਤੱਕ, ਕਾਰਨੀ ਨੇ ਟਰੰਪ ਨਾਲ ਕਿਸੇ ਵੀ ਮਸਲੇ ‘ਤੇ ਸਿੱਧੀ ਗੱਲਬਾਤ ਨਹੀਂ ਕੀਤੀ। ਪਰ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਮੰਤਰੀਆਂ ਦੀ ਟੀਮ ਨੂੰ ਹੋਰ ਮਜ਼ਬੂਤ ਰੱਖਣ ਦੀ ਕੋਸ਼ਿਸ਼ ਕੀਤੀ, ਜੋ ਕਿ ਟਰੰਪ ਦੇ ਵਪਾਰਕ ਪਾਬੰਦੀਆਂ ‘ਤੇ ਕੰਮ ਕਰ ਰਹੇ ਹਨ। This report was written by Ekjot Singh as part of the Local Journalism Initiative.

# ਵੈਨਕੂਵਰ ਇੰਟਰਨੈਸ਼ਨਲ ਆਟੋ ਸ਼ੋਅ ਤੋਂ ਟੈਸਲਾ ਹੋਈ ਬਾਹਰ

**ਵੈਨਕੂਵਰ (ਏਕਜੋਤ ਸਿੰਘ):** ਵੈਨਕੂਵਰ ਇੰਟਰਨੈਸ਼ਨਲ ਆਟੋ ਸ਼ੋਅ ਦੇ ਆਯੋਜਕਾਂ ਨੇ ਟੈਸਲਾ ਨੂੰ ਸ਼ੋਅ ਵਿੱਚੋਂ ਹਟਾਉਣ ਦਾ ਫੈਸਲਾ ਲਿਆ ਹੈ। ਆਟੋ ਸ਼ੋਅ ਦੇ ਕਾਰਜਕਾਰੀ ਨਿਰਦੇਸ਼ਕ ਐਰਿਕ ਨਿਕੋਲ ਨੇ ਇੱਕ ਈ-ਮੇਲ ਬਿਆਨ ਵਿੱਚ ਦੱਸਿਆ ਕਿ ਟੈਸਲਾ ਨੂੰ ਸ਼ੋਅ ਸੁਰੱਖਿਆ ਯਕੀਨੀ ਬਣਾਉਣ ਦੇ ਚਲਦੇ ਬਾਹਰ ਕਰ ਦਿੱਤਾ ਗਿਆ ਹੈ। ਟੈਸਲਾ 2024 ਦੇ ਆਟੋ ਸ਼ੋਅ ਵਿਚ ਸ਼ਾਮਲ ਸੀ, ਜੋ ਕੋਵਿਡ-19 ਮਹਾਮਾਰੀ ਕਾਰਨ ਚਾਰ ਸਾਲਾਂ ਤੋਂ ਬਾਅਦ ਪਹਿਲੀ ਵਾਰ ਆਯੋਜਨ ਕੀਤਾ ਗਿਆ ਸੀ।



ਕੈਨੇਡਾ ਅਤੇ ਅਮਰੀਕਾ ਵਿੱਚ ਟੈਸਲਾ ਕਾਰਾਂ ਅਤੇ ਚਾਰਜਰਾਂ ਨੂੰ ਅੱਗ ਲਗਾਉਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਬੀ.ਸੀ. ਵਿੱਚ ਨਾਨਾਈਮੋ ਦੇ ਇੱਕ ਮਾਲ ਵਿੱਚ ਟੈਸਲਾ ਸੁਪਰਚਾਰਜਰਾਂ ਨਾਲ ਛੇੜਛਾੜ ਹੋਣ ਕਾਰਨ ਦੋ ਯੂਨਿਟ ਅੱਗ ਨਾਲ ਸਾੜੇ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ । ਅਮਰੀਕੀ ਐਟਾਰਨੀ ਜਨਰਲ ਪਾਮੇਲਾ ਬੋਂਡੀ ਨੇ ਇਹ ਹਮਲੇ “ਘਰੇਲੂ ਆਤੰਕਵਾਦ” ਕਰਾਰ ਦਿੱਤੇ ਹਨ। 18 ਮਾਰਚ ਨੂੰ, ਉਨ੍ਹਾਂ ਨੇ ਦੱਸਿਆ ਕਿ ਅਮਰੀਕੀ ਵਿਭਾਗ ਨੇ ਕੁਝ ਲੋਕਾਂ ਉੱਤੇ ਮਾਮਲੇ ਦਰਜ ਕਰ ਦਿੱਤੇ ਹਨ ਅਤੇ ਹੋਰ ਜਾਂਚਾਂ ਚੱਲ ਰਹੀਆਂ ਹਨ।

ਇਹ ਫੈਸਲਾ ਟੈਸਲਾ ਦੇ ਸੀ .ਈ. ਓ. ਐਲਨ ਮਸਕ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਜੁੜੇ ਵਪਾਰਿਕ ਵਿਵਾਦਾਂ ਵਿਚਕਾਰ ਆਇਆ ਹੈ। ਮਸਕ ਹੁਣ ਟਰੰਪ ਦੇ ਸੀਨੀਅਰ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ, ਜਦਕਿ ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰ ਯੁੱਧ ਵਧ ਰਿਹਾ ਹੈ।

ਇਸ ਤੋਂ ਇਲਾਵਾ ਬੀ.ਸੀ. ਹਾਈਡ੍ਰੋ ਨੇ ਟੈਸਲਾ ਚਾਰਜਰਾਂ, ਬੈਟਰੀ ਸਟੋਰੇਜ ਅਤੇ ਇਨਵਰਟਰਾਂ ਨੂੰ ਈਵੀ ਚਾਰਜਰ ਰੀਬੇਟ ਪ੍ਰੋਗਰਾਮ 'ਚੋਂ ਲਾਂਭੇ ਕਰ ਦਿੱਤਾ ਹੈ ਅਤੇ 12 ਮਾਰਚ ਤੋਂ ਇਹ ਨਵਾਂ ਨਿਯਮ ਲਾਗੂ ਹੋਇਆ।

ਜੇਕਰ ਕਿਸੇ ਨੇ 12 ਮਾਰਚ ਤੋਂ ਪਹਿਲਾਂ ਇਹ ਉਤਪਾਦ ਖਰੀਦੇ ਜਾਂ ਰੀਬੇਟ ਲਈ ਪ੍ਰੀ-ਅਪਰੂਵਲ ਲਿਆ, ਤਾਂ ਉਨ੍ਹਾਂ ਨੂੰ ਇਸ ਦੇ ਫਾਇਦੇ ਮਿਲਣਗੇ। ਬੀ.ਸੀ. ਦੇ ਊਰਜਾ ਮੰਤਰੀ ਐਡਰੀਅਨ ਡਿਕਸ ਨੇ ਮਾਰਚ 13 ਨੂੰ ਕਿਹਾ ਕਿ ਇਹ ਫੈਸਲਾ ਟੈਸਲਾ ਉਤਪਾਦਾਂ ਦੀ ਉਪਲਬਧਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ, ਪਰ ਲੋਕ ਹੁਣ ਇਹ ਉਤਪਾਦ ਖਰੀਦਣ 'ਤੇ ਰੀਬੇਟ ਨਹੀਂ ਲੈ ਸਕਣਗੇ। ਉਨ੍ਹਾਂ ਕਿਹਾ “ਮੈਨੂੰ ਨਹੀਂ ਲਗਦਾ ਕਿ ਬੀ.ਸੀ. ਵਿੱਚ ਕਿਸੇ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਅਸੀਂ ਇਹ ਕਿਉਂ ਕੀਤਾ। ਮੈਨੂੰ ਪੂਰਾ ਭਰੋਸਾ ਹੈ ਕਿ ਲੋਕ ਇਸ ਫੈਸਲੇ ਨਾਲ ਸਹਿਮਤ ਹੋਣਗੇ।” This report was written by Ekjot Singh as part of the Local Journalism Initiative.


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ ‘ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



AKALI SINGH SIKH SOCIETY
1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca

FREE TAX CLINIC
(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY
FROM 10:00 A.M. TO 2:00 P.M.
WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY
FOR FURTHER INFORMATION, PLEASE CALL (604) 254-2117

ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

# ਅਕਾਲੀ ਲਹਿਰ ਦਾ ਅਣਗੌਲਿਆ ਸੰਗਰਾਮੀ ਮਾਸਟਰ ਸੁੰਦਰ ਸਿੰਘ ਲਾਇਲਪੁਰੀ

**ਲਿਖਤ : ਗੁਰਦੇਵ ਸਿੰਘ ਸਿੱਧੂ**
**ਸੰਪਰਕ:** 94170-49417

ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੀ ਇਤਿਹਾਸਕਾਰੀ ਸਬੰਧੀ ਇਹ ਤ੍ਰਾਸਦੀ ਹੈ ਕਿ ਦੇਸ਼ ਨੂੰ ਆਜ਼ਾਦੀ ਮਿਲਣ ਪਿੱਛੋਂ ਵੀ ਸਿਆਸਤ ਵਿੱਚ ਸਰਗਰਮ ਰਹਿਣ ਵਾਲੇ ਆਜ਼ਾਦੀ ਘੁਲਾਟੀਆਂ ਬਾਰੇ ਤਾਂ ਚੋਖੀ ਜਾਣਕਾਰੀ ਮਿਲਦੀ ਹੈ ਪਰ ਉਨ੍ਹਾਂ ਦੇਸ਼ਭਗਤਾਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਦਿੱਤਾ ਗਿਆ ਹੈ, ਜਿਹੜੇ ਦੇਸ਼ਭਗਤੀ ਨੂੰ ਨਿਸ਼ਕਾਮ ਅਤੇ ਨਿਰਸਵਾਰਥ ਕਾਰਜ ਸਮਝਦਿਆਂ ਦੇਸ਼ ਆਜ਼ਾਦ ਹੋਣ ਮਗਰੋਂ ਸਰਗਰਮ ਨਾ ਰਹੇ। ਅਜਿਹੇ ਭੁੱਲੇ ਵਿਸਰੇ ਦੇਸ਼ਭਗਤਾਂ ਵਿੱਚੋਂ ਹੀ ਇੱਕ ਹੈ: ਮਾਸਟਰ ਸੁੰਦਰ ਸਿੰਘ ਲਾਇਲਪੁਰੀ। ਸੋਹਨ ਸਿੰਘ 'ਜੋਸ਼' ਨੇ ਆਪਣੀ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿੱਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਬਾਰੇ ਲਿਖਿਆ ਹੈ, ''ਮਾਸਟਰ ਜੀ ਉਤਸ਼ਾਹ, ਕੁਰਬਾਨੀ ਤੇ ਚੜ੍ਹਦੀ ਕਲਾ ਦੇ ਪ੍ਰਤੀਕ ਸਨ। ਇਨ੍ਹਾਂ ਦੇ ਦਿਲ ਵਿੱਚ ਅੰਗਰੇਜ਼ ਹਕੂਮਤ ਖ਼ਿਲਾਫ਼ ਨਫ਼ਰਤ, ਦੇਸ਼ ਲਈ ਅਥਾਹ ਪਿਆਰ ਅਤੇ ਕੌਮੀ ਆਜ਼ਾਦੀ ਹਾਸਲ ਕਰਨ ਲਈ ਲਗਨ ਤੇ ਕੁਰਬਾਨੀ ਦਾ ਜਜ਼ਬਾ ਭਰਿਆ ਹੋਇਆ ਸੀ।'' ਅਫ਼ਸੋਸ! ਇਸ ਕੌਮੀ ਪਰਵਾਨੇ ਨੂੰ ਅਸੀਂ ਉੱਕਾ ਹੀ ਵਿਸਾਰ ਛੱਡਿਆ ਹੈ।

ਉਨ੍ਹੀਵੀਂ ਸਦੀ ਦੀ ਅੰਤਲੀ ਚੌਥਾਈ ਦੌਰਾਨ ਪੰਜਾਬ ਦੀ ਅੰਗਰੇਜ਼ ਸਰਕਾਰ ਨੇ ਬਾਰ ਦੇ ਇਲਾਕੇ ਨੂੰ ਵਾਹੀਯੋਗ ਬਣਾਉਣ ਵਾਸਤੇ ਕੇਂਦਰੀ ਪੰਜਾਬ ਵਿੱਚੋਂ ਚੋਣਵੇਂ ਕਿਸਾਨਾਂ ਨੂੰ ਜ਼ਮੀਨਾਂ ਅਲਾਟ ਕਰ ਕੇ ਉੱਥੇ ਵਸਾਉਣ ਦੀ ਨੀਤੀ ਅਪਣਾਈ। ਇਸ ਨੀਤੀ ਤਹਿਤ ਪਿੰਡ ਬਹੋੜੂ, ਜ਼ਿਲ੍ਹਾ ਅੰਮ੍ਰਿਤਸਰ ਦੇ ਕਈ ਕਿਸਾਨ ਪਰਿਵਾਰਾਂ ਨੂੰ ਉੱਥੋਂ ਦੀ ਚਨਾਬ ਕਲੋਨੀ ਵਿੱਚ ਜ਼ਮੀਨ ਅਲਾਟ ਕੀਤੀ। ਉਸ ਵਸੇਬੇ ਦਾ ਨਾਂ ਸੀ ਚੱਕ ਨੰਬਰ 18 ਪਰ ਪਿੰਡ ਵਾਸੀਆਂ ਨੇ ਆਪਣੀ ਜਨਮ ਭੂਮੀ ਦੇ ਮੋਹ ਸਦਕਾ ਇਸ ਨਾਲ ਪਿਛਲੇ ਪਿੰਡ ਦਾ ਨਾਉਂ ਜੋੜ ਕੇ ਚੱਕ ਨੰਬਰ 14 ਬਹੋੜੂ ਕਹਿਣਾ ਸ਼ੁਰੂ ਕੀਤਾ। ਇਨ੍ਹਾਂ ਪਰਿਵਾਰਾਂ ਵਿੱਚ ਸ਼ਾਮਲ ਲਖਮੀਰ ਸਿੰਘ ਦੇ ਘਰ ਉਸ ਦੀ ਪਤਨੀ ਰਾਮ ਕੌਰ ਨੇ 1878 ਈਸਵੀ ਵਿੱਚ ਇੱਕ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ ਸੁੰਦਰ ਸਿੰਘ ਰੱਖਿਆ ਗਿਆ। ਸੁੰਦਰ ਸਿੰਘ ਨੇ ਦਸਵੀਂ ਦੀ ਪ੍ਰੀਖਿਆ ਨੇੜਲੇ ਪਿੰਡ ਸ਼ਾਹਕੋਟ ਤੋਂ ਪਾਸ ਕਰਨ ਉਪਰੰਤ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਇੰਟਰ ਤੱਕ ਪੜ੍ਹਾਈ ਕੀਤੀ ਅਤੇ ਫਿਰ ਅਧਿਆਪਨ ਦੀ ਸਿਖਲਾਈ ਸਰਕਾਰੀ ਸਿੱਖਿਆ ਕਾਲਜ, ਲਾਹੌਰ ਤੋਂ ਲਈ। ਉਸ ਨੇ ਕੁਝ ਸਮਾਂ ਡਾਕ ਮਹਿਕਮੇ ਵਿੱਚ ਨੌਕਰੀ ਕੀਤੀ ਪਰ ਅੰਗਰੇਜ਼ ਅਧਿਕਾਰੀਆਂ ਦਾ ਸਥਾਨਕ ਮੁਲਾਜ਼ਮਾਂ ਪ੍ਰਤੀ ਹੰਕਾਰ ਭਰਿਆ ਵਤੀਰਾ ਵੇਖਿਆ ਤਾਂ ਸਵੈਮਾਣ ਦੀ ਰਾਖੀ ਲਈ ਅਸਤੀਫ਼ਾ ਦੇ ਦਿੱਤਾ। ਖਾਲਸਾ ਕਾਲਜ, ਅੰਮ੍ਰਿਤਸਰ 'ਚ ਪੜ੍ਹਦਿਆਂ ਵਿਰਸੇ ਵਿੱਚ ਮਿਲਿਆ ਸਿੱਖੀ-ਪਿਆਰ ਉਸ ਦੀ ਰਗ ਰਗ ਵਿੱਚ ਸਮਾ ਚੁੱਕਾ ਸੀ। ਇੱਥੇ ਉਸ ਦੀ ਜਾਣ-ਪਛਾਣ ਕਈ ਪੰਥਕ ਆਗੂਆਂ ਨਾਲ ਹੋਈ। ਇਸ ਲਈ ਉਸ ਨੇ ਭਵਿੱਖ ਵਿੱਚ ਸਰਕਾਰੀ ਨੌਕਰੀ ਨਾ ਕਰਨ ਅਤੇ ਆਪਣਾ ਜੀਵਨ ਗੁਰਮਤਿ ਦੇ ਪ੍ਰਚਾਰ ਅਤੇ ਸਿੱਖ ਸਮਾਜ ਦੇ ਸੁਧਾਰ ਪ੍ਰਤੀ ਅਰਪਣ ਕਰਨ ਦਾ ਫ਼ੈਸਲਾ ਕਰ ਲਿਆ।

ਇਹ ਵੀਹਵੀਂ ਸਦੀ ਦੇ ਮੁੱਢਲੇ ਵਰ੍ਹੇ ਸਨ। ਇਨ੍ਹੀਂ ਦਿਨੀਂ ਲਾਇਲਪੁਰ ਜ਼ਿਲ੍ਹੇ ਵਿੱਚ ਚੱਕ ਨੰਬਰ 41 ਵਿੱਚ ਖਾਲਸਾ ਮਿਡਲ ਸਕੂਲ ਸ਼ੁਰੂ ਹੋਇਆ ਤਾਂ ਸੁੰਦਰ ਸਿੰਘ ਨੂੰ ਅਧਿਆਪਕ ਵਜੋਂ ਨਿਯੁਕਤੀ ਮਿਲ ਗਈ। ਉਸ ਵੱਲੋਂ ਸਕੂਲ ਨੂੰ ਮਾਇਕ ਤੌਰ ਉੱਤੇ ਮਜ਼ਬੂਤ ਕਰਨ ਲਈ ਕੀਤੇ ਉਪਰਾਲਿਆਂ ਦੀ ਸਫਲਤਾ ਨੇ ਉਸ ਨੂੰ ਪ੍ਰਸਿੱਧੀ ਦਿਵਾਈ। ਇਸ ਬਾਰੇ ਸੁਣ ਕੇ ਲਾਇਲਪੁਰ ਸ਼ਹਿਰ ਵਿੱਚ ਖਾਲਸਾ ਸਕੂਲ ਖੋਲ੍ਹਣ ਲਈ ਯਤਨਸ਼ੀਲ ਹਰਚੰਦ ਸਿੰਘ ਲਾਇਲਪੁਰੀ ਨੇ ਉਸ ਨੂੰ ਆਪਣੇ ਨਾਲ ਜੋੜ ਲਿਆ। ਫਲਸਰੂਪ ਸਿੰਘ ਸਭਾ, ਲਾਇਲਪੁਰ ਦੀ ਇਮਾਰਤ ਵਿੱਚ ਖਾਲਸਾ ਪ੍ਰਾਇਮਰੀ ਸਕੂਲ ਸ਼ੁਰੂ ਹੋਇਆ। ਸਿੱਖ ਸੰਗਤ ਵੱਲੋਂ ਮਿਲੇ ਭਰਪੂਰ ਹੁੰਗਾਰੇ ਕਾਰਨ ਛੇਤੀ ਹੀ ਇਹ ਹਾਈ ਸਕੂਲ ਬਣ ਗਿਆ, ਜਿਸ ਵਿੱਚ ਸੁੰਦਰ ਸਿੰਘ ਨੂੰ ਮੁੱਖ ਅਧਿਆਪਕ ਵਜੋਂ ਜ਼ਿੰਮੇਵਾਰੀ ਸੌਂਪੀ ਗਈ। ਸਕੂਲ ਦੇ ਵਿਦਿਆਰਥੀਆਂ ਨੂੰ ਗੁਰਮਤਿ ਅਤੇ ਸਿੱਖ ਇਤਿਹਾਸ ਦਾ ਗਿਆਨ ਦੇਣ ਲਈ ਉਸ ਨੇ ਸਕੂਲ ਵਿੱਚ 'ਭੁਜੰਗੀ ਸਭਾ' ਦਾ ਗਠਨ ਕੀਤਾ। ਹਰਚੰਦ ਸਿੰਘ ਦੀ ਸੰਗਤ ਕਾਰਨ ਉਸ ਦੀ ਦਿਲਚਸਪੀ ਰਾਜਨੀਤੀ ਵੱਲ ਹੋਈ। ਜਦੋਂ ਹਰਚੰਦ ਸਿੰਘ ਨੇ 1909 ਵਿੱਚ ਹਫ਼ਤਾਵਾਰੀ ਪਰਚਾ 'ਸੱਚਾ ਢੰਡੋਰਾ' ਕੱਢਣਾ ਸ਼ੁਰੂ ਕੀਤਾ ਤਾਂ ਸੁੰਦਰ ਸਿੰਘ ਨੂੰ ਅਧਿਆਪਨ ਦੇ ਨਾਲ ਨਾਲ ਇਸ ਦੀ ਸੰਪਾਦਨਾ ਦਾ ਕੰਮ ਵੀ ਸੌਂਪਿਆ। ਉਦੋਂ ਪੰਜਾਬ ਸਰਕਾਰ ਨੇ ਸਿੱਖ ਭਾਵਨਾਵਾਂ ਪ੍ਰਤੀ ਬੇਪ੍ਰਵਾਹੀ ਵਿਖਾਉਂਦਿਆਂ ਖਾਲਸਾ ਕਾਲਜ, ਅੰਮ੍ਰਿਤਸਰ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ ਸੀ। ਇਸ ਵਿਰੁੱਧ ਮਾਸਟਰ ਸੁੰਦਰ ਸਿੰਘ ਨੇ ਇਸ ਪਰਚੇ ਵਿੱਚ ਸਰਕਾਰ ਵਿਰੋਧੀ ਲੇਖ ਲਿਖੇ। ਇਹ ਲੇਖ ਪਿੱਛੋਂ 'ਕੀ ਖਾਲਸਾ ਕਾਲਜ ਸਿੱਖਾਂ ਦਾ ਹੈ?' ਦੇ ਸਿਰਲੇਖ ਹੇਠ ਇੱਕ ਕਿਤਾਬਚੇ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਏ। 'ਸੱਚਾ ਢੰਡੋਰਾ' ਵਿੱਚ ਮਾਸਟਰ ਸੁੰਦਰ ਸਿੰਘ ਦੁਆਰਾ ਲਿਖੇ ਲੇਖਾਂ ਦਾ ਦੂਜਾ ਮੁੱਖ ਵਿਸ਼ਾ ਹਿੰਦੋਸਤਾਨ ਸਰਕਾਰ ਵੱਲੋਂ ਵਾਇਸਰਾਏ ਨਿਵਾਸ ਦੀ ਦਿੱਖ ਸੰਵਾਰਨ ਲਈ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ



ਢਾਹੁਣ ਦਾ ਸੀ। ਹਰਚੰਦ ਸਿੰਘ ਲਾਇਲਪੁਰੀ ਇਕੱਤਰਤਾਵਾਂ, ਕਾਨਫਰੰਸਾਂ ਵਿੱਚ ਬੋਲ ਕੇ ਸਿੱਖ ਸੰਗਤ ਵਿੱਚ ਇਸ ਮਸਲੇ ਨੂੰ ਜ਼ੋਰਦਾਰ ਢੰਗ ਨਾਲ ਉਠਾ ਰਹੇ ਸਨ ਅਤੇ ਮਾਸਟਰ ਸੁੰਦਰ ਸਿੰਘ ਨੇ ਅਖ਼ਬਾਰੀ ਲੇਖਾਂ ਰਾਹੀਂ ਪਾਠਕ ਵਰਗ ਵਿੱਚ ਇਸ ਮਾਮਲੇ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਕੋਈ ਕਸਰ ਨਾ ਛੱਡੀ। ਅੰਗਰੇਜ਼ ਸਰਕਾਰ ਦੇ ਖ਼ੁਫ਼ੀਆ ਵਿਭਾਗ ਦਾ ਉੱਚ ਅਧਿਕਾਰੀ ਮਿਸਟਰ ਪੈਟਰੀ ਇਸ ਸਮੇਂ ਦੇ ਦੋ ਗਰਮ-ਖ਼ਿਆਲੀ ਪੱਤਰਾਂ ਵਿੱਚੋਂ ਇੱਕ 'ਸੱਚਾ ਢੰਡੋਰਾ' ਨੂੰ ਗਿਣਦਾ ਹੈ। 'ਸੱਚਾ ਢੰਡੋਰਾ' ਬੰਦ ਹੋਣ ਪਿੱਛੋਂ ਮਾਸਟਰ ਸੁੰਦਰ ਸਿੰਘ ਨੇ 'ਮੋਲੂ' ਨਾਂ ਦਾ ਪਰਚਾ ਛਾਪਣਾ ਸ਼ੁਰੂ ਕੀਤਾ। ਇਸ ਦੀ ਸੁਰ ਵੀ 'ਸੱਚਾ ਢੰਡੋਰਾ' ਵਾਂਗ ਸਰਕਾਰ ਵਿਰੋਧੀ ਸੀ। ਇਸ ਗੱਲੋਂ ਅਮਰੀਕਾ ਤੋਂ ਡਾਕਟਰ ਭਾਗ ਸਿੰਘ ਨੇ ਸੰਪਾਦਕ 'ਮੋਲੂ' ਨੂੰ ਸ਼ਲਾਘਾ ਪੱਤਰ ਲਿਖਿਆ।

ਉਪਰੋਕਤ ਅਖ਼ਬਾਰ ਬਹੁਤੀ ਦੇਰ ਨਾ ਚੱਲ ਸਕੇ, ਪਰ ਇਸ ਤੋਂ ਮਾਸਟਰ ਸੁੰਦਰ ਸਿੰਘ ਨੂੰ ਪ੍ਰੈੱਸ ਦੀ ਸ਼ਕਤੀ ਦਾ ਅਨੁਭਵ ਹੋ ਗਿਆ। ਉਨ੍ਹਾਂ ਨੇ ਪੱਕਾ ਇਰਾਦਾ ਧਾਰ ਲਿਆ ਕਿ ਸਿੱਖਾਂ ਨੂੰ ਆਪਣੇ ਧਾਰਮਿਕ ਅਤੇ ਰਾਜਸੀ ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਕਰਨ ਵਾਸਤੇ ਪੰਜਾਬੀ ਅਖ਼ਬਾਰ ਕੱਢਣਾ ਜ਼ਰੂਰੀ ਹੈ। ਹਰਚੰਦ ਸਿੰਘ ਤਾਂ ਪਹਿਲਾਂ ਹੀ ਇਹ ਵਿਚਾਰ ਰੱਖਦੇ ਸਨ। ਲਾਇਲਪੁਰ ਵਸਦੇ ਪ੍ਰਿੰਸੀਪਲ ਨਿਰੰਜਨ ਸਿੰਘ ਅਤੇ ਹੋਰਾਂ ਨੇ ਵੀ ਇਸ ਦੀ ਹਮਾਇਤ ਕੀਤੀ। ਤਹਿਸੀਲਦਾਰ ਵਜੋਂ ਨੌਕਰੀ ਕਰ ਰਹੇ ਮੰਗਲ ਸਿੰਘ ਨੇ ਤਾਂ ਇਹ ਪੇਸ਼ਕਸ਼ ਕੀਤੀ ਕਿ ਅਖ਼ਬਾਰ ਸ਼ੁਰੂ ਕਰਨ ਦੀ ਸੂਰਤ ਵਿੱਚ ਉਹ ਨੌਕਰੀ ਛੱਡ ਕੇ ਇਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਲੈ ਲਵੇਗਾ। ਇਸ ਉਤਸ਼ਾਹੀ ਮਾਹੌਲ ਵਿੱਚ ਸੁੰਦਰ ਸਿੰਘ ਲਾਇਲਪੁਰ ਛੱਡ ਕੇ ਲਾਹੌਰ ਆ ਗਿਆ, ਜਿੱਥੇ ਉਸ ਦੇ ਨਾਂ ਦੇ ਅੱਗੇ 'ਮਾਸਟਰ' ਅਤੇ ਪਿੱਛੇ 'ਲਾਇਲਪੁਰੀ' ਉਸ ਦੀ ਪਛਾਣ ਬਣੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 21 ਜੂਨ 1920 ਤੋਂ ਰੋਜ਼ਾਨਾ 'ਅਕਾਲੀ' ਅਖ਼ਬਾਰ ਪ੍ਰਕਾਸ਼ਿਤ ਕੀਤਾ ਜਾਣ ਲੱਗਾ। ਇਸ ਅਖ਼ਬਾਰ ਦਾ ਮਾਲਕ, ਪ੍ਰਕਾਸ਼ਕ ਅਤੇ ਛਾਪਕ ਉਹ ਆਪ ਸੀ ਅਤੇ ਸੰਪਾਦਕ ਦੀ ਜ਼ਿੰਮੇਵਾਰੀ ਮੰਗਲ ਸਿੰਘ ਬੀ.ਏ. ਨੂੰ ਸੌਂਪੀ ਗਈ। ਪਾਠਕ ਜਾਣਦੇ ਹਨ ਕਿ 'ਅਕਾਲੀ' ਅਖ਼ਬਾਰ ਨੇ ਅਕਾਲੀ ਲਹਿਰ ਦੇ ਪ੍ਰਚਾਰ, ਪਸਾਰ ਅਤੇ ਮਜ਼ਬੂਤੀ ਵਿੱਚ ਉਸੇ ਤਰ੍ਹਾਂ ਯੋਗਦਾਨ ਪਾਇਆ ਜਿਵੇਂ 'ਗਦਰ' ਅਖ਼ਬਾਰ ਨੇ ਗਦਰ ਲਹਿਰ ਲਈ ਪਾਇਆ ਸੀ। ਅਖ਼ਬਾਰ ਦੇ ਪ੍ਰਬੰਧਕੀ ਰੁਝੇਵਿਆਂ ਦੇ ਨਾਲ ਨਾਲ ਸੁੰਦਰ ਸਿੰਘ ਨੇ ਸੈਂਟਰਲ ਸਿੱਖ ਲੀਗ ਵਿੱਚ ਵੀ ਸਰਗਰਮੀ ਵਿਖਾਈ। ਅਕਤੂਬਰ 1920 ਵਿੱਚ ਲਾਹੌਰ ਵਿੱਚ ਸੈਂਟਰਲ ਸਿੱਖ ਲੀਗ ਦੇ ਦੂਜੇ ਸਾਲਾਨਾ ਸੈਸ਼ਨ ਦੌਰਾਨ ਨਾ-ਮਿਲਵਰਤਣ ਲਹਿਰ ਦੇ ਪੱਖ ਵਿੱਚ ਮਤਾ ਪ੍ਰਵਾਨ ਕਰਵਾਉਣ ਵਿੱਚ ਉਸ ਨੇ ਮਹੱਤਵਪੂਰਨ ਯੋਗਦਾਨ ਪਾਇਆ। ਵੀਹ ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋਣ ਪਿੱਛੋਂ ਉਹ ਖੁੱਲ੍ਹ ਕੇ ਅਕਾਲੀ ਲਹਿਰ ਵਿੱਚ ਕੁੱਦ ਪਿਆ। ਅਕਾਲੀ ਲਹਿਰ ਵਿੱਚ ਉਸ ਦੀ ਭੂਮਿਕਾ ਨੂੰ ਮਾਨਤਾ ਦਿੰਦਿਆਂ ਮਈ 1921 ਵਿੱਚ ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ। ਅਕਤੂਬਰ ਵਿੱਚ ਸੈਂਟਰਲ ਸਿੱਖ ਲੀਗ ਦਾ ਤੀਜਾ ਸਾਲਾਨਾ ਸੈਸ਼ਨ ਲਾਇਲਪੁਰ ਵਿੱਚ ਹੋਇਆ, ਜਿੱਥੇ ਭੁਜੰਗੀ ਸਭਾ ਨੇ ਉਸ ਵੱਲੋਂ ਕੀਤੀ ਪੰਥਕ ਸੇਵਾ ਸਦਕਾ ਉਸ ਨੂੰ ਮਾਣ-ਪੱਤਰ ਅਤੇ ਇੱਕ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕਰਕੇ ਸਨਮਾਨਿਤ ਕੀਤਾ। 'ਅਕਾਲੀ' ਅਖ਼ਬਾਰ ਨੂੰ ਪੱਕੇ ਪੈਰੀਂ ਚਲਾਉਣ ਦੀ ਮਨਸ਼ਾ ਨਾਲ ਉਸ ਨੇ ਇਸ ਦਾ ਪ੍ਰਬੰਧ ਅਕਾਲੀ ਆਗੂਆਂ ਉੱਤੇ ਆਧਾਰਿਤ ਇੱਕ ਕਮੇਟੀ ਹਵਾਲੇ ਕਰ ਦਿੱਤਾ। ਮੈਂਬਰਾਂ ਨੇ ਉਸ ਨੂੰ ਹੀ ਕਮੇਟੀ ਦਾ ਪ੍ਰਧਾਨ ਬਣਾਇਆ। ਉਸ ਦਾ ਮਤ ਸੀ ਕਿ ਅਕਾਲੀਆਂ ਨੂੰ ਆਪਣਾ ਪੱਖ ਦੇਸ਼ਵਾਸੀਆਂ ਸਾਹਮਣੇ ਰੱਖਣ ਵਾਸਤੇ ਅੰਗਰੇਜ਼ੀ ਅਖ਼ਬਾਰ ਚਲਾਉਣਾ ਚਾਹੀਦਾ ਹੈ। ਉਸ ਦੇ ਇਸ ਸਬੰਧੀ ਯਤਨ ਵਿੱਚ ਉਦੋਂ ਅੜਿੱਕਾ ਪੈ ਗਿਆ ਜਦੋਂ 'ਅਕਾਲੀ' ਅਖ਼ਬਾਰ ਵਿੱਚ ਉਸ ਵੱਲੋਂ ਲਿਖੇ ਮਜ਼ਮੂਨਾਂ ਤੋਂ ਘਬਰਾਈ ਪੰਜਾਬ ਸਰਕਾਰ ਨੇ ਉਸ ਵਿਰੁੱਧ ਜਨਤਾ ਨੂੰ ਬਗ਼ਾਵਤ ਲਈ ਭੜਕਾਉਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ, ਜਿਸ ਵਿੱਚ ਉਸ ਨੂੰ ਇੱਕ ਸਾਲ ਕੈਦ ਬਾਮੁਸ਼ੱਕਤ ਸਜ਼ਾ ਹੋਈ। ਸਜ਼ਾ ਭੁਗਤਣ ਲਈ ਉਸ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿੱਚ ਭੇਜਿਆ ਗਿਆ, ਜਿੱਥੇ ਪਹਿਲਾਂ ਹੋਰ ਵੀ ਅਕਾਲੀ ਬੰਦੀ ਰੱਖੇ ਹੋਏ ਸਨ। ਇਨ੍ਹਾਂ ਨੇ ਆਪਣੀਆਂ ਮੰਗਾਂ ਮੰਨਵਾਉਣ ਲਈ 23 ਮਈ ਨੂੰ ਭੁੱਖ ਹੜਤਾਲ ਸ਼ੁਰੂ ਕੀਤੀ। 11 ਜੂਨ 1922 ਦੇ ਅਖ਼ਬਾਰ 'ਅਕਾਲੀ' ਵਿੱਚ ਛਪੀ ਖ਼ਬਰ ਅਨੁਸਾਰ ਭੁੱਖ ਹੜਤਾਲ ਕਾਰਨ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦਾ ਭਾਰ 28 ਪੌਂਡ ਘਟ ਗਿਆ। ਜੁਲਾਈ 1922 ਵਿੱਚ ਜੇਲ੍ਹ ਤੋਂ ਬਾਹਰ ਆ ਕੇ ਉਸ ਨੇ 'ਅਕਾਲੀ' ਅਖ਼ਬਾਰ ਦੀ ਥਾਂ ਸ਼ੁਰੂ ਹੋਏ ਨਵੇਂ ਅਖ਼ਬਾਰ 'ਅਕਾਲੀ ਤੇ ਪ੍ਰਦੇਸੀ' ਦੀ ਵਾਗਡੋਰ ਸੰਭਾਲੀ। ਉਸ ਨੂੰ ਜੂਨ 1923 ਵਿੱਚ ਅੰਮ੍ਰਿਤਸਰ ਵਿੱਚ ਹੋਣ ਵਾਲੇ ਸੈਂਟਰਲ ਸਿੱਖ ਲੀਗ ਦੇ ਵਿਸ਼ੇਸ਼ ਸੈਸ਼ਨ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਅੰਗਰੇਜ਼ ਸਰਕਾਰ ਵਿਰੁੱਧ ਨਾ-ਮਿਲਵਰਤਣ ਦਾ ਸੱਦਾ ਦੇਣ ਦੇ ਨਾਲ ਨਾਲ ਦੁਆਬੇ ਵਿੱਚ ਬੱਬਰ ਅਕਾਲੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਉੱਤੇ ਕੀਤੇ ਜਾ ਰਹੇ ਜਬਰ ਲਈ ਸਰਕਾਰ ਦੀ ਨਿੰਦਾ ਕੀਤੀ। ਉਸ ਨੇ ਬਰਤਾਨਵੀ ਹਿੰਦੋਸਤਾਨ ਦੀ ਸਰਕਾਰ ਦੁਆਰਾ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰੇ ਜਾਣ ਨੂੰ ਵਧੀਕੀ ਦੱਸਦਿਆਂ ਸਿੱਖ ਪੰਥ ਨੂੰ ਇਸ ਵਿਰੁੱਧ ਡਟਣ ਦੀ ਸਲਾਹ ਵੀ ਦਿੱਤੀ।

ਇਨ੍ਹੀਂ ਦਿਨੀਂ ਉਸ ਨੇ ਅੰਗਰੇਜ਼ੀ ਅਖ਼ਬਾਰ ਚਲਾਉਣ ਲਈ ਲੋੜੀਂਦੀ ਰਾਸ਼ੀ ਇਕੱਠੀ ਕਰਨ ਵਾਸਤੇ ਅਪੀਲ ਜਾਰੀ ਕੀਤੀ, ਜਿਸ ਨੂੰ 'ਪੰਜ ਲੱਖੀ ਅਪੀਲ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਿੱਖ ਜਗਤ ਨੇ ਇਸ ਅਪੀਲ ਦਾ ਭਰਵਾਂ ਹੁੰਗਾਰਾ ਭਰਿਆ ਅਤੇ ਪਰਦੇਸਾਂ ਵਿੱਚ ਬੈਠੇ ਪੰਜਾਬੀਆਂ ਨੇ ਵੀ ਯੋਗਦਾਨ ਪਾਇਆ। ਨਤੀਜੇ ਵਜੋਂ, ਅਖ਼ਬਾਰ ਚਲਾਉਣ ਲਈ ਉਸ ਦੀ ਪ੍ਰਧਾਨਗੀ ਹੇਠ ਪੰਡਿਤ ਮਦਨ ਮੋਹਨ ਮਾਲਵੀਆ ਅਤੇ ਮਾਸਟਰ ਤਾਰਾ ਸਿੰਘ ਉੱਤੇ ਆਧਾਰਿਤ ਇੱਕ ਟਰੱਸਟ ਦਾ ਗਠਨ ਕੀਤਾ ਗਿਆ। ਅਖ਼ਬਾਰ ਦੀ ਦੇਖਭਾਲ ਸ. ਮੰਗਲ ਸਿੰਘ ਗਿੱਲ ਅਤੇ ਭਾਈ ਚੰਚਲ ਸਿੰਘ ਜੰਡਿਆਲਾ ਦੇ ਹੱਥ ਸੌਂਪੀ ਗਈ। ਸ੍ਰੀ ਪਾਨੀਕਰ ਨੂੰ ਸੰਪਾਦਕ ਅਤੇ ਸ੍ਰੀ ਦੇਵ ਦਾਸ ਗਾਂਧੀ ਨੂੰ ਉਸ ਦਾ ਸਹਾਇਕ ਨਿਯੁਕਤ ਕੀਤਾ ਗਿਆ। 'ਹਿੰਦੋਸਤਾਨ ਟਾਈਮਜ਼' ਦਾ ਉਦਘਾਟਨ ਮਹਾਤਮਾ ਗਾਂਧੀ ਨੇ 15 ਸਤੰਬਰ 1924 ਨੂੰ ਕੀਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਕੁਝ ਅਕਾਲੀ ਲੀਡਰਾਂ ਵੱਲੋਂ ਅਸਹਿਯੋਗ ਦਾ ਵਤੀਰਾ ਧਾਰਨ ਕਰਨ ਕਰਕੇ ਉਸ ਨੂੰ ਇਹ ਅਖ਼ਬਾਰ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਵੇਚਣਾ ਪਿਆ। ਮਾਸਟਰ ਸੁੰਦਰ ਸਿੰਘ ਉਨ੍ਹਾਂ ਅਕਾਲੀ ਆਗੂਆਂ ਵਿੱਚੋਂ ਸੀ, ਜਿਨ੍ਹਾਂ ਦਾ ਝੁਕਾਅ ਕਮਿਊਨਿਜ਼ਮ ਵੱਲ ਸੀ। ਉਹ ਕਾਮਰੇਡ ਐੱਮ.ਐੱਨ. ਰੌਇ ਦੇ ਸੰਪਰਕ-ਸੂਤਰ, 'ਹਿੰਦੋਸਤਾਨ ਲੇਬਰ ਅਤੇ ਕਿਸਾਨ ਪਾਰਟੀ' ਦੇ ਆਗੂ ਅਤੇ ਲਾਹੌਰ ਤੋਂ ਨਿਕਲਦੇ ਉਰਦੂ ਅਖ਼ਬਾਰ 'ਇਨਕਲਾਬ' ਦੇ ਸੰਪਾਦਕ ਪ੍ਰੋ. ਗੁਲਾਮ ਹੁਸੈਨ ਦੇ ਸੰਪਰਕ ਵਿੱਚ ਸੀ। 1927 ਵਿੱਚ ਕਾਮਰੇਡ ਮਨੀ ਲਾਲ ਦੇ ਨਾਂ ਹੇਠ ਤਿਆਰ ਕੀਤਾ ਗਿਆ ਪੈਂਫਲੈੱਟ ਗੁਪਤ ਤੌਰ ਉੱਤੇ ਜਿਹੜੇ ਵਿਅਕਤੀਆਂ ਨੂੰ ਭੇਜਿਆ ਗਿਆ, ਉਨ੍ਹਾਂ ਵਿੱਚ 'ਕਾਮਰੇਡ ਸੁੰਦਰ ਸਿੰਘ ਲਾਇਲਪੁਰੀ ਮਾਰਫਤ ਪ੍ਰਦੇਸੀ ਤੇ ਅਕਾਲੀ' ਵੀ ਸ਼ਾਮਲ ਸੀ।

ਇਨ੍ਹੀਂ ਦਿਨੀਂ ਕਿਉਂ ਜੋ ਅਕਾਲੀ ਦਲ ਅਤੇ ਕਾਂਗਰਸ ਆਪਸੀ ਸਹਿਯੋਗ ਨਾਲ ਚੱਲ ਰਹੇ ਸਨ, ਇਸ ਲਈ ਮਾਸਟਰ ਸੁੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਮੀਤ ਪ੍ਰਧਾਨ ਥਾਪਿਆ ਗਿਆ। ਉਹ ਅੰਮ੍ਰਿਤਧਾਰੀ ਸਿੰਘ ਹੋਣ ਕਰਕੇ ਹਮੇਸ਼ਾ ਵੱਡੀ ਕਿਰਪਾਨ ਆਪਣੇ ਹੱਥ ਵਿੱਚ ਰੱਖਦਾ ਸੀ, ਸਰਕਾਰ ਪ੍ਰਤੀ ਰੋਸ ਦੇ ਵਿਖਾਵੇ ਵਜੋਂ ਕਾਲੀ ਦਸਤਾਰ ਬੰਨ੍ਹਦਾ ਸੀ, ਕਾਂਗਰਸੀ ਵਜੋਂ ਉਸ ਦਾ ਸਾਰਾ ਪਹਿਰਾਵਾ ਖੱਦਰ ਦਾ ਹੁੰਦਾ ਸੀ। ਉਸ ਨੇ ਦੇਸ਼ ਵਿੱਚ ਫ਼ਿਰਕੂ ਏਕਤਾ ਕਾਇਮ ਕਰਨ ਦੇ ਮਕਸਦ ਨਾਲ ਸਾਰੇ ਉੱਤਰੀ ਭਾਰਤ ਦਾ ਦੌਰਾ ਕੀਤਾ। ਪੰਜਾਬ ਸਰਕਾਰ ਨੇ 22 ਦਸੰਬਰ 1932 ਨੂੰ ਹੁਕਮ ਜਾਰੀ ਕਰਕੇ ਕਿਸੇ ਰਾਜਸੀ ਮੀਟਿੰਗ ਜਾਂ ਜਲੂਸ ਵਿੱਚ ਸ਼ਾਮਲ ਨਾ ਹੋਣ ਅਤੇ ਕਾਂਗਰਸ ਵਾਲੰਟੀਅਰਾਂ ਨੂੰ ਕਿਸੇ ਵੀ ਰੂਪ ਵਿੱਚ ਇਕੱਠਾ ਨਾ ਕਰਨ ਦੀ ਸ਼ਰਤ ਲਾਉਂਦਿਆਂ ਉਸ ਦੇ ਲਾਹੌਰ ਤੋਂ ਬਾਹਰ ਜਾਣ ਉੱਤੇ ਪਾਬੰਦੀ ਲਾ ਦਿੱਤੀ। ਇਹ ਜ਼ੁਬਾਨਬੰਦੀ 24 ਨਵੰਬਰ 1933 ਤੱਕ ਜਾਰੀ ਰਹੀ। ਰਾਜਸੀ ਗਤੀਵਿਧੀਆਂ ਵਿੱਚ ਵਧੇਰੇ ਭੱਜ-ਨੱਸ ਨੇ ਉਸ ਦੀ ਸਿਹਤ ਉੱਤੇ ਅਸਰ ਪਾਇਆ, ਜਿਸ ਕਾਰਨ ਉਸ ਨੂੰ ਸਿਆਸੀ ਖੇਤਰ ਵਿੱਚ ਗ਼ੈਰ-ਸਰਗਰਮ ਹੋਣਾ ਪਿਆ।

ਦੇਸ਼ ਵੰਡ ਪਿੱਛੋਂ ਲਾਇਲਪੁਰੀ ਪਰਿਵਾਰ ਨੂੰ ਜ਼ਿਲ੍ਹਾ ਹਿਸਾਰ ਵਿੱਚ ਜ਼ਮੀਨ ਅਲਾਟ ਹੋਈ। ਇਸ ਥਾਂ ਗੁੰਮਨਾਮੀ ਦਾ ਜੀਵਨ ਭੋਗਦਿਆਂ ਹੀ ਅਕਾਲੀ ਲਹਿਰ ਨੂੰ ਚੰਗਿਆੜੀ ਤੋਂ ਭਾਂਬੜ ਬਣਾਉਣ ਵਾਲਾ ਇਹ ਯੋਧਾ 3 ਮਾਰਚ 1969 ਨੂੰ ਅਕਾਲ ਚਲਾਣਾ ਕਰ ਗਿਆ।

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀਵਾਰ ਕਿਸ਼ਤ 48

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ



### ਹੈਨਰੀ ਲਾਰੰਸ

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੇਂਦ? ਇਹ ਇਤਿਹਾਸ ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੂਰੇਡੀਆਂ ਮਿਥੀਆਂ ਹੋਈਆਂ ਗੱਲਾਂ ਨੂੰ ਛੇਤੀ ਨੇਪਰੇ ਚਾੜ੍ਹਨ ਬਦਲੇ ਸੋਚਣ ਲੱਗੇ।

### ਹਾਰਡਿੰਗ ਦੀ ਚਿੱਠੀ । ਜੁਲਾਈ

ਹੈਨਰੀ ਲਾਰੰਸ ਜਾਣਦਾ ਸੀ, ਕਿ ਉਹਨੂੰ ਕਿਸ ਮਤਲਬ ਵਾਸਤੇ ਹੈਜ਼ੀਡੈਂਟ ਬਣਾਇਆ ਗਿਆ ਸੀ। ਉਹਨੇ ਰਾਜ ਦਾ ਹਰ ਇਕ ਮਹਿਕਮਾ ਆਪਣੇ ਹੱਥ ਵਿਚ ਲੈ ਲਿਆ। ਓਧਰ ਹਾਰਡਿੰਗ ਦੀ । ਜੁਲਾਈ,੧੪੭ ਈ.ਦੀ ਚਿੱਠੀ ਨੇ ਹੈਨਰੀ ਲਾਰੰਸ ਦਾ ਹੌਂਸਲਾ ਹੋਰ ਵੀ ਵਧਾ ਦਿੱਤਾ। ਚਿੱਠੀ ਵਿਚ ਲਿਖਿਆ ਸੀ, '' ਭਰੋਵਾਲ ਦੀ ਸੁਲ੍ਹਾ ਅਨੁਸਾਰ ਲਾਹੌਰ ਵਿਚ ਰਹਿਣ ਵਾਲੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਰਾਜ ਪਰਬੰਧ ਦੇ ਹਰ ਇਕ ਮਹਿਕਮੇ ਦੇ ਸਾਰਿਆਂ ਕੰਮਾਂ ਵਿਚ ਪੂਰੇ ਪੂਰੇ ਅਖ਼ਤਿਆਰ ਹਨ। ਇਹ ਚੰਗੀ ਗੱਲ ਹੈ, ਕਿ ਰੈਜ਼ੀਡੈਂਟ ਕੌਂਸਲ ਦੇ ਦੇਸੀ ਮੈਂਬਰਾਂ ਨੂੰ ਆਪਣੇ ਨਾਲ ਸਹਿਮਤ ਰੱਖੇ, ਪਰ ਅਸਲ ਵਿਚ ਦੇਸੀ ਮੈਂਬਰ ਪੂਰੀ ਤਰ੍ਹਾਂ ਉਹਦੇ ਅਧੀਨ ਤੇ ਆਸਰੇ ਥੱਲੇ ਹਨ। ਉਹ ਪਹਿਲੇ ਮੈਂਬਰਾਂ ਨੂੰ ਹਟਾ ਸਕਦਾ ਤੇ ਉਹਨਾਂ ਦੀ ਥਾਂ ਨਵੇਂ ਹੋਰ ਰੱਖ ਸਕਦਾ ਹੈ। ਸ਼ਹਿਰੀ ਕੰਮਾਂ ਵਾਂਗ ਫ਼ੌਜੀ ਮਾਮਲਿਆਂ ਵਿਚ ਵੀ ਉਹਨੂੰ ਪੂਰੇ ਅਖ਼ਤਿਆਰ ਹਨ। ਸਾਰੇ ਪੰਜਾਬ ਵਿਚ ਕਿਸੇ ਵੀ ਥਾਂ ਤੋਂ ਸਿੱਖ ਫ਼ੌਜ ਹਟਾ ਕੇ ਓਥੇ ਅੰਗਰੇਜ਼ੀ ਫ਼ੌਜ ਰਖ ਸਕਦਾ ਹੈ।

ਇਸ ਪਿਛੋਂ ਇਕ ਹੋਰ ਚਿੱਠੀ ਵਿਚ ਲਾਰਡ ਹਾਰਡਿੰਗ ਨੇ ਹੈਨਰੀ ਲਾਰੰਸ ਨੂੰ ਸਲਾਹ ਦਿੱਤੀ, ਕਿ ਉਹ ਸਾਰੇ ਦੇਸੀ ਅਫ਼ਸਰਾਂ 'ਤੇ ਪੱਕਾ ਹੱਥ ਰੱਖੇ ਤੇ ਹਰ ਮਹਿਕਮੇ ਵਿਚ ਆਪਣਾ ਚੰਗਾ ਪਰਭਾਵ ਕਾਇਮ ਰੱਖੇ।''

### ਪਰਮਾ

ਇਹਨੀਂ ਹੀ ਦਿਨੀਂ ਤੇਜ ਸਿੰਘ ਦੇ ਕਤਲ ਕਰਨ ਦਾ ਇਕ ਸ਼ੜਯੰਤਰ ਰਚਿਆ ਗਿਆ, ਜਿਸ ਵਿਚ 'ਪਰਮਾ! ਤੇ 'ਮਹਾਰਾਣੀ ਦਾ ਸਕੱਤਰ ਫੜੇ ਗਏ। ਲਾਰੰਸ ਨੇ ਗੋਂਦ ਦਾ ਮੋਢੀ 'ਮਹਾਰਾਣੀ ਨੂੰ ਸਮਝਿਆ, ਪਰ ਹਾਰਡਿੰਗ ਨੇ ਮੁਕੱਦਮੇ ਦੀ ਪੜਤਾਲ ਕਰਕੇ ਮਹਾਰਾਣੀ ਨੂੰ ਤਾਂ ਨਿਰਦੋਸ਼ ਮੰਨਿਆਂ ਤੇ 'ਪਰਮੇ' ਨੂੰ ਫਾਂਸੀ ਦੀ ਸਜ਼ਾ ਦਿੱਤੀ।

### ਤੇਜ ਸਿੰਘ ਰਾਜਾ ਬਣਿਆਂ

7 ਅਗਸਤ, 1847 ਈ: ਨੂੰ ਲਾਰੰਸ ਨੇ ਇਕ ਵੱਡਾ ਦਰਬਾਰ ਕੀਤਾ, ਜਿਸ ਵਿਚ ਰਾਜ ਸੇਵਾ ਬਦਲੇ ਕੁਛ ਸਰਦਾਰਾਂ ਨੂੰ ਖ਼ਿਤਾਬ ਦਿੱਤੇ ਗਏ। ਇਹਨਾਂ ਸਰਦਾਰਾਂ ਵਿਚ- ਕੌਮੀ ਗ਼ੱਦਾਰ- ਤੇਜ ਸਿੰਘ ਵੀ ਸੀ, ਜਿਸਨੂੰ 'ਰਾਜੇ' ਦਾ ਖ਼ਿਤਾਬ ਮਿਲਨਾ ਸੀ। ਏਸ ਦਿਨ ਮਹਾਰਾਜਾ ਦਲੀਪ ਸਿੰਘ ਦਰਬਾਰ ਵਿਚ ਦੇਰ ਨਾਲ ਪਹੁੰਚਿਆ। ਸਿੱਖ ਦਰਬਾਰ ਵਿਚ ਇਹ ਮਰਯਾਦਾ ਚਲੀ ਆਉਂਦੀ ਸੀ, ਕਿ ਜਿਸ ਸਰਦਾਰ ਨੂੰ 'ਰਾਜੇ' ਦਾ ਖ਼ਿਤਾਬ ਦਿੱਤਾ ਜਾਂਦਾ, ਉਸਨੂੰ ਮਹਾਰਾਜਾ ਆਪਣੇ ਹੱਥੀਂ ਤਿਲਕ ਲਾਉਂਦਾ। ਲਾਰੰਸ ਨੇ ਮਹਾਰਾਜੇ ਨੂੰ, ਤੇਜ ਸਿੰਘ ਦੇ ਮੱਥੇ ਵਿਚ ਤਿਲਕ ਲਾਉਣ ਵਾਸਤੇ ਕਿਹਾ, ਤਾਂ ਉਹਨੇ ਆਪਣੇ ਛੋਟੇ-ਛੋਟੇ ਹੱਥ ਪਿੱਛੇ ਕਰ ਲਏ ਤੇ ਤਿਲਕ ਲਾਉਣ ਤੋਂ ਨਾਂਹ ਕਰ ਦਿੱਤੀ। ਫਿਰ ਇਕ ਗਰੰਥੀ ਕੋਲੋਂ ਤੇਜ ਸਿੰਘ ਨੂੰ ਤਿਲਕ ਦੁਆ ਕੇ ਰਸਮ ਪੂਰੀ ਕੀਤੀ ਗਈ। ਓਸੇ ਸ਼ਾਮ ਨੂੰ-ਏਸ ਖ਼ੁਸ਼ੀ ਵਿਚ-ਆਤਸ਼ਬਾਜ਼ੀ ਚਲਾਈ ਗਈ, ਪਰ ਮਹਾਰਾਜਾ ਵੇਖਣ ਵਾਸਤੇ ਨਾ ਆਇਆ। ਇਹ ਸਾਰੀ ਸਿਖਾਵਟ ਮਹਾਰਾਣੀ ਦੀ ਸਮਝੀ ਗਈ।

### ਹਾਰਡਿੰਗ ਮਹਾਰਾਣੀ ਦੇ ਵਿਰੋਧੀ

ਹਾਰਡਿੰਗ ਤੇ ਲਾਰੰਸ ਮੁੱਢ ਤੋਂ ਹੀ ਹਾਰਡਿੰਗ ਮਹਾਰਾਣੀ ਦੇ ਵਿਰੋਧੀ ਸਨ। ਉਹ ਕਿਸੇ ਐਸੇ ਸਮੇਂ ਦੀ ਭਾਲ ਵਿਚ ਸਨ, ਜਦੋਂ ਮਹਾਰਾਣੀ ਨੂੰ ਸਜ਼ਾ ਦੇ ਸਕਣ। 16 ਦਸੰਬਰ, 1846 ਈ. ਨੂੰ ਹਾਰਡਿੰਗ ਦੀ 'ਕਰੀ' ਵੱਲ ਲਿਖੀ ਹੋਈ ਗੁਪਤ ਚਿੱਠੀ ਵਿਚ ਲਿਖਿਆ ਹੈ, ''ਜੇ ਕੋਈ ਗੱਲ ਬਹਿਸ ਵਾਲੀ ਹੈ, ਤਾਂ ਉਹ ਹੈ ਰਾਣੀ ਨੂੰ ਬਿਲੇ ਲਾਉਣਾ। ਅਸੀਂ ਏਸ ਗੱਲ ਤੇ ਸਹਿਮਤ ਹਾਂ, ਤੇ ਇਹ ਗੱਲ ਬਿਲਕੁਲ ਯੋਗ ਹੈ, ਕਿ ਰਾਣੀ ਦੇ ਹੱਥ ਵਿੱਚ ਕਾਰ-ਮੁਖ਼ਤਿਆਰ ਦੀ ਹੈਸੀਅਤ ਵਿਚ ਕੋਈ

ਤਾਕਤ ਨਾ ਰਹੇ।ਉਸਦੀ ਰਿਹਾਇਸ਼ ਦੇ ਥਾਂ ਦਾ ਫੈਸਲਾ ਕਰਨ ਵੇਲੇ ਨਵੇਂ ਰਾਜ ਪਰਬੰਧ ਦੇ ਵਿਰੁੱਧ, ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜ਼ਸ਼ਾਂ ਦੇ ਆਧਾਰ 'ਤੇ ਉਸਨੂੰ ਉਸਦੇ ਪੁੱਤਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਆਖਿਆ ਜਾ ਸਕਦਾ ਹੈ, ਤੇ ਲੋਕਾਂ ਦੀ ਇਸ ਨਾਲ ਹਮਦਰਦੀ ਵੀ ਹੋ ਜਾਏਗੀ, ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ, ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿਚ ਘੱਟ ਖ਼ਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ, ਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ, ਤਾਂ ਜ਼ਰੂਰ ਉਸਨੂੰ ਸਤਲੁਜੋਂ ਪਾਰ ਭੇਜ ਦਿੱਤਾ ਜਾਏ।'''

-ਚਲਦਾ

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ਼ਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir

CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

Keep Smiling Denture Clinic
Complete Denture | Implant Denture | Partial Denture
Care Home Mobile S... ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

## 20 ਮਾਰਚ 2000 : ਸਿੱਖ ਕਤਲੇਆਮ ਦੇ 25ਵੇਂ ਸ਼ਹੀਦੀ ਦਿਨ 'ਤੇ

# ਕਸ਼ਮੀਰ ਹਿੰਸਾ ਦਾ ਸਿਆਸੀ ਆਧਾਰ : ਛੱਟੀਸਿੰਘਪੁਰਾ ਦਾ ਸੱਚ







**ਵਲੋਂ : ਡਾ ਗੁਰਵਿੰਦਰ ਸਿੰਘ**
**ਸੰਪਰਕ : 604-825-1550**

ਕਸ਼ਮੀਰ ਘਾਟੀ ਦੇ ਜ਼ਿਲ੍ਹਾ ਪੁਲਵਾਮਾ ਦੀ ਤਹਿਸੀਲ ਤਰਾਲ ਵਿੱਚ, ਪਿੰਡ 'ਛੱਟੀਸਿੰਘਪੁਰਾ' ਪੈਂਦਾ ਹੈ। ਕਈ ਵਾਰ ਮੀਡੀਏ ਵਿੱਚ ਇਸ ਦਾ ਨਾਂ ਚਿੱਟੀਸਿੰਘਪੁਰਾ ਜਾਂ ਛੱਤੀ ਸਿੰਘਪੁਰਾ ਲਿਖਿਆ ਜਾਂਦਾ ਹੈ, ਪਰ ਸਹੀ ਨਾਂ ਛੱਟੀਸਿੰਘਪੁਰਾ ਹੈ। ਛੱਟੀਸਿੰਘਪੁਰਾ ਤੋਂ ਇਲਾਵਾ ਕਸ਼ਮੀਰ ਘਾਟੀ ਵਿੱਚ ਸਿੱਖ ਭਾਈਚਾਰੇ ਦੇ ਕਈ ਹੋਰ ਪਿੰਡ ਵੀ ਹਨ, ਜਿੱਥੇ ਲੰਮੇ ਸਮੇਂ ਤੋਂ ਕਸ਼ਮੀਰੀ ਸਿੱਖ ਰਹਿ ਰਹੇ ਹਨ। 25 ਸਾਲ ਪਹਿਲਾਂ ਹੋਲੀ ਨੂੰ 20 ਮਾਰਚ 2000 ਵਾਲੇ ਦਿਨ ਕਸ਼ਮੀਰ ਘਾਟੀ ਦੇ ਪਿੰਡ ਛੱਟੀਸਿੰਘਪੁਰਾ 'ਚ 36 ਸਿੱਖਾਂ ਨੂੰ ਰਾਤ ਦੇ ਹਨੇਰੇ ਵਿੱਚ, ਫੌਜੀਆਂ ਦੀ ਵਰਦੀ ਪਾਈ ਕੁਝ ਵਿਅਕਤੀਆਂ ਨੇ ਘਰਾਂ ਵਿੱਚੋਂ ਬਾਹਰ ਕੱਢਿਆ ਅਤੇ ਨੇੜਲੇ ਗੁਰਦੁਆਰਾ ਸਾਹਿਬ ਵਿਖੇ ਲਿਜਾ ਕੇ ਕੰਧ ਨਾਲ ਖੜ੍ਹਿਆਂ ਕਰਕੇ, ਗੋਲੀਆਂ ਦਾ ਮੀਂਹ ਵਰ੍ਹਾ ਕੇ, ਸ਼ਹੀਦ ਕਰ ਦਿੱਤਾ ਗਿਆ ਸੀ।

ਇਸ ਕਤਲੇਆਮ ਦੌਰਾਨ ਸਖ਼ਤ ਜ਼ਖ਼ਮੀ ਹੋਏ ਇਕ ਗੁਰਸਿੱਖ ਭਾਈ ਨਾਨਕ ਸਿੰਘ ਨਾਲ ਮੈਂ ਸੰਨ 2000 ਵਿੱਚ ਰੇਡੀਓ ਪੰਜਾਬ ਦੇ ਮਾਧਿਅਮ ਰਾਹੀਂ ਗੱਲਬਾਤ ਕੀਤੀ ਸੀ। ਉਸ ਮੁਤਾਬਿਕ ਕਤਲੇਆਮ ਵਾਲੇ ਦਿਨ ਉਹ ਬਾਕੀ ਗੁਰਸਿੱਖਾਂ ਸਹਿਤ ਗੁਰਦੁਆਰਾ ਸਾਹਿਬ ਵਿਖੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ, ਘਰ ਪਹੁੰਚਿਆ ਹੀ ਸੀ ਕਿ ਫ਼ੌਜ ਦੀ ਵਰਦੀ ਵਿੱਚ ਕਮਾਂਡਿੰਗ ਅਫ਼ਸਰ ਦੀ ਅਗਵਾਈ ਹੇਠ ਹਥਿਆਰਬੰਦ ਕਾਤਲਾਂ ਨੇ ਸਾਰੇ ਗੁਰਸਿੱਖਾਂ ਨੂੰ ਸਨਾਖ਼ਤੀ ਪਰੇਡ ਦੇ ਬਹਾਨੇ, ਘਰਾਂ ਤੋਂ ਬਾਹਰ ਸਥਾਨਕ ਦੋ ਗੁਰਦੁਆਰਿਆਂ ਵਿਖੇ ਇੱਕਠੇ ਹੋਣ ਲਈ ਕਿਹਾ। ਮਗਰੋਂ ਪਿੰਡ ਦੇ ਗੁਰੂਘਰਾਂ ਦੇ ਬਾਹਰ ਲਾਈਨਾਂ ਵਿੱਚ ਖੜ੍ਹੇ ਕਰਕੇ ਸਨਾਖ਼ਤੀ ਕਾਰਡ ਦੇਖਣ ਦਾ ਡਰਾਮਾ ਸ਼ੁਰੂ ਕਰ ਦਿੱਤਾ। ਇਸ ਦੌਰਾਨ 'ਕਮਾਂਡਿੰਗ ਅਫ਼ਸਰ' ਦਿਖਣ ਵਾਲੇ ਨੇ ਹਵਾ ਵਿੱਚ ਫ਼ਾਇਰ ਕੀਤਾ। ਦੇਖਦੇ ਹੀ ਦੇਖਦੇ ਦੋਨੋਂ ਗੁਰਦੁਆਰਿਆਂ ਦੇ ਬਾਹਰ ਖੜ੍ਹੇ ਕੀਤੇ ਗਏ ਗੁਰਸਿੱਖਾਂ ਉਪਰ ਵਰਦੀਧਾਰੀ ਦੁਸ਼ਟਾਂ ਨੇ ਅੰਨੇਵਾਹ ਫਾਇਰਿੰਗ ਸ਼ੁਰੂ ਕਰਦਿਆਂ "ਜੈ ਮਾਤਾ ਦੀ ਤੇ ਜੈ ਹਿੰਦ" ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਇਸ ਖੂਨੀ ਹਮਲੇ ਦੌਰਾਨ ਗੁਰਦੁਆਰਾ ਸਿੰਘ ਸਭਾ ਸਮੁੰਦਰੀ ਹਾਲ ਅਤੇ ਗੁਰਦਵਾਰਾ ਸਿੰਘ ਸਭਾ ਸ਼ਹੀਦ ਨਿਵਾਸ, ਸੌਕੀਨ ਮੁਹੱਲਾ ਦੇ ਬਾਹਰ 36 ਗੁਰਸਿੱਖ ਸ਼ਹੀਦ ਹੋ ਗਏ। ਵਰਦੀਧਾਰੀ ਕਾਤਲ ਇਹ ਕਤਲੇਆਮ ਕਰਕੇ ਪਿੰਡ ਤੋਂ ਤੁਰੰਤ ਵਾਪਿਸ ਚਲੇ ਗਏ, ਤਾਂ ਗੋਲੀਆਂ ਦੀ ਆਵਾਜ਼ ਸੁਣ ਕੇ ਬਾਕੀ ਘਰਾਂ ਤੋਂ ਸਿੱਖ ਗੁਰੂਦਵਾਰਾ ਸਾਹਿਬਨ ਵੱਲ ਨੂੰ ਭੱਜੇ, ਤਾਂ ਦੇਖਿਆ ਕਿ ਭਾਣਾ ਵਰਤ ਚੁੱਕਿਆ ਸੀ। ਚਾਰ ਸੌ ਸਿੱਖ ਘਰਾਂ ਦੀ ਆਬਾਦੀ ਵਾਲੇ ਪਿੰਡ ਵਿੱਚ ਕਿਸੇ ਘਰ ਕੋਈ ਫ਼ੋਨ ਨਹੀਂ ਸੀ, ਪਰ ਕੁਝ ਕਿਲੋਮੀਟਰ ਦੂਰ 'ਹਰਮੇਲਪੁਰਾ' ਵਿੱਖੇ ਨਿਵਾਸ ਕਰਦੇ ਇਕ ਗੁਰਸਿੱਖ ਐਡਵੋਕੇਟ ਸ. ਜਸਬੀਰ ਸਿੰਘ ਦੇ ਘਰ ਲੈਂਡ ਲਾਈਨ ਫ਼ੋਨ ਸੀ, ਜਿਸ ਕਰਕੇ ਕੁਝ ਗੁਰਸਿੱਖ ਉੱਥੇ ਗਏ। ਉਨ੍ਹਾਂ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤਾ, ਤਾਂ ਆਪ ਜੀ ਨੇ ਕੋਲ ਪੈਂਦੇ 'ਮਟਨ' ਥਾਣੇ ਫ਼ੋਨ ਕੀਤਾ, ਜਿੱਥੋਂ ਥਾਣੇਦਾਰ ਇਸ਼ਾਕ ਆਪਣੇ ਸਿਪਾਹੀਆਂ ਨਾਲ ਘਟਨਾ ਵਾਲੀ ਜਗ੍ਹਾ ਪਹੁੰਚ ਗਿਆ। ਉਸਨੇ ਜ਼ਖ਼ਮੀ ਸਿੱਖਾਂ ਨੂੰ ਹਸਪਤਾਲ ਇਲਾਜ ਲਈ ਪਹੁੰਚਾ ਦਿੱਤਾ ਤੇ ਬਾਕੀ ਜਾਣਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਪਹੁੰਚਾਈ।

ਕਸ਼ਮੀਰ ਘਾਟੀ 'ਚ ਸਿੱਖਾਂ ਦੇ ਸਮੂਹਿਕ ਕਤਲੇਆਮ ਦੀ ਘਟਨਾ ਤੋਂ ਬਾਅਦ, ਕਸ਼ਮੀਰ ਸਹਿਤ ਸਾਰੇ ਸੰਸਾਰ ਅੰਦਰ ਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਵਿੱਚ ਭਾਰੀ ਸੋਗ ਦੀ ਲਹਿਰ ਦੌੜ ਗਈ। ਦੁਨੀਆ ਦੇ ਹੋਰਨਾਂ ਹਿੱਸਿਆਂ ਵਾਂਗ, ਵੈਨਕੂਵਰ ਵਿੱਚ ਵੀ ਭਾਰਤੀ ਕੌਂਸਲਖਾਨੇ ਬਾਹਰ ਬਹੁਤ ਵੱਡਾ ਮੁਜ਼ਾਹਰਾ ਹੋਇਆ, ਜਿਸ ਦੀ ਅਗਵਾਈ ਬ੍ਰਿਟਿਸ਼ ਕਲੰਬੀਆ ਸਿੱਖ ਕੌਂਸਲ ਨੇ ਕੀਤੀ। ਉਸ ਵੇਲੇ ਬੀਸੀ ਸਿੱਖ ਕੌਂਸਲ ਦਾ ਚੇਅਰਮੈਨ ਹੋਣ ਦੇ ਨਾਤੇ ਸਿੱਖਾਂ, ਮੁਸਲਮਾਨਾਂ ਸਮੇਤ ਬਾਕੀ ਘੱਟ ਗਿਣਤੀਆਂ ਨੂੰ ਹਜ਼ਾਰਾਂ ਦੀ ਤਾਦਾਦ ਵਿੱਚ ਸ਼ਾਮਿਲ ਹੁੰਦਿਆਂ ਦੇਖ ਕੇ, ਮੇਰੇ ਮਨ ਅੰਦਰ ਇਹ ਗੱਲ ਦਾ ਅਹਿਸਾਸ ਹੋਇਆ ਕਿ ਪੀੜਤ ਕੌਮਾਂ ਇਕੱਠੀਆਂ ਹੋ ਕੇ ਹੀ ਇਨਸਾਫ ਲਈ ਲੜ ਸਕਦੀਆਂ ਹਨ। ਕਸ਼ਮੀਰ ਵਿੱਚ ਸ਼ਹੀਦ ਹੋ ਚੁੱਕੇ ਸਾਰੇ ਗੁਰਸਿੱਖਾਂ ਦਾ ਅੰਤਿਮ ਸੰਸਕਾਰ ਗੁਰਦਵਾਰਾ ਸਿੰਘ ਸਭਾ ਸਮੁੰਦਰੀ ਹਾਲ ਦੀ ਹੱਦ ਅੰਦਰ ਇਕ ਵੱਡਾ ਥੜ੍ਹਾ ਬਣਾ ਕੇ ਕੀਤਾ ਗਿਆ। ਇਸ ਕਤਲੇਆਮ ਦੌਰਾਨ ਜਿੱਥੇ ਬਹੁਤ ਸਾਰੇ ਸਿੱਖਾਂ ਦੇ ਘਰਾਂ ਦੇ ਚਿਰਾਗ ਬੁੱਝ ਗਏ, ਉੱਥੇ ਬੀਬੀ ਨਰਿੰਦਰ ਕੌਰ ਜੀ ਦੇ ਪਰਿਵਾਰ ਨਾਲ ਸੰਬਧਿਤ ਗਿਆਰਾਂ ਜੀਅ ਕਤਲੇਆਮ ਦੌਰਾਨ ਸ਼ਹੀਦ ਹੋ ਗਏ।

ਸਿੱਖ ਕਤਲੇਆਮ ਤੋਂ ਬਾਅਦ ਜਦ ਦੇਸ਼-ਵਿਦੇਸ਼ ਅੰਦਰ ਰੋਸ ਮੁਜਾਹਰੇ ਸ਼ੁਰੂ ਹੋਏ, ਤਾਂ ਭਾਰਤੀ ਹਕੂਮਤ ਦੀ ਬਹੁਤ ਬਦਨਾਮੀ ਹੋਈ। ਜਿਸ ਕਾਰਨ ਇਸ ਘਟਨਾ ਤੋਂ ਪੰਜਵੇਂ ਦਿਨ ਪਥਰੀਵਾਲ ਪਿੰਡ ਦੇ ਪੰਜ ਮੁਸਲਿਮ ਨੌਜਵਾਨ ਗਰੀਬ ਆਜੜੀਆਂ ਨੂੰ ਭਾਰਤੀ ਫ਼ੌਜ ਨੇ 'ਦਹਿਸ਼ਤਗਰਦ' ਕਹਿ ਕੇ ਝੂਠੇ ਮੁਕਾਬਲੇ ਵਿਚ ਮਾਰ ਮੁਕਾਇਆ। ਇਸ ਘਟਨਾ ਦੇ ਵਿਰੋਧ ਵਿਚ ਕਸ਼ਮੀਰੀ ਅਵਾਮ ਸੜਕਾਂ ਤੇ ਉਤਰ ਆਇਆ, ਜਿਸ ਉਪਰ ਫ਼ੌਜ ਨੇ ਗੋਲੀ ਚਲਾ ਦਿੱਤੀ, ਇਸ ਦੌਰਾਨ ਨੌਂ ਹੋਰ ਨੌਜਵਾਨ ਵੀ ਮਾਰੇ ਗਏ। ਇੰਡੀਅਨ ਸਟੇਟ ਦੀ ਸੋੜੀ ਸਿਆਸਤ ਕਾਰਨ ਪਹਿਲਾਂ 36 ਗੁਰਸਿੱਖ ਤੇ ਫ਼ੇਰ 14 ਮੁਸਲਮਾਨ ਇਸ ਦੌਰਾਨ ਸਦਾ ਦੀ ਨੀਂਦ ਸਵਾ ਦਿੱਤੇ ਗਏ, ਜੋ ਕਿ ਸਾਰੇ ਹੀ ਬੇਕਸੂਰ ਸਨ। 25 ਵਰ੍ਹੇ ਗੁਜ਼ਰਨ ਦੇ ਬਾਅਦ ਵੀ ਛੱਟੀਸਿੰਘਪੁਰੇ ਦੇ ਕਤਲੇਆਮ ਦੀ ਕੋਈ ਜਾਂਚ ਨਹੀਂ ਹੋਈ।

ਜੰਮੂ ਕਸ਼ਮੀਰ ਦੇ ਵਸਨੀਕ ਅਤੇ ਸਾਹਿਤ ਅਕੈਡਮੀ ਪੁਰਸਕਾਰ ਜੇਤੂ ਕਹਾਣੀਕਾਰ ਖ਼ਾਲਿਦ ਹੁਸੈਨ ਨੇ 'ਹੁਣ' ਮੈਗਜ਼ੀਨ ਲਈ ਅਕਤੂਬਰ ਨਵੰਬਰ 2013 ਦੇ ਅੰਕ ਵਾਸਤੇ ਗੱਲਬਾਤ ਕਰਦੇ ਹੋਏ ਕਸ਼ਮੀਰ ਦੇ ਸਿੱਖ ਕਤਲੇਆਮ ਬਾਰੇ ਕੁਝ ਅਹਿਮ ਜਵਾਬ ਦਿੱਤੇ ਸਨ ;

**'ਕਸ਼ਮੀਰ ਹਿੰਸਾ ਦਾ ਸਿਆਸੀ ਆਧਾਰ : ਛੱਟੀਸਿੰਘਪੁਰਾ ਦਾ ਸੱਚ'**

ਹੁਣ : "ਉਨ੍ਹੀਂ ਦਿਨੀਂ ਹੀ ਪੁਲਵਾਮਾ ਜ਼ਿਲ੍ਹੇ ਦੀ ਤਹਿਸੀਲ ਤਰਾਲ ਦੇ ਪਿੰਡ ਛੱਟੀਸਿੰਘਪੁਰਾ ਪਿੰਡ ਵਿਚ 36 ਸਿੱਖਾਂ ਦਾ ਕਤਲੇਆਮ ਹੋਇਆ ਸੀ। ਤੁਹਾਡੇ ਮੁਤਾਬਕ ਇਸ ਦਰਦਨਾਕ ਕਤਲਕਾਂਡ ਦਾ ਸੱਚ ਕੀ ਹੈ?"

ਖ਼ਾਲਿਦ : "ਹਾਂ, ਇਹ ਸ਼ਹੀਦੀ ਕਾਂਡ ਕਸ਼ਮੀਰ ਘਾਟੀ ਦੇ ਜ਼ਿਲ੍ਹਾ ਪੁਲਵਾਮਾ ਦੀ ਤਹਿਸੀਲ ਤਰਾਲ ਵਿਚ ਹੋਇਆ ਸੀ। ਜਿਥੇ ਸਿੱਖਾਂ ਦੇ ਕਈ ਪਿੰਡ ਨੇ ਜਿਨ੍ਹਾਂ ਵਿਚ ਇਕ ਪਿੰਡ ਦਾ ਨਾਂ ਐ ਛੱਟੀਸਿੰਘਪੁਰਾ। ਕਸ਼ਮੀਰ ਦੀ ਸਿੱਖ ਸੰਗਤ ਅਤੇ ਕਸ਼ਮੀਰ ਦੇ ਮੁਸਲਮਾਨਾਂ ਦਾ ਇਹ ਇਲਜ਼ਾਮ ਐ ਕਿ ਇਸ ਕਤਲ ਕਾਂਡ ਨੂੰ ਅੰਜਾਮ ਦੇਣ ਵਾਲੇ ਭਾਰਤੀ ਫ਼ੌਜੀ ਸਨ ਜਾਂ ਉਨ੍ਹਾਂ ਦੇ ਅਧੀਨ ਕੰਮ ਕਰਨ ਵਾਲੇ ਮੁਖ਼ਬਰ ਤੇ ਸਰਕਾਰੀ ਖਾੜਕੂ (ਇਖ਼ਵਾਨੀ)। ਕਸ਼ਮੀਰੀ ਜਨਤਾ ਅਤੇ ਪੂਰੇ ਭਾਰਤ ਦੇ ਸਿੱਖਾਂ ਦੀ ਪੁਰਜ਼ੋਰ ਮੰਗ ਦੇ ਬਾਵਜੂਦ ਭਾਰਤ ਸਰਕਾਰ ਜਾਂ ਰਿਆਸਤੀ ਸਰਕਾਰ ਨੇ ਇਸ ਕਾਂਡ ਦੀ ਅਦਾਲਤੀ ਜਾਂਚ ਨਹੀਂ ਕਰਵਾਈ ਅਤੇ ਜਦੋਂ ਅਮਰੀਕਾ ਦਾ ਪ੍ਰਧਾਨ ਭਾਰਤ ਆਇਆ ਸੀ ਤਾਂ ਉਸ ਨੇ ਇਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ ਕਿ "ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਛੱਟੀਸਿੰਘਪੁਰਾ ਦੇ ਸਿੱਖਾਂ ਨੂੰ ਕਿਸ ਨੇ ਮਾਰਿਐ ਪਰ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾਂ ਕਿ ਉਹ ਬੇਗੁਨਾਹ ਮੇਰੇ ਕਾਰਨ ਮਰੇ ਨੇ।" ਇਹ ਗੱਲ ਕਹਿ ਕੇ ਅਮਰੀਕੀ ਪ੍ਰਧਾਨ ਨੇ ਬਹੁਤ ਕੁਝ ਕਹਿ ਦਿੱਤਾ ਸੀ।"

ਇਹ ਸੱਚ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਮਿਥ ਕੇ ਕੀਤੇ ਸਿੱਖ ਕਤਲੇਆਮ ਦਾ ਦੋਸ਼ ਲਗਾਤਾਰ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਮੱਥੇ 'ਤੇ ਲੱਗਦਾ ਆ ਰਿਹਾ ਹੈ। ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡਲੀਨ ਅਲਬ੍ਰਾਈਟ ਨੇ ਆਪਣੀ ਕਿਤਾਬ MIGHTY AND THE ALMIGHTY ਵਿੱਚ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਸਿੱਖਾਂ ਦੇ ਕਤਲੇਆਮ ਬਾਰੇ, ਰਾਸ਼ਟਰਪਤੀ ਦੇ ਨਜ਼ਰੀਏ ਤੋਂ ਕੁਝ ਸ਼ਬਦ ਅੰਕਿਤ ਕੀਤੇ ਸਨ:

During my visit to India in 2000, some Hindu militants decided to vent their outrage by murdering thirty-eight Sikhs in cold blood. If I hadn't made the trip, the victims would probably still be alive. If I hadn't made the trip because I feared what religious extremists might do, I couldn't have done my job as president of the United States. The nature of America is such that many people define themselves—or a part of themselves—in relation to it, for or against. This is part of the reality in which our leaders must operate.

ਭਾਵ "ਮੇਰੀ ਭਾਰਤ ਫੇਰੀ ਦੌਰਾਨ ਕੁੱਝ ਹਿੰਦੂ ਦਹਿਸ਼ਤਗਰਦਾਂ ਨੇ ਅੱਠਤੀ ਸਿੱਖਾਂ ਦਾ ਕਤਲੇਆਮ ਕਰਕੇ ਆਪਣਾ ਗੁੱਸਾ ਕੱਢਣ ਦਾ ਫ਼ੈਸਲਾ ਕੀਤਾ। ਜੇ ਮੈਂ ਯਾਤਰਾ ਨਾ ਕੀਤੀ ਹੁੰਦੀ ਤਾਂ ਉਹ ਪੀੜਤ ਸ਼ਾਇਦ ਅੱਜ ਜਿਉਂਦੇ ਹੁੰਦੇ।" ਅਮਰੀਕਾ ਦੀ ਸੈਕਟਰੀ ਆਫ ਸਟੇਟ ਦੀ ਇਸ ਕਿਤਾਬ ਦੀ ਚਰਚਾ ਤੋਂ ਮਗਰੋਂ ਇੰਡੀਅਨ ਏਜੰਸੀਆਂ ਨੂੰ ਨਾਮੋਸ਼ੀ ਸਹਿਣੀ ਪਈ ਸੀ। ਬਅਦ ਵਿੱਚ ਇੰਡੀਆ ਦੇ ਤਿੱਖੇ ਪ੍ਰਤੀਕਰਮ ਕਾਰਨ ਪਬਲਿਸ਼ਰ ਹਾਰਪਰ ਕੋਲਿਨਸ ਨੇ ਇਨ੍ਹਾਂ ਟਿੱਪਣੀਆਂ ਵਾਲੇ ਕਿਤਾਬ ਦੇ ਅੰਤਰਰਾਸ਼ਟਰੀ ਸੰਸਕਰਨਾਂ ਵਿੱਚੋਂ ਿਧੂ ੀ.ਲੀਠਅੰਠਸ਼ ਹਿੰਦੂ ਅੱਤਵਾਦੀ ਹਟਾ ਕੇ ਅੰਘ੍ਰੈ ਅਧੀਛਅ.ਲਸ਼ ਭਾਵ 'ਕਰੋਧੀ ਕੱਟੜਪੰਥੀ' ਦੇ ਸ਼ਬਦ ਵਿੱਚ ਬਦਲ ਦਿੱਤਾ ਸੀ, ਪਰ ਇਸ ਨਾਲ ਸਿੱਖਾਂ ਦੇ ਕਤਲੇਆਮ ਦੇ ਦੋਸ਼ ਨਹੀਂ ਮਿਟੇ।

ਭਾਰਤੀ ਅਧਿਕਾਰੀਆਂ ਨੇ ਕਸ਼ਮੀਰ ਦੇ 5 ਕਥਿਤ ਸ਼ੱਕੀ ਮੁਸਲਿਮ ਨੌਜਵਾਨਾਂ ਦਾ 'ਪਥਰੀਬਲ' ਵਿੱਚ ਝੂਠਾ ਪੁਲਿਸ ਮੁਕਾਬਲਾ ਬਣਾ ਕੇ, ਛੱਟੀਸਿੰਘਪੁਰਾ ਦੇ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਉਂਦਿਆਂ, ਉਨ੍ਹਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਸਨ। ਇਸ ਦੇ ਖਿਲਾਫ ਕਸ਼ਮੀਰ ਦੇ ਮੁਸਲਿਮ ਭਾਈਚਾਰੇ ਵੱਲੋਂ ਜ਼ਬਰਦਸਤ ਮੁਜ਼ਾਹਰੇ ਹੋਏ,




ਜਿਨ੍ਹਾਂ 'ਤੇ ਗੋਲੀ ਵਰ੍ਹਾਉਂਦਿਆਂ ਪੁਲਿਸ ਨੇ 9 ਹੋਰ ਬੇਗੁਨਾਹਾਂ ਦੀਆਂ ਜਾਨਾਂ ਲਈਆਂ। ਇਸ ਤਰ੍ਹਾਂ ਇਸ ਕਤਲੇਆਮ ਦੇ ਘਟਨਾਕ੍ਰਮ ਵਿੱਚ 50 ਵਿਅਕਤੀਆਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ, ਜੋ ਕਿ ਬਿਲਕੁਲ ਬੇਕਸੂਰ ਸਨ।

ਭਾਰਤ ਦੇ ਸਾਬਕਾ ਮੰਤਰੀ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ ਡਾ ਮਨੋਹਰ ਸਿੰਘ ਗਿੱਲ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਅਤੇ ਇਹ ਸੱਚਾਈ ਸਾਹਮਣੇ ਆਈ ਕਿ ਮਾਰੇ ਗਏ 5 ਮੁਸਲਮਾਨ ਨੌਜਵਾਨ ਨਿਰਦੋਸ਼ ਸਨ। ਇਸ ਘਟਨਾਕ੍ਰਮ ਮਗਰੋਂ ਝੂਠਾ ਮੁਕਾਬਲਾ ਬਣਾਉਣ ਵਾਲੇ ਸੁਰੱਖਿਆ ਬਲਾਂ ਖਿਲਾਫ ਸੱਚ ਸਾਹਮਣੇ ਆਇਆ ਅਤੇ ਦੋਸ਼ੀ ਸਾਬਤ ਹੋਏ, ਪਰ ਇਸ ਦੇ ਨਾਲ ਮਾਰੇ ਗਏ ਬੇਕਸੂਰ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਗੰਭੀਰ ਸਵਾਲ ਅਜੇ ਵੀ ਹਵਾ ਵਿੱਚ ਲਟਕਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਫੇਰੀ ਦੌਰਾਨ ਜਿਹੜਾ ਅਕਸ ਪੇਸ਼ ਕੀਤਾ ਗਿਆ, ਉਸ ਰਾਹੀਂ ਇੱਕ ਘੱਟ ਗਿਣਤੀ (ਸਿੱਖਾਂ) ਦੇ ਲੋਕਾਂ ਦਾ ਕਤਲੇਆਮ ਕਰਕੇ ਅਤੇ ਦੂਜੀ ਘੱਟ ਗਿਣਤੀ (ਮੁਸਲਮਾਨਾਂ) ਦੇ ਲੋਕਾਂ ਨੂੰ ਦੋਸ਼ੀ ਠਹਿਰਾ ਕੇ, ਕੌਮਾਂਤਰੀ ਪੱਧਰ 'ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਸ਼ਰਮਨਾਕ ਵਰਤਾਰਾ ਏਜੰਸੀਆਂ ਦੀ ਗਹਿਰੀ ਚਾਲ ਸੀ।

ਛੱਟੀਸਿੰਘਪੁਰਾ ਦੇ ਕਤਲੇਆਮ ਤੋਂ 20 ਸਾਲ ਮਗਰੋਂ ਸੰਨ 2020 ਵਿੱਚ, ਅਮਰੀਕਨ ਰਾਸ਼ਟਰਪਤੀ ਟਰੰਪ ਭਾਰਤ ਦੀ ਫੇਰੀ 'ਤੇ ਗਿਆ। ਘੱਟ ਗਿਣਤੀਆਂ ਅੰਦਰ ਡਰ ਹੁਣ ਵੀ ਬਰਕਰਾਰ ਸੀ ਕਿ ਅਜਿਹੀਆਂ ਹੱਤਿਆਵਾਂ ਰਾਜਨੀਤਕ ਲੋਕਾਂ ਲਈ ਕੋਈ ਨਵੀਂ ਚੀਜ਼ ਨਹੀਂ ਅਤੇ ਫਾਸ਼ੀਵਾਦੀ ਤਾਕਤਾਂ, ਏਜੰਸੀਆਂ ਅਤੇ ਸਰਕਾਰਾਂ ਕੁਝ ਵੀ ਕਰਵਾ ਸਕਦੀਆਂ ਹਨ। ਟਰੰਪ ਦੇ ਭਾਰਤ ਜਾਣ 'ਤੇ ਵੀ ਉਹੀ ਕੁਝ ਹੋਇਆ, ਜਿਸ ਦਾ ਡਰ ਸੀ। ਸ਼ਾਹੀਨ ਬਾਗ ਦਿੱਲੀ ਵਿੱਚ ਸ਼ਾਂਤਮਈ ਰੋਸ ਪ੍ਰਗਟਾ ਰਹੇ ਮੁਸਲਮਾਨਾਂ ਖਿਲਾਫ ਹਿੰਸਾ ਅਤੇ ਫੇਰ ਘੱਟ -ਗਿਣਤੀ ਨੂੰ ਹੀ ਦੋਸ਼ੀ ਠਹਿਰਾਉਣਾ। ਦੋਵੇਂ ਵਾਰ ਅਮਰੀਕਾ ਦੇ ਰਾਸ਼ਟਰਪਤੀ ਫੇਰੀ 'ਤੇ ਅਤੇ ਦੋਵੇਂ ਵਾਰ ਬੀਜੇਪੀ ਸਰਕਾਰ। ਦਿੱਲੀ ਫੇਰ ਜਲ ਰਹੀ ਸੀ,

• ਬਾਕੀ ਸਫ਼ਾ 23 'ਤੇ ਪੜ੍ਹੋ

# ਪਾਣੀਆਂ 'ਚ ਜ਼ਹਿਰ ਘੋਲ ਕੇ...

ਵਲੋਂ : ਅਮਰਜੀਤ ਸਿੰਘ ਜੀਤ
ਸੰਪਰਕ: 94172-87122

**ਪਾਣੀਆਂ 'ਚ ਜ਼ਹਿਰ ਘੋਲ ਕੇ**
**ਕਿੱਥੋਂ ਲੱਭਦੈਂ ਸ਼ਰਬਤੀ ਕੂਲਾਂ।**

ਧਰਤੀ 'ਤੇ ਜੀਵਨ ਪਣਪਣਾ ਸ਼ੁਰੂ ਹੋਇਆ ਤਾਂ ਉਹ ਪਾਣੀ ਦੇ ਸੋਮਿਆਂ ਦੇ ਆਲੇ-ਦੁਆਲੇ ਹੀ ਵਿਗਸਦਾ ਰਿਹਾ ਹੈ। ਸਦੀਆਂ ਪਹਿਲਾਂ ਜੀਵਨ ਪਾਣੀ ਦੇ ਕੁਦਰਤੀ ਵਹਿਣਾਂ 'ਤੇ ਨਿਰਭਰ ਕਰਦਾ ਸੀ। ਜਿਉਂ ਜਿਉਂ ਮਨੁੱਖ ਸੱਭਿਅਕ ਹੁੰਦਾ ਗਿਆ ਉਸ ਨੇ ਦਰਿਆਵਾਂ, ਨਦੀਆਂ-ਨਾਲਿਆਂ ਅਤੇ ਕੁਦਰਤੀ ਝੀਲਾਂ ਦੁਆਲੇ ਬਸਤੀਆਂ ਦੇ ਰੂਪ ਵਿੱਚ ਵਸੇਬ ਕਰਨਾ ਸ਼ੁਰੂ ਕਰ ਦਿੱਤਾ। ਅੱਗੇ ਜਾ ਕੇ ਇਹੀ ਬਸਤੀਆਂ ਵੱਡੇ ਸ਼ਹਿਰਾਂ ਦੇ ਰੂਪ ਵਿੱਚ ਵਿਕਸਿਤ ਹੋ ਗਈਆਂ। ਅੱਜ ਵੀ ਸਦੀਆਂ ਪੁਰਾਣੇ ਸ਼ਹਿਰ ਦਰਿਆਵਾਂ ਨਦੀਆਂ-ਨਾਲਿਆਂ ਕੰਢੇ ਹੀ ਵਸੇ ਹੋਏ ਹਨ। ਮਨੁੱਖ ਨੇ ਜੀਵਨ ਨੂੰ ਸੁਖਾਲਾ ਕਰਨ ਲਈ ਬੇਹੱਦ ਤਰੱਕੀ ਕੀਤੀ ਹੈ ਪਰ ਉਹ ਤਰੱਕੀ ਕਰਦਿਆਂ ਕੁਦਰਤੀ ਸੋਮਿਆਂ ਦੀ ਵਰਤੋਂ ਕਰਦੇ ਸਮੇਂ ਓਨਾ ਹੀ ਲਾਪਰਵਾਹ ਹੁੰਦਾ ਗਿਆ। ਦਰਿਆਵਾਂ ਦੇ ਵਹਿਣਾਂ ਨੂੰ ਪਾਕ ਪਵਿੱਤਰ ਅਤੇ ਵਗਦੇ ਪਾਣੀਆਂ ਨੂੰ ਅੰਮ੍ਰਿਤ ਨਿਆਈਂ ਜਾਣਿਆ ਜਾਂਦਾ ਸੀ। ਅੱਜ ਤੋਂ ਪੰਜਾਹ ਕੁ ਸਾਲ ਪਹਿਲਾਂ ਦੇ ਇੱਕ ਪੰਜਾਬੀ ਗੀਤ ਦੇ ਬੋਲ ਵਗਦੇ ਪਾਣੀਆਂ ਦੀ ਸਵੱਛਤਾ ਇਉਂ ਬਿਆਨਦੇ ਹਨ:

**ਗੋਡੀ ਲਾ ਕੇ ਪੀ ਲੈ ਬੱਲੀਏ,**
**ਠੰਢਾ ਠਾਰ ਨੀਂ ਕੱਸੀ ਦਾ ਪਾਣੀ।**

ਇਹ ਸਤਰਾਂ ਬੀਤੇ ਸਮੇਂ ਦੀਆਂ ਗੱਲਾਂ ਹੋ ਗਈਆਂ ਹਨ, ਜਦੋਂ ਮਨੁੱਖ ਨੇ ਏਨੀ ਤਰੱਕੀ ਨਹੀਂ ਸੀ ਕੀਤੀ। ਭਲੇ ਵੇਲਿਆਂ ਦੀ ਗੱਲ ਚੇਤੇ ਕਰਕੇ ਅੱਜ ਦਾ ਤਰੱਕੀ ਯੁੱਗ ਮਨ ਨੂੰ ਉਪਰਾਮ ਕਰਨ ਵਾਲਾ ਜਾਪਦਾ ਹੈ। ਵਧਦੀ ਮਨੁੱਖੀ ਆਬਾਦੀ ਨੇ ਸਭ ਕੁਦਰਤੀ ਸੋਮਿਆਂ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਪੂਰੇ ਵਿਸ਼ਵ ਵਿੱਚ ਵੱਡੇ ਦਰਿਆ ਐਮੇਜ਼ਨ, ਮਿਸੀਸਿੱਪੀ, ਨੀਲ, ਹਵਾਂਗ ਹੋ, ਸਿੰਧ ਆਦਿ ਪ੍ਰਦੂਸ਼ਿਤ ਹੋ ਗਏ ਹਨ। ਭਾਰਤ ਦਾ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਦਰਿਆ ਗੰਗਾ (ਨਦੀ) ਵੀ ਅੱਜ ਪ੍ਰਦੂਸ਼ਿਤ ਹੋ ਚੁੱਕਿਆ ਹੈ।

**ਰਾਮ ਤੇਰੀ ਗੰਗਾ ਮੈਲੀ ਹੋ ਗਈ,**
**ਪਾਪੀਓਂ ਕੇ ਪਾਪ ਧੋਤੇ ਧੋਤੇ।**

ਪਾਪ ਧੋਣ ਤੱਕ ਤਾਂ ਗੱਲ ਚੱਲ ਜਾਂਦੀ, ਪਰ ਹੁਣ ਤਾਂ ਗੰਗਾ ਦੁਆਲੇ ਵਸਦੇ ਸ਼ਹਿਰਾਂ ਦੇ ਸੀਵਰੇਜ ਪਲਾਂਟਾਂ ਦਾ ਪਾਣੀ ਵੀ ਗੰਗਾ 'ਚ ਸੁੱਟਿਆ ਜਾ ਰਿਹਾ ਹੈ। ਕਿਸੇ ਸਮੇਂ ਲੋਕ ਗੰਗਾਜਲ ਨੂੰ ਪਵਿੱਤਰ ਮੰਨ ਕੇ ਘਰਾਂ 'ਚ ਅਧਿਆਤਮਕ ਕੰਮਾਂ ਲਈ ਵਰਤਦੇ ਸਨ, ਪਰ ਅਫ਼ਸੋਸ ਮਨੁੱਖ ਨੇ ਅਧਿਆਤਮਿਕਤਾ ਨਾਲ ਜੁੜੇ ਇਸ ਦਰਿਆ ਨੂੰ ਵੀ ਨਹੀਂ ਬਖ਼ਸ਼ਿਆ, ਆਪਣੇ ਮਤਲਬ ਲਈ ਬੇਹੱਦ ਪ੍ਰਦੂਸ਼ਿਤ ਕਰ ਦਿੱਤਾ ਹੈ। ਉਂਜ, ਗੰਗਾ ਦੀ ਸਵੱਛਤਾ ਲਈ 2011 'ਚ ਸਵਾਮੀ ਨਿਗਮਾਨੰਦ 126 ਦਿਨ ਦੇ ਮਰਨ ਵਰਤ ਤੋਂ ਬਾਅਦ ਅਤੇ 2018 'ਚ ਸਵਾਮੀ ਜੀ.ਡੀ. ਅਗਰਵਾਲ (ਸਵਾਮੀ ਸਾਨੰਦ) 113 ਦਿਨ ਦੇ ਮਰਨ ਵਰਤ ਉਪਰੰਤ ਆਪਣੇ ਪ੍ਰਾਣਾਂ ਦੀ ਆਹੂਤੀ ਪਾ ਗਏ, ਪਰ ਪਰਨਾਲਾ ਉੱਥੇ ਦਾ ਉੱਥੇ ਰਿਹਾ। ਅਨੇਕਾਂ ਸਰਕਾਰੀ ਤੇ ਗ਼ੈਰ-ਸਰਕਾਰੀ ਵਾਤਾਵਰਣ ਬਚਾਓ ਏਜੰਸੀਆਂ ਦੇ ਸਿਰਤੋੜ ਯਤਨਾਂ ਨਾਲ ਅਤੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਲਗਾ ਕੇ ਵੀ ਹਾਲੇ ਤੱਕ ਗੰਗਾ ਨੂੰ ਪ੍ਰਦੂਸ਼ਣ ਮੁਕਤ ਨਹੀਂ ਕੀਤਾ ਜਾ ਸਕਿਆ। ਇਸ ਦਾ ਪਾਣੀ ਅੱਜ ਵੀ ਪੀਣਯੋਗ ਨਹੀਂ ਹੋ ਸਕਿਆ। ਇਹ ਭਾਰਤ ਦੇ ਕਰੋੜਾਂ ਲੋਕਾਂ ਦੀ ਧਾਰਮਿਕ ਆਸਥਾ ਨਾਲ ਜੁੜੇ ਇੱਕ ਦਰਿਆ ਦੀ ਮਿਸਾਲ ਹੈ।

ਇੱਥੇ ਹੀ ਬੱਸ ਨਹੀਂ, ਪੂਰੇ ਭਾਰਤ ਵਿੱਚ ਕੋਈ ਵੀ ਦਰਿਆ ਅਜਿਹਾ ਨਹੀਂ ਜਿਸ ਵਿੱਚ ਸ਼ਹਿਰਾਂ ਦੀ ਉਦਯੋਗਿਕ ਰਹਿੰਦ-ਖੂੰਹਦ ਨਾ ਰੋੜ੍ਹੀ ਜਾਂਦੀ ਹੋਵੇ, ਫੈਕਟਰੀਆਂ 'ਚੋਂ ਨਿਕਲਦਾ ਗੰਦਾ ਪਾਣੀ ਨਾ ਸੁੱਟਿਆ ਜਾਂਦਾ ਹੋਵੇ। ਜੇ ਪੰਜਾਬ ਦੀ ਗੱਲ ਕਰੀਏ ਤਾਂ ਇਸ ਦੇ ਪੰਜਾਂ ਪਾਣੀਆਂ ਦਾ ਹੋਰ ਵੀ ਬੁਰਾ ਹਾਲ ਹੈ। ਲਹਿੰਦੇ ਪੰਜਾਬ 'ਚ ਰਾਵੀ ਦਰਿਆ ਨੂੰ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦਰਿਆ ਸਮਝਿਆ ਜਾਂਦਾ ਹੈ। ਬਿਆਸ ਦਰਿਆ 'ਚ ਬੇਸ਼ੱਕ ਪ੍ਰਦੂਸ਼ਣ ਦਾ ਅਸਰ ਘੱਟ ਸਮਝਿਆ ਜਾਂਦਾ ਸੀ, ਪਰ ਮਈ 2018 'ਚ ਇਹ ਭਰਮ ਵੀ ਉਸ ਵੇਲੇ ਟੁੱਟ ਗਿਆ ਜਦੋਂ ਇੱਕ ਸਵੇਰ ਦਰਿਆ ਨੇੜੇ ਵਸਦੇ ਲੋਕਾਂ ਨੇ ਪਾਣੀ 'ਚ ਮਰੀਆਂ ਮੱਛੀਆਂ ਅਤੇ ਹੋਰ ਮਰੇ ਹੋਏ ਜੀਵ ਵੱਡੇ ਪੱਧਰ 'ਤੇ ਦੇਖੇ। ਬਾਅਦ ਵਿੱਚ ਜਾਂਚ ਉਪਰੰਤ ਇਹ ਗੱਲ ਸਾਹਮਣੇ ਆਈ ਕਿ ਗੁਰਦਾਸਪੁਰ ਦੀ ਸ਼ੂਗਰ ਮਿੱਲ 'ਚੋਂ ਬਹੁਤ ਜ਼ਿਆਦਾ ਰਸਾਇਣਾਂ ਯੁਕਤ ਪਦਾਰਥ ਦਰਿਆ 'ਚ ਰਲਣ ਕਾਰਨ ਪਾਣੀ ਏਨਾ ਜ਼ਹਿਰੀਲਾ ਹੋ ਗਿਆ ਸੀ, ਜਿਸ ਨਾਲ ਪਾਣੀ ਵਿਚਲੇ ਅਨੇਕਾਂ ਜੀਵ ਮਰ ਗਏ। ਇਸ ਘਟਨਾ ਨੇ ਉਦਯੋਗਿਕ ਇਕਾਈਆਂ ਦੇ ਕਾਰਜ ਪ੍ਰਬੰਧਾਂ 'ਚ ਵਰਤੀ ਜਾਂਦੀ ਅਣਗਹਿਲੀ ਦੀ ਪੋਲ ਖੋਲ੍ਹ ਦਿੱਤੀ। ਸਾਲ 2022 ਨੇੜੇ ਅਜਿਹੀ ਇੱਕ ਹੋਰ ਘਟਨਾ ਸਾਹਮਣੇ ਆਈ ਜਦੋਂ ਜ਼ੀਰਾ ਸ਼ਰਾਬ ਫੈਕਟਰੀ ਨੇੜੇ ਬੋਰਵੈੱਲਾਂ ਦਾ ਪਾਣੀ ਬਦਬੂਦਾਰ ਤੇ ਗੰਧਲਾ ਹੋਣ ਲੱਗ ਪਿਆ। ਸ਼ਰਾਬ ਫੈਕਟਰੀ ਦਾ ਰਸਾਇਣ ਯੁਕਤ ਸਾਰਾ ਪਾਣੀ ਧਰਤੀ 'ਚ ਹੀ ਡੰਪ ਕਰ ਦਿੱਤਾ ਜਾਂਦਾ ਰਿਹਾ। ਇਹ ਕੰਮ ਫੈਕਟਰੀ 'ਚ ਲਗਭਗ 25 ਅਣਅਧਿਕਾਰਤ ਡੂੰਘੇ ਬੋਰਵੈੱਲਾਂ ਰਾਹੀਂ ਕੀਤਾ ਜਾਂਦਾ ਰਿਹਾ। ਨਤੀਜੇ ਵਜੋਂ, ਫੈਕਟਰੀ ਦੁਆਲੇ 15 ਕਿਲੋਮੀਟਰ ਤੱਕ ਧਰਤੀ ਹੇਠਲਾ ਪਾਣੀ ਏਨਾ ਪ੍ਰਦੂਸ਼ਿਤ ਹੋ ਗਿਆ ਕਿ ਨਾ ਉਹ ਪੀਣਯੋਗ ਰਿਹਾ ਤੇ ਨਾ ਹੀ ਸਿੰਜਾਈ ਯੋਗ। ਆਖ਼ਰ ਲੰਮੇ ਸੰਘਰਸ਼ ਤੋਂ ਬਾਅਦ ਇਲਾਕੇ ਦੇ ਲੋਕਾਂ ਨੂੰ ਉਦੋਂ ਰਾਹਤ ਮਿਲੀ ਜਦ ਫੈਕਟਰੀ ਬੰਦ ਕਰਨ ਦੇ ਸਰਕਾਰੀ ਹੁਕਮ ਪਾਸ ਹੋਏ। ਜ਼ਾਹਿਰ ਹੈ ਕਿ ਉਦਯੋਗਿਕ ਇਕਾਈਆਂ ਦੇ ਪ੍ਰਬੰਧਕ, ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਸ਼ਰਤਾਂ 'ਤੇ ਸੁਹਿਰਦਤਾ ਨਾਲ ਪੂਰੀ ਤਰ੍ਹਾਂ ਅਮਲ ਨਹੀਂ ਕਰਦੇ। ਲਿਖਤੀ ਬੇਸ਼ੱਕ ਸ਼ਰਤਾਂ ਮੰਨ ਲੈਂਦੇ ਹਨ, ਪਰ ਮਿੱਥੇ ਮਾਪਦੰਡਾਂ 'ਤੇ ਪੂਰੇ ਨਹੀਂ ਉਤਰਦੇ।

ਸਤਲੁਜ ਦਰਿਆ ਦਾ ਹਾਲ ਇਸ ਨਾਲੋਂ ਵੀ ਮਾੜਾ ਹੈ ਕਿਉਂਕਿ ਇਸ 'ਚ ਰਲਣ ਵਾਲੀਆਂ ਸਹਾਇਕ ਨਦੀਆਂ ਦਾ ਪਾਣੀ ਉਦਯੋਗਿਕ ਖੇਤਰਾਂ ਦੇ ਰਸਾਇਣਕ ਰਿਸਾਅ ਕਾਰਨ ਬੇਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ, ਜਿਸ ਨਾਲ ਸਥਿਤੀ ਬਹੁਤ ਜ਼ਿਆਦਾ ਖ਼ਤਰਨਾਕ ਹੋਈ ਪਈ ਹੈ। ਇਨ੍ਹਾਂ ਸਹਾਇਕ ਨਦੀਆਂ 'ਚੋਂ ਸਭ ਤੋਂ ਅਹਿਮ ਨਦੀ 'ਬੁੱਢੇ ਦਰਿਆ' ਦੇ ਕਾਲੇ ਪਾਣੀ ਦੀ ਸਮੱਸਿਆ ਤਾਂ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਬੁੱਢਾ ਦਰਿਆ ਹੁਣ ਗੰਦਾ ਨਾਲਾ ਹੀ ਜਾਪਣ ਲੱਗ ਪਿਆ ਹੈ। ਦੱਸਦੇ ਹਨ ਕਿ 1980ਵਿਆਂ ਤੱਕ ਇਸ ਦਰਿਆ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਰਿਹਾ। ਇਸ ਦਾ ਮਤਲਬ ਇਹ ਹੈ ਕਿ ਇਸ ਦਾ ਪਾਣੀ ਚਮਕੌਰ ਸਾਹਿਬ ਤੋਂ ਬਹਿਲੋਲਪੁਰ, ਮਾਛੀਵਾੜਾ, ਕੂੰਮਕਲਾਂ, ਲੁਧਿਆਣਾ, ਹੰਬੜਾਂ, ਭੂੰਦੜੀ ਤੇ ਵਲੀਪੁਰ ਤੱਕ ਦੇ ਖੇਤਰ ਦੀ ਪਿਆਸ ਬੁਝਾਉਂਦਾ ਰਿਹਾ ਹੈ। 1984 ਤੋਂ ਬਾਅਦ ਲੁਧਿਆਣਾ ਸ਼ਹਿਰ ਦੀ ਆਬਾਦੀ ਵਧਣ ਦੇ ਨਾਲ ਨਾਲ ਸ਼ਹਿਰ ਦਾ ਵੱਡੇ ਪੱਧਰ 'ਤੇ ਉਦਯੋਗੀਕਰਨ ਹੋਣ ਕਾਰਨ ਇਸ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਇੱਥੇ ਵਸਦੇ ਲੋਕਾਂ ਦੇ ਕਹਿਣ ਮੁਤਾਬਿਕ, ਹੁਣ ਹਾਲਤ ਇਹ ਹੈ ਕਿ ਸ਼ਹਿਰ ਦੇ ਸੀਵਰੇਜ ਪਲਾਂਟਾਂ ਅਤੇ ਡੇਅਰੀ ਫਾਰਮਿੰਗ ਦਾ ਅਣਸੋਧਿਆ ਪਾਣੀ ਨਾਲੇ 'ਚ ਸੁੱਟਿਆ ਜਾਂਦਾ ਹੈ। ਇਸ ਦੇ ਨਾਲ ਹੀ ਕੱਪੜੇ ਰੰਗਣ ਵਾਲੀਆਂ ਫੈਕਟਰੀਆਂ, ਇਲੈਕਟਰੋਪਲੇਟਿੰਗ ਉਦਯੋਗ ਅਤੇ ਹੋਰ ਕਈ ਕਿਸਮ ਦੀਆਂ ਉਦਯੋਗਿਕ ਇਕਾਈਆਂ ਦਾ ਰਸਾਇਣਯੁਕਤ ਪਾਣੀ ਵੀ ਇਸ ਵਿੱਚ ਪਾਇਆ ਜਾਂਦਾ ਹੈ। ਬੇਸ਼ੱਕ, ਉਦਯੋਗਪਤੀਆਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਦਾਅਵੇ ਕੀਤੇ ਜਾਂਦੇ ਹਨ ਕਿ ਸਾਰਾ ਪਾਣੀ ਸੁਧਾਈ ਉਪਰੰਤ ਹੀ ਨਾਲੇ ਵਿੱਚ ਪਾਇਆ ਜਾਂਦਾ ਹੈ, ਪਰ ਇਹ ਪੂਰਾ ਸੱਚ ਨਹੀਂ।ਵਾਟਰ ਟਰੀਟਮੈਂਟ ਪਲਾਂਟ ਬੇਸ਼ੱਕ ਲਗਾਏ ਗਏ ਹਨ, ਪਰ ਅਸਲੀਅਤ 'ਚ ਇਹ ਪਲਾਂਟ ਓਨੀ ਸਮਰੱਥਾ ਨਾਲ ਕੰਮ ਨਹੀਂ ਕਰਦੇ ਜਿੰਨੀ ਦੀ ਲੋੜ ਹੈ। ਜੇਕਰ ਟਰੀਟਮੈਂਟ ਪਲਾਂਟ ਲਗਾਏ ਵੀ ਹੋਏ ਹਨ, ਉਨ੍ਹਾਂ ਦਾ ਫ਼ਾਇਦਾ ਤਾਂ ਹੀ ਹੈ, ਜੇ ਪੂਰੀ ਤਰ੍ਹਾਂ ਪਾਣੀ ਦੀ ਸੁਧਾਈ ਹੋ ਸਕੇ ਪਰ ਇਹ ਨਹੀਂ ਹੋ ਰਿਹਾ। ਹਾਲਤ ਵਿਗੜਦੇ ਜਾ ਰਹੇ ਹਨ। ਬੁੱਢੇ ਨਾਲੇ ਦਾ ਕਾਲਾ ਪਾਣੀ ਸਤਲੁਜ 'ਚ ਮਿਲ ਕੇ ਵੱਡੇ ਪੱਧਰ 'ਤੇ ਪਾਣੀ ਪ੍ਰਦੂਸ਼ਿਤ ਕਰ ਰਿਹਾ ਹੈ, ਜੋ ਦੱਖਣੀ ਪੰਜਾਬ ਦੇ ਮਾਲਵੇ ਤੋਂ ਰਾਜਸਥਾਨ ਤੱਕ ਕੈਂਸਰ, ਕਾਲਾ ਪੀਲੀਆ, ਹੈਪੇਟਾਈਟਸ ਸੀ ਅਤੇ ਚਮੜੀ ਦੀਆਂ ਬਿਮਾਰੀਆਂ ਸਮੇਤ ਅਨੇਕਾਂ ਭਿਆਨਕ ਰੋਗਾਂ ਦਾ ਕਾਰਨ ਬਣ ਰਿਹਾ ਹੈ। ਬੁੱਢੇ ਨਾਲੇ ਦੇ ਆਸੇ-ਪਾਸੇ ਦੇ ਖੇਤਰ ਦਾ ਜ਼ਮੀਨਦੋਜ਼ ਪਾਣੀ ਵੀ ਏਨਾ ਦੂਸ਼ਿਤ ਹੋ ਚੁੱਕਿਆ ਹੈ ਕਿ ਪੀਣਯੋਗ ਤਾਂ ਕੀ, ਸਿੰਜਾਈ ਯੋਗ ਵੀ ਨਹੀਂ ਰਿਹਾ। ਇੱਥੋਂ ਦੇ ਲੋਕਾਂ ਦਾ ਜਿਊਣਾ ਦੁੱਭਰ ਹੋਇਆ ਪਿਆ ਹੈ। ਪਿਛਲੇ ਕੁਝ ਸਮੇਂ ਤੋਂ ਵਾਤਾਵਰਣ ਪ੍ਰੇਮੀ ਅਤੇ ਸਮਾਜਸੇਵੀ ਜਥੇਬੰਦੀਆਂ ਨੇ ਬੁੱਢੇ ਨਾਲੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ 'ਕਾਲੇ ਪਾਣੀ ਦਾ ਮੋਰਚਾ' ਨਾਂ ਥੱਲੇ ਮੁਹਿੰਮ ਚਲਾਈ ਹੋਈ ਹੈ। ਦਸੰਬਰ ਦੇ ਸ਼ੁਰੂ ਵਿੱਚ ਮੋਰਚੇ ਵੱਲੋਂ ਇਸ ਮੁਹਿੰਮ ਤਹਿਤ ਜਲ ਪ੍ਰਦੂਸ਼ਣ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਪੰਜਾਬ ਭਰ ਦੇ ਲੋਕਾਂ ਨੂੰ ਲੁਧਿਆਣੇ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ ਸੀ। ਇਸ ਤੋਂ ਘਬਰਾ ਕੇ ਕੱਪੜਾ ਰੰਗਣ ਵਾਲੀਆਂ ਫੈਕਟਰੀਆਂ ਦੇ ਪ੍ਰਬੰਧਕਾਂ ਨੇ ਸਹਿਯੋਗ ਕਰਨ ਦੀ ਬਜਾਏ ਹਮਲਾਵਰ ਰੁਖ਼ ਅਖਤਿਆਰ ਕਰਦਿਆਂ ਸਮਾਜਸੇਵੀ ਮੋਰਚੇ ਦੇ ਆਗੂਆਂ 'ਤੇ ਬਲੈਕਮੇਲਰ ਹੋਣ ਤੱਕ ਦੇ ਦੋਸ਼ ਲਾ ਧਰੇ। ਪ੍ਰਸ਼ਾਸਨ ਨੇ ਭੜਕਾਊ ਤਕਰੀਰਾਂ ਕਰਨ ਵਾਲੇ ਉਦਯੋਗਪਤੀਆਂ 'ਤੇ ਬਣਦੀ ਕਾਰਵਾਈ ਨਹੀਂ ਕੀਤੀ। ਦੂਜੇ ਬੰਨੇ, ਪੰਜਾਬ ਭਰ ਤੋਂ ਪੀੜਤ ਲੋਕਾਂ ਅਤੇ ਮੋਰਚੇ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਨੂੰ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੱਤਾ ਗਿਆ। ਇਉਂ ਲੋਕਾਂ ਨੂੰ ਜ਼ਹਿਰ ਦੇ ਘੁੱਟ ਭਰਨ ਲਈ ਮਜਬੂਰ ਵੀ ਕੀਤਾ ਜਾ ਰਿਹਾ ਤੇ ਰੋਣ ਵੀ ਨਹੀਂ ਦਿੱਤਾ ਜਾ ਰਿਹਾ। ਮੁੱਕਦੀ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਅਜਿਹਾ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਸਗੋਂ ਹੋਰ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ। ਇਸ ਵਿਰੁੱਧ ਸਮਾਜਸੇਵੀ ਤੇ ਵਾਤਾਵਰਨ ਬਚਾਓ ਜਥੇਬੰਦੀਆਂ ਲੰਮੇ ਸਮੇਂ ਤੋਂ ਆਪਣੀ ਆਵਾਜ਼ ਬੁਲੰਦ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸੰਘਰਸ਼ ਦੇ ਰਾਹ ਪਈਆਂ ਹੋਈਆਂ ਹਨ।ਪਾਣੀ ਪਲੀਤ ਕਰਨ ਲਈ ਜ਼ਿੰਮੇਵਾਰ ਤੰਤਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕਦੀ। ਲੋਕ ਬੋਤਲ ਬੰਦ ਪਾਣੀ ਪੀਣ ਅਤੇ ਘਰ ਘਰ ਆਰ.ਓ. ਸਿਸਟਮ ਲਗਾ ਕੇ ਪਾਣੀ ਪੀਣਯੋਗ ਬਣਾਉਣ ਲਈ ਮਜਬੂਰ ਹਨ, ਬੇਸ਼ੱਕ ਇਸ ਲਈ ਉਨ੍ਹਾਂ ਨੂੰ ਭਾਰੀ ਕੀਮਤ ਹੀ ਕਿਉਂ ਨਾ ਤਾਰਨੀ ਪੈਂਦੀ ਹੋਵੇ। ਅੱਜ ਕੋਈ ਵੀ ਨਲਕਿਆਂ, ਘੜਿਆਂ, ਖੂਹਾਂ ਜਾਂ ਟੂਟੀਆਂ ਦਾ ਪਾਣੀ ਨਹੀਂ ਪੀ ਸਕਦਾ, ਨਹਿਰਾਂ ਜਾਂ ਕੱਸੀਆਂ ਤੋਂ ਓਕ ਲਾ ਕੇ ਪਾਣੀ ਪੀਣਾ ਤਾਂ ਦੂਰ ਦੀ ਗੱਲ ਹੈ। ਆਰ.ਓ. ਸਿਸਟਮ ਅਤੇ ਬੰਦ ਬੋਤਲ ਪਾਣੀ ਦਾ ਵੀ ਇੱਕ ਵੱਖਰਾ ਉਦਯੋਗ ਹੋਂਦ 'ਚ ਆ ਗਿਆ ਹੈ।

**ਘੜੇ, ਨਲਕੇ ਅਤੇ ਦਰਿਆ ਨਮੋਸ਼ੀ ਵਿੱਚ ਡੁੱਬੇ ਨੇ,**
**ਜਦੋਂ ਦਾ ਬੋਤਲਾਂ ਵਿੱਚ ਬੰਦ ਹੋ ਕੇ ਵਿਕ ਰਿਹਾ ਪਾਣੀ।**
**ਇਹ ਵਰਤਾਰਾ ਵੀ ਅੱਖੀਂ ਦੇਖ ਸਾਨੂੰ ਪੈ ਰਿਹਾ ਜੀਣਾ,**
**ਵਿਕੇ ਮੰਡੀ 'ਚ ਸਸਤਾ ਖ਼ੂਨ,**
**ਮਹਿੰਗਾ ਵਿਕ ਰਿਹਾ ਪਾਣੀ। ਸੁਰਿੰਦਰਪ੍ਰੀਤ ਘਣੀਆ**

ਉਪਰੋਕਤ ਸਤਰਾਂ ਦੇ ਸ਼ਾਇਰ ਨੇ ਅੱਜ ਦੇ ਦੌਰ ਦੀ ਸਪੱਸ਼ਟ ਤਸਵੀਰ ਪੇਸ਼ ਕਰ ਦਿੱਤੀ ਹੈ। ਜੇ ਅਸੀਂ ਹੁਣ ਵੀ ਪਾਣੀਆਂ ਦੀ ਸੰਭਾਲ ਨਾ ਕੀਤੀ ਤਾਂ ਨਤੀਜੇ ਹੋਰ ਵੀ ਭਿਆਨਕ ਹੋ ਸਕਦੇ ਹਨ। ਇਹ ਗੱਲ ਸੁਣਦੇ ਆਏ ਹਾਂ ਕਿ ਆਉਂਦੇ ਸਮਿਆਂ 'ਚ ਤੀਜੀ ਵਿਸ਼ਵ ਜੰਗ ਪਾਣੀ ਲਈ ਲੱਗੇਗੀ। ਜੇ ਅਸੀਂ ਹੁਣ ਵੀ ਨਾ ਸੰਭਲੇ ਅਤੇ ਪਾਣੀ, ਹਵਾ ਤੇ ਧਰਤੀ ਨੂੰ ਦੂਸ਼ਿਤ ਹੋਣੋਂ ਨਾ ਬਚਾਇਆ ਤਾਂ ਇਹ ਗੱਲ ਸੱਚ ਹੋਣ 'ਚ ਸ਼ਾਇਦ ਬਹੁਤੀ ਦੇਰ ਨਹੀਂ ਲੱਗਣੀ। ਇਸ ਲਈ ਹੁਣ ਚਾਹੀਦਾ ਇਹ ਹੈ ਕਿ ਆਲਮੀ ਪੱਧਰ 'ਤੇ ਪਾਣੀਆਂ ਦੀ ਸੰਭਾਲ ਵਾਸਤੇ ਦੁਨੀਆ ਭਰ ਦੀਆਂ ਸਰਕਾਰਾਂ ਤੇ ਪ੍ਰਸ਼ਾਸਨ ਵੱਲੋਂ ਪੂਰੀ ਸੰਜੀਦਗੀ ਨਾਲ ਜਲ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਖ਼ਤ ਕਦਮ ਚੁੱਕੇ ਜਾਣ। ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਲਈ ਸੀਵਰੇਜ ਟਰੀਟਮੈਂਟ ਪਲਾਂਟ ਲਗਾਏ ਜਾਣ, ਉਦਯੋਗਿਕ ਖੇਤਰਾਂ ਵਿੱਚ ਵੱਡੀ ਸਮਰੱਥਾ ਵਾਲੇ ਕਾਮਨ ਐਫਲੂਏਂਟ ਟਰੀਟਮੈਂਟ ਪਲਾਂਟ ਸਥਾਪਤ ਕੀਤੇ ਜਾਣ, ਲੋੜ ਮੁਤਾਬਿਕ ਉਦਯੋਗਿਕ ਇਕਾਈਆਂ ਕੈਪਟਿਵ ਐਫਲੂਏਂਟ ਟਰੀਟਮੈਂਟ ਪਲਾਂਟ ਵੀ ਲਗਾਉਣ ਅਤੇ ਇਨ੍ਹਾਂ ਦੀ ਸਮੇਂ ਸਮੇਂ ਜਾਂਚ ਕਰਨੀ ਯਕੀਨੀ ਬਣਾਈ ਜਾਵੇ। ਪੁਰਾਣੇ ਟਰੀਟਮੈਂਟ ਪਲਾਂਟਸ ਨੂੰ ਲੋੜ ਮੁਤਾਬਿਕ ਮੁੜ ਨਵਿਆਇਆ ਜਾਵੇ ਤਾਂ ਕਿ ਉਨ੍ਹਾਂ ਦੇ ਕੰਮ ਕਰਨ ਦੀ ਸਮਰੱਥਾ ਬਣੀ ਰਹੇ। ਇਸ ਤੋਂ ਇਲਾਵਾ ਮਾਹਿਰ ਵਾਤਾਵਰਨ ਵਿਗਿਆਨੀਆਂ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਨਵੀਆਂ ਤਕਨੀਕਾਂ ਅਮਲ 'ਚ ਲਿਆਂਦੀਆਂ ਜਾਣ ਅਤੇ ਪੂਰੀ ਸੁਹਿਰਦਤਾ ਨਾਲ ਪਾਣੀ ਦੀ ਸੁਧਾਈ ਯਕੀਨੀ ਬਣਾਈ ਜਾਵੇ। ਜੇ ਹੋ ਸਕੇ ਤਾਂ ਸੋਧੇ ਹੋਏ ਪਾਣੀਆਂ ਦੀ ਮੁੜ ਵਰਤੋਂ ਖੇਤੀਬਾੜੀ ਤੇ ਉਦਯੋਗਿਕ ਕਾਰਜਾਂ ਵਿੱਚ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਸਭ ਲਈ ਯੋਜਨਾਬੱਧ ਪ੍ਰੋਜੈਕਟ ਤਿਆਰ ਕੀਤੇ ਜਾਣ। ਇਸ ਤਰ੍ਹਾਂ ਦੇ ਪ੍ਰਬੰਧ ਤੇ

ਕੋਸ਼ਿਸ਼ ਕੀਤੀ ਜਾਵੇ ਕਿ ਸੋਧੇ ਹੋਏ ਪਾਣੀ ਵੀ ਪੀਣ ਵਾਲੇ ਪਾਣੀਆਂ ਦੇ ਕੁਦਰਤੀ ਜਲ ਸਰੋਤਾਂ 'ਚ ਮੁੜ ਨਾ ਰਲ ਸਕਣ।

ਸਰਕਾਰਾਂ, ਪ੍ਰਸ਼ਾਸਨ ਅਤੇ ਉਦਯੋਗਪਤੀਆਂ ਦੇ ਨਾਲ-ਨਾਲ ਪੂਰੀ ਦੁਨੀਆ ਦੇ ਲੋਕ ਵੀ ਜਾਗਰੂਕ ਹੋਣ। ਉਹ ਅਜੋਕੀ ਤਰੱਕੀ-ਦੌੜ ਅਤੇ ਵਾਤਾਵਰਨ 'ਚ ਏਨਾ ਕੁ ਸੰਤੁਲਨ ਬਣਾਈ ਰੱਖਣ ਕਿ ਜ਼ਿੰਦਗੀ ਮਾਣਨ ਯੋਗ ਬਣੀ ਰਹੇ। ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਮਨੁੱਖ ਤਰੱਕੀ-ਦੌੜ 'ਚ ਏਨਾ ਗਲਤਾਨ ਹੋ ਗਿਆ ਹੈ ਕਿ ਉਹ ਆਪਣੀ ਮੌਤ ਦਾ ਸਾਮਾਨ ਆਪ ਤਿਆਰ ਕਰੀ ਜਾ ਰਿਹਾ ਹੈ। ਚੰਗੀ ਜ਼ਿੰਦਗੀ ਜਿਊਣ ਦਾ ਸਭਨਾਂ ਨੂੰ ਬਰਾਬਰ ਹੱਕ ਹੈ। ਇਹ ਗੱਲ ਹਰੇਕ ਇਨਸਾਨ ਨੂੰ ਸਮਝ ਲੈਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਤੁਹਾਡੀ ਤਰੱਕੀ ਦੇ ਰਾਹ 'ਚ ਆਉਣ ਵਾਲੇ ਲੋਕਾਂ ਨੂੰ ਤੁਸੀਂ ਕੀੜੇ ਮਕੌੜੇ ਸਮਝ ਕੇ ਦਰੜਦੇ ਜਾਓ। ਸੋਹਣੀ ਜ਼ਿੰਦਗੀ ਜੀਓ, ਦੂਸਰਿਆਂ ਨੂੰ ਜਿਊਣ ਦਿਓ। ਇਹ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਅਸੀਂ ਗੁਰੂਆਂ, ਪੀਰਾਂ ਅਤੇ ਸਾਡੇ ਰਹਿਬਰਾਂ ਦੇ ਕਥਨਾਂ 'ਤੇ ਅਮਲ ਕਰਕੇ ਸਬਰ-ਸੰਤੋਖ ਵਾਲੀ ਜੀਵਨ ਜਾਚ ਅਪਨਾ ਲਈਏ, ਸਿਰਫ਼ ਪਾਣੀ ਨੂੰ ਹੀ ਨਹੀਂ ਸਗੋਂ ਪੂਰੇ ਵਾਤਾਵਰਨ ਨੂੰ ਸਵੱਛ ਰੱਖੀਏ ਅਤੇ ਗੁਰਬਾਣੀ ਦੇ ਸ਼ਬਦਾਂ 'ਤੇ ਪਹਿਰਾ ਦਿੰਦਿਆਂ ਕੁਦਰਤ ਦੇ ਨਿਯਮਾਂ ਨੂੰ ਸਮਝੀਏ:

**ਪਵਣੁ ਗੁਰੂ ਪਾਣੀ ਪਿਤਾ**
**ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ**
**ਖੇਲੈ ਸਗਲ ਜਗਤੁ॥**

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.


ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

Gurnek Bangar
(Pasla)

ਲੇਖਕ : ਪ੍ਰੋ. ਮੇਹਰ ਮਾਣਕ

# ਪੇਂਡੂ ਅਰਥਚਾਰਾ ਅਤੇ ਵਿਕਾਸ ਦੀ ਵੰਗਾਰ



ਭਾਰਤ ਦੀ ਆਬਾਦੀ ਦਾ ਬਹੁਤਾ ਹਿੱਸਾ ਖੇਤੀਬਾੜੀ ਦੇ ਕੰਮਕਾਜ ਵਿੱਚ ਲੱਗਿਆ ਹੋਇਆ ਹੈ ਅਤੇ ਇਹ ਜੀਡੀਪੀ ਵਿੱਚ 10 ਫੀਸਦੀ ਯੋਗਦਾਨ ਪਾ ਰਿਹਾ ਹੈ। ਦੇਸ਼ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਪੇਂਡੂ ਅਰਥਚਾਰੇ ਵਿੱਚ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੇ ਹਨ ਪਰ ਅਜਿਹੇ ਅਰਥਚਾਰੇ ਦੇ ਦਰਦਾਂ ਅੰਦਰ ਕਿਸੇ ਸਰਕਾਰ ਨੇ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿੱਚ ਫ਼ਸਲਾਂ ਦੀ ਹਰਿਆਲੀ ਅਤੇ ਖੁੱਲ੍ਹੇ ਡੁੱਲ੍ਹੇ ਮਾਹੌਲ ਤੇ ਸੁਭਾਅ ਦੇਖ ਕੇ ਲੱਗਦਾ ਹੈ ਕਿ ਇਹ ਲੋਕ ਪਤਾ ਨਹੀਂ ਕਿੰਨੇ ਖੁਸ਼ਹਾਲ ਹੋਣਗੇ; ਹਕੀਕਤ ਇਸ ਦੇ ਉਲਟ ਹੈ। ਬਾਕੀ ਦੀਆਂ ਗੱਲਾਂ ਛੱਡੋ, ਖੇਤੀ ਅੰਦਰ ਕੀਮਤਾਂ ਦੀ ਹੀ ਗੱਲ ਕਰੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਅਰਥਚਾਰਾ ਕੰਗਾਲੀ ਦਾ ਸ਼ਿਕਾਰ ਕਿਉਂ ਹੋਇਆ। ਪਿੰਡਾਂ 'ਚ ਵਸਦੀ ਵਸੋਂ ਭਾਵੇਂ ਕਿਸੇ ਵੀ ਪਾਰਟੀ ਦੀ ਸਿਆਸੀ ਤਾਕਤ ਤੈਅ ਕਰਦੀ ਹੈ ਪਰ ਹੁਣ ਤੱਕ ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਨੇ ਇਨ੍ਹਾਂ ਦੇ ਚਿਹਰਿਆਂ ਉੱਤੇ ਲਿਖੀ ਇਬਾਰਤ ਪੜ੍ਹਨ ਦੀ ਥਾਂ ਇਨ੍ਹਾਂ ਵੱਲ ਪਿੱਠ ਕਰ ਕੇ ਰੱਖੀ ਹੈ। ਇਸ ਦੀ ਵਜ੍ਹਾ ਸ਼ਾਇਦ ਪੇਂਡੂ ਸਮਾਜ ਦੀ ਸਾਦਗੀ, ਭੁੱਲ ਜਾਣ ਤੇ ਵਿਸ਼ਵਾਸ ਕਰਨ ਦੀ ਬਿਰਤੀ ਅਤੇ ਸਿਆਸੀ ਨੇਤਾਵਾਂ ਪ੍ਰਤੀ ਆਸ਼ਾਵਾਂ ਤੇ ਮਨ ਵਿੱਚ ਸਤਿਕਾਰ ਰਿਹਾ ਹੈ।

ਪੰਜਾਬ ਅੱਜ ਵੀ 18-22 ਫੀਸਦੀ ਚੌਲ ਅਤੇ 45 ਫੀਸਦੀ ਕਣਕ ਦੇਸ਼ ਦੇ ਅੰਨ ਭੰਡਾਰਾਂ ਵਿੱਚ ਦੇ ਰਿਹਾ ਹੈ। ਪੰਜਾਬ ਦੇ ਲੋਕ ਤਕੜੇ ਕਾਮੇ ਹੋਣ ਦੇ ਬਾਵਜੂਦ ਹਰੀ ਕ੍ਰਾਂਤੀ ਦੇ ਦੌਰ ਸਮੇਂ ਬਣਾਇਆ ਆਪਣਾ ਸਥਾਨ ਬਰਕਰਾਰ ਨਹੀਂ ਰੱਖ ਸਕੇ। 1970ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਮੋਹਰੀ ਸੂਬਾ ਸੀ ਪਰ ਉਸ ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਇਹ ਹੇਠਾਂ ਖਿਸਕਦਾ-ਖਿਸਕਦਾ 2022-23 ਵਿੱਚ 10ਵੇਂ ਸਥਾਨ ਉੱਤੇ ਪਹੁੰਚ ਗਿਆ। ਪੰਜਾਬ ਦਾ ਖੇਤੀ ਅਰਥਚਾਰਾ ਬਹੁਤ ਸਾਰੇ ਕਾਰਨਾਂ ਜਿਨ੍ਹਾਂ ਵਿੱਚ ਖੇਤੀ ਪੈਦਾਵਾਰ ਵਿੱਚ ਖੜੋਤ, ਖੇਤੀ ਲਾਗਤਾਂ ਦਾ ਹੱਦੋਂ ਜ਼ਿਆਦਾ ਵਧਣਾ, ਆਮਦਨ ਘਟਣਾ, ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਫਸਲਾਂ ਦਾ ਖਰਾਬਾ, ਖੇਤੀ ਜਿਣਸਾਂ ਦੇ ਭਾਅ ਵਿੱਚ ਨਿਗੂਣਾ ਵਾਧਾ ਆਦਿ ਸ਼ਾਮਲ ਹੈ, ਕਰ ਕੇ ਬੁਰੀ ਤਰ੍ਹਾਂ ਸੰਕਟ ਦਾ ਸ਼ਿਕਾਰ ਹੋ ਗਿਆ। ਪਿਛਲੇ ਕੁਝ ਦਹਾਕਿਆਂ ਦੀ ਰੇਟ ਲਿਸਟ 'ਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਸੂਬੇ ਅੰਦਰ ਜਿੱਥੇ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦੇ ਰੇਟ 110 ਤੋਂ 140 ਗੁਣਾ ਅਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ, ਉਥੇ ਖੇਤੀ ਜਿਣਸਾਂ ਦੇ ਭਾਅ ਵਿੱਚ 30 ਗੁਣਾ ਤੋਂ ਵੀ ਨਹੀਂ ਵਧੇ। ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਇਸ ਨੇ ਪੇਂਡੂ ਅਰਥਚਾਰੇ ਦੇ ਸੰਕਟ ਦਾ ਮੁੱਢ ਬੰਨ੍ਹ ਦਿੱਤਾ। ਕਿਸਾਨ ਮਜਬੂਰੀ ਵੱਸ ਕਰਜ਼ਾ ਚੁੱਕਦਾ ਗਿਆ ਅਤੇ ਉਸ ਪੱਧਰ ਦੀ ਆਮਦਨ ਨਾ ਹੋਣ ਕਾਰਨ ਕਰਜ਼ਈ ਹੁੰਦਾ ਗਿਆ। 1997 ਵਿੱਚ ਸਮੁੱਚੀ ਕਿਸਾਨੀ ਸਿਰ 5700 ਕਰੋੜ ਰੁਪਏ ਕਰਜ਼ਾ ਸੀ ਜੋ 2022-23 ਵਿੱਚ ਵਧ ਕੇ 73673 ਕਰੋੜ ਰੁਪਏ ਹੋ ਗਿਆ। ਅੱਜ ਪੰਜਾਬ ਦੇ ਹਰ ਕਿਸਾਨ ਦੇ ਸਿਰ ਔਸਤਨ 2.05 ਲੱਖ ਰੁਪਏ ਕਰਜ਼ਾ ਹੈ। ਇਸ ਕਰ ਕੇ ਕਰਜ਼ੇ ਦੇ ਲਗਾਤਾਰ ਵਧਦੇ ਦਬਾਅ ਕਾਰਨ ਕਿਸਾਨੀ ਅਰਥਚਾਰਾ ਅਤੇ ਸਮਾਜਿਕ ਭਾਈਚਾਰਾ ਕਈ ਦਹਾਕਿਆਂ ਤੋਂ ਆਪਣੇ ਆਪ ਨੂੰ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਵੱਸੋਂ ਬਾਹਰੇ ਹੋਏ ਹਾਲਾਤ ਕਾਰਨ ਛੋਟੀ ਕਿਸਾਨੀ ਜਾਂ ਤਾਂ ਖੇਤੀ ਤੋਂ ਬਾਹਰ ਹੋ ਰਹੀ ਹੈ ਜਾਂ ਬੇਵਸੀ ਦੀ ਹਾਲਤ ਵਿੱਚ ਲਗਾਤਾਰ ਅਸਹਿ ਮਾਨਸਿਕ ਦਬਾਅ ਕਾਰਨ ਆਤਮਘਾਤ ਦੇ ਰਾਹ ਪੈ ਰਹੀ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਕਾਮਾ ਵਰਗ ਲਈ ਸ਼ੁਰੂ-ਸ਼ੁਰੂ ਵਿੱਚ ਖੇਤੀ ਕੰਮ ਸੁਖਾਲਾ ਕਰਨ ਦੇ ਨਾਲ-ਨਾਲ ਹੋਰ ਧੰਦਿਆਂ ਨੂੰ ਜਨਮ ਦਿੱਤਾ ਪਰ ਵਕਤ ਗੁਜ਼ਰਨ ਨਾਲ ਪਿੰਡਾਂ ਦੇ ਕਾਮਾ ਵਰਗ ਦੇ ਰਵਾਇਤੀ ਧੰਦੇ ਜਾਂਦੇ ਰਹੇ; ਹੌਲੀ-ਹੌਲੀ ਮਸ਼ੀਨੀਕਰਨ ਨੇ ਕਾਮੇ ਨੂੰ ਖੇਤੀ ਵਿੱਚੋਂ ਵੀ ਬਾਹਰ ਕੱਢ ਦਿੱਤਾ। ਅੱਜ ਉਸ ਨੂੰ ਖੇਤੀ ਵਿੱਚ ਕੁਝ ਦਿਨ ਹੀ ਕੰਮ ਮਿਲਦਾ ਹੈ। ਇਨ੍ਹਾਂ ਕੁਝ ਦਿਨਾਂ ਦੀ ਸੀਮਤ ਕਮਾਈ ਦੇ ਸਹਾਰੇ ਉਹ ਆਪਣਾ ਜੀਵਨ ਨਿਰਬਾਹ ਨਹੀਂ ਕਰ ਸਕਦਾ। ਇਉਂ ਪਿੰਡਾਂ ਵਿੱਚ ਰਹਿੰਦਾ ਮਜ਼ਦੂਰ ਹੁਣ ਖੇਤਾਂ ਵਿੱਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਨਹੀਂ ਰਿਹਾ। ਉਸ ਨੂੰ ਰੋਜ਼ਮੱਰਾ ਜ਼ਿੰਦਗੀ ਬਸਰ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੇ ਮੌਕੇ ਤਲਾਸ਼ਣੇ ਪੈਂਦੇ ਹਨ। ਪਿੰਡਾਂ ਵਿੱਚ ਰਹਿਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਬੇਜ਼ਮੀਨੇ ਕਾਮਾ ਵਰਗਾਂ ਦਾ ਹੌਲੀ-ਹੌਲੀ ਉਜਾੜਾ ਹੁੰਦਾ ਗਿਆ। ਵੱਖ-ਵੱਖ ਕੰਮਾਂ-ਕਾਰਾਂ ਨਾਲ ਜੁੜੇ ਛੋਟੇ-ਛੋਟੇ ਕਾਮਾ ਵਰਗ ਲੁਪਤ ਹੋ ਗਏ। ਪੇਂਡੂ ਅਰਥਚਾਰੇ ਵਿੱਚ ਅਹਿਮ ਰੋਲ ਅਦਾ ਕਰਦੇ ਵੱਖ-ਵੱਖ ਜਾਤੀਆਂ ਦੇ ਧੰਦਿਆਂ ਨੂੰ ਬਾਜ਼ਾਰ ਕਦੋਂ ਖਾ ਗਿਆ, ਕਿਸੇ ਨੂੰ ਕੋਈ ਖ਼ਬਰ ਨਹੀਂ। ਇਨ੍ਹਾਂ ਦੇ ਉਜਾੜੇ ਦੀ ਕਿਧਰੇ ਕੋਈ ਕਨਸੋਅ ਵੀ ਸੁਣਾਈ ਨਹੀਂ ਦਿੱਤੀ। ਪਿੰਡਾਂ ਵਿੱਚ ਵਸਦੀ ਉਨ੍ਹਾਂ ਦੀ ਤੀਜੀ ਚੌਥੀ ਪੁਸ਼ਤ ਆਪਣੇ ਰਵਾਇਤੀ ਧੰਦਿਆਂ ਤੋਂ ਕਿਤੇ ਦੂਰ ਜਾਂ ਤਾਂ ਕਸਬਿਆਂ ਤੇ ਸ਼ਹਿਰਾਂ ਵੱਲ ਰੋਜ਼ੀ ਰੋਟੀ ਲਈ ਪਰਵਾਸ ਕਰ ਗਈ ਜਾਂ ਬਸ ਪਿੰਡਾਂ ਵਿੱਚ ਹੀ ਰਹਿਣ ਜੋਗੀ ਰਹਿ ਗਈ। ਹਾਲਾਤ ਵਿੱਚ ਆਈ ਤਬਦੀਲੀ ਕਾਰਨ ਹੁਣ ਖੇਤ ਮਜ਼ਦੂਰ ਸੰਗਠਨ ਵੀ ਆਧਾਰ ਗੁਆ ਚੁੱਕੇ ਹਨ। ਦੂਜੇ, ਸਰਕਾਰ ਵੱਲੋਂ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਨੇ ਕਾਮੇ ਵਰਗ ਦੀ ਕਿਰਤ ਸ਼ਕਤੀ ਉੱਤੇ ਗਹਿਰੀ ਚੋਟ ਮਾਰੀ ਹੈ। ਉਸ ਨੂੰ ਘਰੇ ਬੈਠ ਕੇ ਆਟਾ, ਦਾਲ, ਚੌਲ ਮਿਲ ਰਹੇ ਹਨ। ਹੁਣ ਹਾਲਤ ਇਹ ਹੈ ਕਿ ਪਿੰਡਾਂ ਵਿੱਚ ਮਜ਼ਦੂਰ ਭਾਲਣ ਵਿੱਚ ਵੀ ਦਿੱਕਤ ਆ ਰਹੀ ਹੈ। ਕਾਮਿਆਂ ਦਾ ਉਹ ਵਰਗ ਜਿਸ ਨੇ ਆਪਣੀ ਸ਼ਕਤੀ ਅਤੇ ਸੂਝ ਨਾਲ ਅੱਗੇ ਲੱਗ ਕੇ ਸਮਾਜਿਕ ਤਬਦੀਲੀ ਕਰਨੀ ਸੀ, ਉਹ ਅੱਜ ਜਿੱਥੇ ਲਾਲਸਾ ਦਾ ਸ਼ਿਕਾਰ ਹੋ ਕੇ ਭਾਰੂ ਸਿਆਸੀ ਧਿਰਾਂ ਦਾ ਪਿੱਛਲੱਗ ਬਣ ਰਿਹਾ ਹੈ ਉਥੇ ਵਿਹਲੇ ਬੈਠਣ ਕਾਰਨ ਨਸ਼ਿਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਸਾਲ 2020 ਵਿੱਚ ਤਿੰਨ ਖੇਤੀ ਕਾਨੂੰਨ ਲਿਆਂਦੇ ਜਿਨ੍ਹਾਂ ਦਾ ਮਕਸਦ ਖੇਤੀ ਦੇ ਬਹੁ-ਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਸੀ। ਸਿੱਟੇ ਵਜੋਂ ਕਿਸਾਨਾਂ ਨੂੰ ਲੰਮਾ ਅੰਦੋਲਨ ਕਰ ਕੇ ਇਹ ਕਾਨੂੰਨ ਵਾਪਸ ਕਰਵਾਉਣੇ ਪਏ। ਉਂਝ, ਕੇਂਦਰ ਸਰਕਾਰ ਨੇ ਹੁਣ ਫਿਰ ਨਵੇਂ ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿੱਚੋਂ ਹੀ ਖ਼ਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਹੈ; ਨਾਲ ਹੀ ਕਿਹਾ ਹੈ ਕਿ ਵੇਅਰ ਹਾਊਸ, ਸਾਈਲੋਜ਼, ਕੋਲਡ ਸਟੋਰਾਂ ਨੂੰ 'ਫੜ੍ਹ' ਐਲਾਨਿਆ ਜਾਵੇ। ਇਸ ਤਰ੍ਹਾਂ ਇਸ ਮਸੌਦੇ ਰਾਹੀਂ ਜਿੱਥੇ ਕਿਸਾਨੀ ਦੇ ਫਾਇਦੇ ਦੇ ਪਰਦੇ ਹੇਠ ਦਿਓਕੱਦ ਤਾਕਤਾਂ ਦੇ ਨਵਿਆਂ ਲਈ ਰਾਹ ਮੋਕਲਾ ਕੀਤਾ ਗਿਆ ਹੈ ਉੱਥੇ ਹੀ ਖੇਤੀ ਉਤਪਾਦ ਮਾਰਕੀਟ ਕਮੇਟੀ (ਏਪੀਐੱਮਸੀ) ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਰਾਹੀਂ ਆ ਰਹੇ ਸਮਿਆਂ ਵਿੱਚ ਕਿਸਾਨੀ ਨੂੰ ਬੇਵਸ ਕਰ ਕੇ ਦਿਓਕੱਦ ਵਪਾਰੀਆਂ ਦੇ ਰਹਿਮ-ਓ-ਕਰਮ ਉੱਤੇ ਛੱਡਣ ਲਈ ਇਹ ਖਰੜਾ ਤਿਆਰ ਕੀਤਾ ਹੈ। ਇਸ ਮੰਡੀ ਸਿਸਟਮ ਵਿੱਚ ਇਕੱਲੇ ਕਿਸਾਨ ਜਾਂ ਲੋਕਲ ਆੜ੍ਹਤੀ ਵਰਗ ਦੀ ਤਬਾਹੀ ਨਹੀਂ ਸਗੋਂ ਇਸ ਦੇ ਬਹੁ-ਪਰਤੀ ਮਾਰੂ ਅਸਰ ਹੋਣਗੇ। ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ, ਸਫ਼ਾਈ ਮਜ਼ਦੂਰ, ਚਾਹ ਬਣਾਉਣ ਵਾਲੇ, ਬਰਤਨ ਸਾਫ਼ ਕਰਨ ਵਾਲੇ, ਖੋਖਿਆਂ ਵਾਲੇ, ਕਰਿਆਨਾ, ਦਵਾਈਆਂ, ਹੋਰ ਲੋੜੀਂਦਾ ਸਮਾਨ ਵੇਚਣ ਵਾਲੇ ਅਤੇ ਦੁਕਾਨਾਂ 'ਤੇ ਕੰਮ ਕਰਨ ਵਾਲੇ, ਰੇਹੜੀ ਫੜ੍ਹੀ ਵਾਲੇ, ਬੂਟ ਪਾਲਿਸ਼ ਕਰਨ ਵਾਲੇ ਆਦਿ ਅਨੇਕ ਧੰਦਿਆਂ ਨਾਲ ਜੁੜੇ ਕਾਮੇ ਵੱਡੇ-ਵੱਡੇ ਅਦਾਰਿਆਂਦੇ ਪਸਾਰੇ ਰਾਹੀਂ ਖ਼ਤਮ ਹੋ ਜਾਣਗੇ। ਇਹ ਉਹ ਸਮਾਜਿਕ ਪਰਤਾਂ ਹਨ ਜਿਨ੍ਹਾਂ ਦਾ ਆਪਣੇ ਕਿੱਤਿਆਂ 'ਤੇ ਆਧਾਰਿਤ ਕੋਈ ਜਥੇਬੰਦਕ ਤਾਣਾ-ਬਾਣਾ ਨਹੀਂ ਅਤੇ ਨਾ ਹੀ ਕੋਈ ਆਪਣੀ ਵੱਖਰੀ ਹੋਂਦ ਜਤਾਉਂਦੀ ਆਵਾਜ਼ ਹੈ। ਇਸ ਕਰ ਕੇ ਇਹ ਅੰਦੋਲਨ ਸਿਰਫ਼ ਕਿਸਾਨਾਂ ਦਾ ਨਹੀਂ ਸਗੋਂ ਛੋਟੇ-ਛੋਟੇ ਤਮਾਮ ਧੰਦਿਆਂ ਨਾਲ ਜੁੜੇ ਕਾਮਿਆਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਮੰਡੀ ਉੱਤੇ ਨਿਰਭਰ ਇਨ੍ਹਾਂ ਤਮਾਮ ਲੋਕਾਂ ਦਾ ਵੀ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅੱਜ ਕਿਸਾਨ ਕੋਲ ਸਮਾਜਿਕ ਜਥੇਬੰਦਕ ਸ਼ਕਤੀ ਹੈ, ਉਸ ਕੋਲ ਅੰਦੋਲਨ ਲੜਨ ਲਈ ਆਪਣੀ ਆਰਥਿਕ ਸ਼ਕਤੀ ਵੀ ਹੈ। ਅਜੋਕੇ ਦੌਰ ਵਿੱਚ ਇਨ੍ਹਾਂ ਦੋਵੇਂ ਸ਼ਕਤੀਆਂ ਦੀ ਗੈਰ-ਹਾਜ਼ਰੀ ਵਿੱਚ ਕਿਸੇ ਸੰਘਰਸ਼ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਇਸ ਦੇ ਨਾਲ ਹੀ ਮਸਲਾ ਏਕਤਾ ਦਾ ਵੀ ਹੈ। ਇਸ ਕਰ ਕੇ ਕਿਸਾਨ ਧਿਰਾਂ ਨੂੰ ਵਿਆਪਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹਿਕ ਯਤਨਾਂ ਰਾਹੀਂ ਹਰ ਪਾਸਿਓਂ ਸਹਿਯੋਗ ਲੈਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਅਤੇ ਲਾਮਬੰਦੀ ਦੇ ਆਪਣੇ ਰਵਾਇਤੀ ਸੰਘਰਸ਼ ਦੇ ਦਾਅ ਪੇਚਾਂ ਉੱਤੇ ਪੜਚੋਲਵੀਂ ਨਜ਼ਰ ਮਾਰਦਿਆਂ ਖੁੱਲ੍ਹੇ ਦਿਲ ਨਾਲ ਮੁੜ ਗੌਰ ਕਰਨੀ ਚਾਹੀਦੀ ਹੈ। ਜ਼ਾਹਿਰ ਹੈ ਕਿ ਬਦਲ ਚੁੱਕੇ ਹਾਲਾਤ ਵਿੱਚ ਸੰਘਰਸ਼ ਦੇ ਬਦਲਵੇਂ ਰੂਪ ਤਲਾਸ਼ਣ ਦੀ ਜ਼ਰੂਰਤ ਹੈ ਤਾਂ ਕਿ ਆਮ ਜਨ-ਜੀਵਨ ਵੀ ਪ੍ਰਭਾਵਿਤ ਨਾ ਹੋਵੇ ਅਤੇ ਅਵਾਮ ਦੀ ਹਮਦਰਦੀ ਤੇ ਹਮਾਇਤ ਵੀ ਬਣੀ ਰਹੇ।

ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ, ਇਸ ਨੇ ਭਾਵੇਂ ਵਿਧਾਨ ਸਭਾ ਸੈਸ਼ਨ ਬੁਲਾ ਕੇ ਕੇਂਦਰ ਦਾ ਮੰਡੀ ਖਰੜਾ ਰੱਦ ਕਰ ਦਿੱਤਾ ਹੈ, ਫਿਰ ਵੀ ਸਰਕਾਰ ਨੂੰ ਆਪਣੀ ਹਾਂ ਪੱਖੀ ਸੋਚ ਤਹਿਤ ਕਿਸਾਨ ਨੇਤਾਵਾਂ ਨਾਲ ਗੱਲਬਾਤ ਰਾਹੀਂ ਮਸਲਿਆਂ ਦੇ ਹੱਲ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਕਿਸਾਨ ਧਿਰਾਂ ਨਾਲ ਟਕਰਾਓ ਤੋਂ ਬਚਦਿਆਂ ਪੰਜਾਬ ਦੇ ਵਿਕਾਸ ਲਈ ਆਮ ਕਰ ਕੇ ਅਤੇ ਖੇਤੀ ਦੇ ਵਿਕਾਸ ਲਈ ਖਾਸ ਕਰ ਕੇ ਸਾਰੀਆਂ ਧਿਰਾਂ ਨਾਲ ਸੰਵਾਦ ਦੇ ਜ਼ਰੀਏ ਨੀਤੀਗਤ ਫ਼ੈਸਲੇ ਕਰਨ ਦੀ ਅਥਾਹ ਜ਼ਰੂਰਤ ਹੈ ਤਾਂ ਕਿ ਪੰਜਾਬ ਦੇ ਅਰਥਚਾਰੇ ਅਤੇ ਸਮਾਜਿਕ ਜੀਵਨ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਜਾ ਸਕੇ। ਇਸੇ ਵਿੱਚ ਹੀ ਸਭ ਦੀ ਭਲਾਈ ਹੈ।

ਲਿਖਤ : ਸੁਖਦੇਵ ਸਿੱਧੂ ਕੁਸਲਾ
ਸੰਪਰਕ : 94650-33331

# ਪੰਜਾਬ ਦੀ ਜਵਾਨੀ ਕਿਉਂ ਵਿਦੇਸ਼ਾਂ ਦੀ ਦੀਵਾਨੀ

ਰੋਜ਼ਾਨਾ ਵਿਦੇਸ਼ਾਂ ਨੂੰ ਜਾਂਦੇ ਪੰਜਾਬੀ ਨੌਜਵਾਨਾਂ ਤੋਂ ਇੰਝ ਲੱਗਦਾ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਬੁੱਢਿਆਂ ਦਾ ਦੇਸ਼ ਵੱਜਣ ਲੱਗ ਪਵੇਗਾ। ਪੰਜਾਬ ਦੀ ਜਵਾਨੀ ਧੜਾ ਧੜ ਵਿਦੇਸ਼ਾਂ ਵੱਲ ਜਾ ਰਹੀ ਹੈ। ਹਰੇਕ ਨੌਜਵਾਨ ਮੁੰਡਾ-ਕੁੜੀ ਹੁਣ ਬਾਰ੍ਹਵੀਂ ਤੋਂ ਬਾਅਦ ਆਇਲਜ਼ (ਜਿਸ ਨੂੰ ਆਮ ਬੋਲ-ਚਾਲ ਦੀ ਭਾਸ਼ਾ ਵਿਚ ਆਈਲੈਟਸ ਕਿਹਾ ਜਾਂਦਾ ਹੈ) ਕਰਨੀ ਸ਼ੁਰੂ ਕਰ ਦਿੰਦਾ ਹੈ। ਆਈਲੈਟਸ ਪਾਸ ਕਰਨ ਤੋਂ ਕੁਝ ਮਹੀਨਿਆਂ ਬਾਅਦ ਹੀ ਉਹ ਪੰਜਾਬ ਨੂੰ ਅਲਵਿਦਾ ਆਖ ਵਿਦੇਸ਼ ਉਡਾਰੀ ਮਾਰ ਜਾਂਦਾ ਹੈ। ਹੁਣ ਪੰਜਾਬ ਦੀ ਜਵਾਨੀ ਦਾ ਇੱਥੇ ਦਿਲ ਨਹੀਂ ਲੱਗਦਾ ਤੇ ਉਹ ਕਿਸੇ ਤਰੀਕੇ ਵਿਦੇਸ਼ੀ ਧਰਤੀ 'ਤੇ ਪਹੁੰਚਣ ਲਈ ਕਾਹਲੇ ਹਨ। ਆਖ਼ਰ ਪੰਜਾਬ ਦੀ ਜਵਾਨੀ ਆਪਣੇ ਵਤਨ ਰਹਿਣਾ ਕਿਉਂ ਪਸੰਦ ਨਹੀਂ ਕਰਦੀ। ਇਹ ਨੌਬਤ ਕਿਉਂ ਆਈ? ਇਹ ਚਿੰਤਾ ਦਾ ਵਿਸ਼ਾ ਹੈ। ਜੇ ਸਾਡੇ ਦੇਸ਼ ਵਿਚ ਹੀ ਨੌਜਵਾਨਾਂ ਨੂੰ ਰੁਜ਼ਗਾਰ ਤੇ ਮਿਹਨਤ ਦਾ ਮੁੱਲ ਸਹੀ ਮਿਲਦਾ ਹੁੰਦਾ ਤਾਂ ਉਹ ਕਿਉਂ ਦੇਸ਼ ਛੱਡ ਕੇ ਘਰ-ਪਰਿਵਾਰ ਤੋਂ ਦੂਰ ਹੁੰਦੇ। ਸਾਡਾ ਦੇਸ਼ ਹੁਣ ਦਿਨੋਂ ਦਿਨ ਨਿਘਾਰ ਵੱਲ ਨੂੰ ਜਾ ਰਿਹਾ ਹੈ, ਜਿਸ ਤੋਂ ਹਰੇਕ ਬੁੱਧੀਜੀਵੀ ਚਿੰਤਤ ਦਿਖਾਈ ਦੇ ਰਿਹਾ ਹੈ। ਪੰਜਾਬ ਵਿਚ ਹੁਣ ਹਰੇਕ ਮਾਪਾ ਆਪਣੇ ਲਾਡਲਿਆਂ ਨੂੰ ਵਿਦੇਸ਼ ਭੇਜਣ ਨੂੰ ਕਾਹਲਾ ਹੈ, ਕਿਉਂਕਿ ਉਨ੍ਹਾਂ ਨੂੰ ਪੰਜਾਬ ਵਿਚ ਆਪਣੇ ਬੱਚਿਆਂ ਦਾ ਚੰਗਾ ਭਵਿੱਖ ਨਹੀਂ ਦਿਸ ਰਿਹਾ। ਪੰਜਾਬ ਵਿਚ ਰੋਜ਼ਾਨਾ ਹਜ਼ਾਰਾਂ ਨੌਜਵਾਨ ਅਲੱਗ ਅਲੱਗ ਦੇਸ਼ਾਂ ਨੂੰ ਉਡਾਰੀਆਂ ਮਾਰ ਰਹੇ ਹਨ ਤੇ ਇਥੇ ਦਿਨੋ-ਦਿਨ ਨੌਜਵਾਨਾਂ ਦੀ ਗਿਣਤੀ ਘਟ ਰਹੀ ਹੈ ਅਤੇ ਬਜ਼ੁਰਗਾਂ ਦੀ ਗਿਣਤੀ ਹੀ ਜ਼ਿਆਦਾ ਦਿਸ ਰਹੀ ਹੈ। ਬਹੁਤੇ ਪਿੰਡਾਂ ਵਿਚ ਵੱਡੀਆਂ-ਵੱਡੀਆਂ ਕੋਠੀਆਂ ਵਿਚ ਇਕੱਲੇ ਬਜ਼ੁਰਗ ਹੀ ਰਹਿ ਰਹੇ ਹਨ, ਜਿਨ੍ਹਾਂ ਦੇ ਧੀ-ਪੁੱਤ ਵਿਦੇਸ਼ਾਂ ਵਿਚ ਹਨ। ਪਹਿਲਾਂ ਖ਼ਾਸਕਰ ਮਾਲਵੇ ਵਿਚ ਕਿਸੇ ਟਾਵੇਂ-ਟਾਵੇਂ ਪਿੰਡ ਦਾ ਕੋਈ ਮੁੰਡਾ ਵਿਦੇਸ਼ ਰਹਿੰਦਾ ਹੁੰਦਾ ਸੀ। ਹੁਣ ਹਰੇਕ ਪਿੰਡ ਵਿਚ ਅੱਧੋਂ ਵੱਧ ਨੌਜਵਾਨ ਮੁੰਡੇ-ਕੁੜੀਆਂ ਬਾਹਰਲੇ ਮੁਲਕਾਂ ਵਿਚ ਚਲੇ ਗਏ ਹਨ। ਇਹ ਸੱਚ ਹੈ ਕਿ ਵਿਦੇਸ਼ਾਂ ਨੂੰ ਜਾਣਾ ਪੰਜਾਬੀਆਂ ਦਾ ਸ਼ੌਕ ਨਹੀਂ ਹੈ ਤੇ ਰੁਜ਼ਗਾਰ ਲਈ ਸਾਡੇ ਦੇਸ਼ ਦੀ ਜਵਾਨੀ ਵਿਦੇਸ਼ਾਂ ਨੂੰ ਜਾ ਰਹੀ ਹੈ। ਇਸ ਕਾਨ ਹਾਲਤ ਇਹ ਹੈ ਕਿ ਦੇਸ਼ ਵਿਚ ਜਿਹੜੇ ਕਾਲਜਾਂ ਵਿਚ ਪਹਿਲਾਂ ਹਜ਼ਾਰਾਂ ਵਿਦਿਆਰਥੀ ਦਾਖ਼ਲ ਹੁੰਦੇ ਸਨ, ਹੁਣ ਉਨ੍ਹਾਂ ਕਾਲਜਾਂ ਵਿਚ ਸਿਰਫ ਚਾਰ-ਪੰਜ ਸੌ ਵਿਦਿਅਰਥੀਆਂ ਦਾ ਹੀ ਦਾਖ਼ਲਾ ਹੋ ਰਿਹਾ ਹੈ। ਕਈ ਕਾਲਜਾਂ ਵਿਚ ਤਾਂ ਵਿਦਿਅਰਥੀਆਂ ਦੀ ਗਿਣਤੀ ਇੰਨੀ ਘਟ ਗਈ ਕਿ ਕਾਲਜ ਬੰਦ ਹੋਣ ਕਿਨਾਰੇ ਹਨ। ਸਾਡੇ ਦੇਸ਼ ਵਿਚ ਕਾਲਜਾਂ ਵਿਚ ਹੁਣ ਟਾਵੇਂ-ਟਾਵੇਂ ਉਹ ਵਿਦਿਆਰਥੀ ਰਹਿ ਗਏ ਹਨ, ਜਿਹੜੇ ਵਿਦੇਸ਼ਾਂ ਦੇ ਕਾਲਜਾਂ ਦੀ ਫੀਸ ਨਹੀਂ ਭਰ ਸਕਦੇ ਤੇ ਹੋਰ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਨਹੀਂ ਜਾ ਸਕਦੇ। ਜਿਨ੍ਹਾਂ ਕੋਲ ਕੋਈ ਵੀ ਸਾਧਨ ਹੈ ਜਾਂ ਜਾਇਦਾਦਾਂ ਹਨ, ਉਹ ਆਪਣੀਆਂ ਜਾਇਦਾਦਾਂ ਵੇਚ ਕੇ ਵਿਦੇਸ਼ ਜਾ ਰਹੇ ਹਨ। ਹਾਲਤ ਇਹ ਹੈ ਕਿ ਪਿੰਡਾਂ ਵਿਚ ਜਾਇਦਾਦ ਖਰੀਦਣ ਵਾਲਾ ਗਾਹਕ ਵੀ ਛੇਤੀ ਛੇਤੀ ਲੱਭ ਨਹੀਂ ਰਿਹਾ ਕਿਉਂਕਿ ਵਿਦੇਸ਼ਾਂ ਨੂੰ ਜਾਣ ਵਾਲੇ ਲੋਕਾਂ ਦੀ ਗਿਣਤੀ ਹਰੇਕ ਪਿੰਡਾਂ ਵਿਚ ਵਧ ਗਈ ਹੈ ਤੇ ਲੋਕਾਂ ਦੀਆਂ ਜ਼ਮੀਨਾਂ ਵੱਡੇ ਪੱਧਰ 'ਤੇ ਵਿਕਾਊ ਹੋ ਗਈਆਂ ਹਨ ਪਰ ਖ਼ਰੀਦਣ ਵਾਲੇ ਘੱਟ ਹਨ। ਇਸ ਕਾਰਨ ਜ਼ਮੀਨਾਂ ਦੇ ਵਾਜਬ ਭਾਅ ਵੀ ਨਹੀਂ ਮਿਲ ਰਹੇ ਤੇ ਬਹੁਤੇ ਲੋਕ ਮਜਬੂਰੀ ਕਰਕੇ ਆਪਣੀ ਜਾਇਦਾਦ ਸਸਤੇ ਭਾਅ ਦੇ ਰਹੇ ਹਨ। ਜ਼ਮੀਨਾਂ ਸਸਤੀਆਂ ਹੋ ਗਈਆਂ ਹਨ ਤੇ ਲੋਕ ਆਰਥਿਕ ਪੱਖੋਂ ਵੀ ਕਮਜ਼ੋਰ ਹੋ ਗਏ ਹਨ। ਹੁਣ ਜਦੋਂ ਵੀ ਕੋਈ ਕਿਸਾਨ ਆਪਣੇ ਧੀ-ਪੁੱਤ ਨੂੰ ਵਿਦੇਸ਼ ਭੇਜਣ ਲਈ ਉਸ ਦੀ ਜ਼ਮੀਨ ਲੈਣ ਵਾਲਾ ਗਾਹਕ ਮਸਾਂ ਲੱਭਦਾ ਹੈ। ਇਸ ਕਾਰਨ ਪੰਜਾਬ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਤਾ ਬਿਲਕੁਲ ਘਟ ਗਈ ਹੈ, ਕਿਉਂਕਿ ਪੜੀ ਲਿਖੀ ਨੌਜਵਾਨ ਪੀੜ੍ਹੀ ਤਾਂ ਵਿਦੇਸ਼ਾਂ ਨੂੰ ਜਾ ਰਹੀ ਹੈ ਤੇ ਬਾਕੀ ਰਹਿੰਦੀ ਜਾਣ ਦੀ ਤਿਆਰੀ ਵਿਚ ਹੈ। ਇਸ ਤਰ੍ਹਾਂ ਪਿੱਛੇ ਰਹਿ-ਗਏ ਬੁੱਢੇ-ਠੇਰਿਆਂ ਦੀ ਸਾਰ ਕੌਣ ਲਵੇਗਾ। ਜਿਨ੍ਹਾਂ ਘਰਾਂ ਵਿਚ ਕੋਈ ਬਜ਼ੁਰਗ ਵੀ ਨਹੀਂ ਬਚਿਆ, ਉੱਥੇ ਤਾਂ ਘਰਾਂ ਤੇ ਕੋਠੀਆਂ ਨੂੰ ਜਿੰਦਰੇ ਲੱਗ ਗਏ ਹਨ। ਅਜਿਹੇ ਘਰਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਹੈ। ਇਨ੍ਹਾਂ ਬੰਦ ਘਰਾਂ ਤੇ ਕੋਠੀਆਂ ਨੂੰ ਐਨਆਰਆਈਜ਼ ਕਈ-ਕਈ ਸਾਲਾਂ ਬਾਅਦ ਪੰਜਾਬ ਵਿਚ ਛੁੱਟੀ ਮਨਾਉਣ ਆਉਣ 'ਤੇ ਖੋਲ੍ਹਦੇ ਹਨ ਤੇ ਉੱਨਾ ਚਿਰ ਇਹ ਬੰਦ ਘਰ ਵਿਦੇਸ਼ੋਂ ਆਉਣ ਵਾਲਿਆਂ ਨੂੰ ਉਡੀਕਦੇ ਰਹਿੰਦੇ ਹਨ। ਅਫ਼ਸੋਸ ਸਾਡੀ ਮੌਜੂਦਾ ਸਰਕਾਰ ਨੂੰ ਇਸ ਦੀ ਕੋਈ ਫ਼ਿਕਰ ਨਹੀਂ ਹੈ। ਅੱਜ ਪੰਜਾਬ ਤਬਾਹੀ ਦੇ ਕੰਢੇ 'ਤੇ ਖੜ੍ਹਾ ਹੈ। ਇਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਰਕਾਰਾਂ ਨੂੰ ਬੜਾ ਕੁਝ ਕਰਨਾ ਪਵੇਗਾ। ਜੇ ਪੰਜਾਬ ਵੱਲ ਸਾਡੇ ਹਾਕਮਾਂ ਨੇ ਧਿਆਨ ਨਾ ਦਿੱਤਾ ਤਾਂ ਪੰਜਾਬ ਵਿਚੋਂ ਇਕ ਦਿਨ ਸਾਰੇ ਹੀ ਪੰਜਾਬੀ ਵਿਦੇਸ਼ ਚਲੇ ਜਾਣਗੇ ਤੇ ਇਥੇ ਹੋਰ ਸੂਬਿਆਂ ਤੋਂ ਆਉਣ ਵਾਲਿਆਂ ਦਾ ਹੀ ਬੋਲਬਾਲਾ ਹੋ ਜਾਵੇਗਾ।

# ਭਾਰਤ ਦਾ ਵਾਤਾਵਰਨ ਸੰਕਟ



**ਲੇਖਕ : ਰਾਮਚੰਦਰ ਗੁਹਾ**

ਉੱਘੇ ਮਾਰਕਸਵਾਦੀ ਇਤਿਹਾਸਕਾਰ ਐਰਿਕ ਹੌਬਸਬਾਮ ਨੇ 1994 ਦੀ ਆਪਣੀ ਕਿਤਾਬ 'ਦਿ ਏਜ ਆਫ ਐਕਸਟ੍ਰੀਮਜ਼' (ਅਤਿ ਦਾ ਯੁੱਗ) ਵਿੱਚ ਲਿਖਿਆ ਹੈ: ''ਇਹ ਕੋਈ ਇਤਫ਼ਾਕ ਨਹੀਂ ਹੈ ਕਿ ਵਾਤਾਵਰਨ ਨੀਤੀਆਂ ਦੀ ਬਹੁਤੀ ਹਮਾਇਤ ਅਮੀਰ ਮੁਲਕਾਂ, ਸੁੱਖ ਰਹਿਣੇ ਅਮੀਰਾਂ ਅਤੇ ਮੱਧ ਵਰਗਾਂ (ਕਾਰੋਬਾਰੀਆਂ ਨੂੰ ਛੱਡ ਕੇ ਜਿਨ੍ਹਾਂ ਨੂੰ ਪ੍ਰਦੂਸ਼ਣ ਫੈਲਾ ਕੇ ਪੈਸਾ ਕਮਾਉਣ ਦੀ ਆਸ ਹੁੰਦੀ ਹੈ) ਵੱਲੋਂ ਕੀਤੀ ਜਾਂਦੀ ਹੈ। ਗ਼ਰੀਬ ਲੋਕ ਜਿਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਜਿਨ੍ਹਾਂ ਨੂੰ ਪੂਰਾ ਰੁਜ਼ਗਾਰ ਨਹੀਂ ਮਿਲਦਾ, ਉਹ ਜ਼ਿਆਦਾ ਆਰਥਿਕ ਵਿਕਾਸ ਚਾਹੁੰਦੇ ਹਨ।' ਹੌਬਸਬਾਮ ਦਾ ਸੰਕਲਪ ਇਹ ਸਪੱਸ਼ਟ ਕਰਦਾ ਹੈ ਕਿ ਉਸ ਦੇ ਖ਼ਿਆਲ ਮੁਤਾਬਿਕ ਗ਼ਰੀਬ ਹੋਰ ਜ਼ਿਆਦਾ ਪਦਾਰਥਕ ਵਸਤਾਂ, ਹੋਰ ਜ਼ਿਆਦਾ ਆਰਥਿਕ ਤਰੱਕੀ ਚਾਹੁੰਦੇ ਹਨ ਅਤੇ ਵਾਤਾਵਰਨ ਨੀਤੀਆਂ ਇਸ ਦੇ ਰਾਹ ਦਾ ਅੜਿੱਕਾ ਬਣਦੀਆਂ ਹਨ।

ਪਹਿਲੀ ਵਾਰ ਇਹ ਸ਼ਬਦ ਮੇਰੇ ਕੰਨੀਂ ਪੈਣ ਤੋਂ ਬਾਅਦ ਪਿਛਲੇ ਦੋ ਦਹਾਕੇ ਮੈਂ ਇਸ ਗੱਲ ਦਾ ਅਧਿਐਨ ਕਰਨ ਲਈ ਬਿਤਾਏ ਹਨ: 'ਕੀ ਇਹ ਸੰਕਲਪ ਵਿਹਾਰਕ ਤੌਰ 'ਤੇ ਅਸੰਭਵ ਹੈ – ਭਾਵ ਗ਼ਰੀਬਾਂ ਦਾ ਵਾਤਾਵਰਨਵਾਦ ਅਤੇ ਗ਼ਰੀਬਾਂ ਲਈ ਵਾਤਾਵਰਨਵਾਦ'। ਮੈਂ ਆਪਣਾ ਪੀਐੱਚ.ਡੀ. ਦਾ ਖੋਜ ਲੇਖ ਹਿਮਾਲਿਆ ਵਿੱਚ 'ਚਿਪਕੋ' ਦੇ ਨਾਂ ਨਾਲ ਜਾਣੀ ਜਾਂਦੀ ਕਿਸਾਨ ਰੋਸ ਲਹਿਰ 'ਤੇ ਲਿਖਿਆ ਸੀ ਜਿਸ ਨੇ ਸਮਾਜਿਕ ਨਿਆਂ ਦੇ ਸਰੋਕਾਰ ਨੂੰ ਉਜਾੜੇ ਗਏ ਜੰਗਲਾਂ ਦੀ ਸੁਰਜੀਤੀ ਨਾਲ ਜੋੜਿਆ ਸੀ। 'ਚਿਪਕੋ' ਲਹਿਰ ਦੀ ਸ਼ੁਰੂਆਤ 1973 ਵਿੱਚ ਹੋਈ ਸੀ; ਇਸ ਨੇ ਦੇਸ਼ ਭਰ ਵਿੱਚ ਜੰਗਲ, ਜਲ ਅਤੇ ਚਰਾਂਦਾਂ ਵਿੱਚ ਰਹਿੰਦੇ ਭਾਈਚਾਰਿਆਂ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਦੀਆਂ ਕਈ ਲਹਿਰਾਂ ਨੂੰ ਜਨਮ ਦਿੱਤਾ ਸੀ।

'ਚਿਪਕੋ' ਬਾਰੇ ਕੰਮ ਕਰਦਿਆਂ ਮੈਨੂੰ ਵਾਤਾਵਰਨਵਾਦੀ ਮਾਧਵ ਗਾਡਗਿਲ ਨੂੰ ਮਿਲਣ ਦਾ ਸਬੱਬ ਬਣਿਆ ਸੀ ਜਿਨ੍ਹਾਂ ਭਾਰਤ ਦੇ ਇੱਕ ਕੋਨੇ ਵਿੱਚ ਇੱਕ ਤੀਖਣ ਵਿਸ਼ਲੇਸ਼ਕ ਮਨ ਨੂੰ ਗਹਿਰੇ ਜ਼ਮੀਨੀ ਅਨੁਭਵ ਨਾਲ ਜੋੜਿਆ ਸੀ। ਗਾਡਗਿਲ ਦੀ ਵਿਗਿਆਨਕ ਖੋਜ ਨੇ ਰਵਾਇਤੀ ਸੋਚ ਤੋਂ ਉਲਟ ਜ਼ਮੀਨੀ ਪੱਧਰ ਦੇ ਕਾਰਕੁਨਾਂ ਦੀਆਂ ਸੰਸਥਾਵਾਂ ਦੀ ਇਸ ਧਾਰਨਾ ਦੀ ਪੁਸ਼ਟੀ ਕੀਤੀ ਸੀ ਕਿ ਭਾਰਤ ਜਿਹੇ ਮੁਲਕ ਵਿੱਚ ਵਾਤਾਵਰਨ ਹੰਢਣਸਾਰਤਾ ਦੀ ਚਿੰਤਾ ਦੇ ਹੋਰ ਵੀ ਜ਼ਿਆਦਾ ਕਾਰਨ ਹਨ। ਭਾਰਤ ਦੀ ਵਸੋਂ ਸੰਘਣੀ ਹੈ, ਬਸਤੀਵਾਦੀ ਹਕੂਮਤ ਵੱਲੋਂ ਇਸ ਦੇ ਦਮਨ ਦਾ ਇਤਿਹਾਸ ਰਿਹਾ ਹੈ ਅਤੇ ਇਸ ਦਾ ਚੌਗਿਰਦਾ ਬਹੁਤ ਹੀ ਨਾਜ਼ੁਕ ਹੈ। ਇਸ ਕਾਰਨ ਭਾਰਤ ਬਹੁਤ ਜ਼ਿਆਦਾ ਊਰਜਾ, ਪੂੰਜੀ ਅਤੇ ਸਰੋਤਾਂ ਦੀ ਖਪਤ ਕਰਨ ਵਾਲੇ ਯੂਰਪ ਅਤੇ ਉੱਤਰੀ ਅਮਰੀਕਾ ਵੱਲੋਂ ਉਸਾਰੇ ਗਏ ਸਨਅਤੀਕਰਨ ਦੇ ਮਾਡਲ ਦੀ ਅੱਖਾਂ ਮੀਟ ਕੇ ਨਕਲ ਨਹੀਂ ਕਰ ਸਕਦਾ।

'ਚਿਪਕੋ' ਲਹਿਰ ਤੋਂ ਬਾਅਦ ਭਾਰਤ ਅੰਦਰ ਇਹ ਤਿੱਖੀ ਬਹਿਸ ਛਿੜੀ ਰਹੀ ਹੈ ਕਿ ਕੀ ਦੇਸ਼ ਨੂੰ ਇੱਕ ਬਦਲਵੇਂ ਅਤੇ ਵਾਤਾਵਰਨਕ ਤੌਰ 'ਤੇ ਵਧੇਰੇ ਜ਼ਿੰਮੇਵਾਰ ਆਰਥਿਕ ਵਿਕਾਸ ਦੇ ਮਾਰਗ ਦੀ ਲੋੜ ਹੈ। ਇਸ ਬਹਿਸ ਵਿੱਚ ਵਿਗਿਆਨੀਆਂ, ਸਮਾਜ ਵਿਗਿਆਨੀਆਂ, ਪੱਤਰਕਾਰਾਂ ਅਤੇ ਕਾਰਕੁਨਾਂ ਸਭ ਨੇ ਹਿੱਸਾ ਲਿਆ। ਗ਼ੌਰਤਲਬ ਹੈ ਕਿ ਇਹ ਬਹਿਸ ਉੱਚੇ ਸਿਧਾਂਤਕ ਪੱਧਰ 'ਤੇ ਨਹੀਂ ਛੇੜੀ ਗਈ ਸਗੋਂ ਇਸ ਨੂੰ ਵੱਖ-ਵੱਖ ਖ਼ਿੱਤਿਆਂ 'ਚ ਆਪੋ-ਆਪਣੇ ਢੰਗ ਨਾਲ ਵਿਚਾਰਿਆ ਗਿਆ। ਕੀ ਜੰਗਲਾਂ 'ਤੇ ਸਰਕਾਰੀ ਕੰਟਰੋਲ ਦੇ ਮੌਜੂਦਾ ਮਾਡਲ ਦੀ ਥਾਂ ਭਾਈਚਾਰਕ ਕੰਟਰੋਲ ਨਾਲ ਵਾਤਾਵਰਨ ਲਈ ਵਧੇਰੇ ਮਨਚਾਹੇ ਅਤੇ ਸਮਾਜਿਕ ਸਿੱਟੇ ਕੱਢੇ ਜਾ ਸਕਦੇ ਹਨ? ਕੀ ਰਾਜਮਾਰਗਾਂ ਅਤੇ ਡੈਮਾਂ ਜਿਹੇ ਬੁਨਿਆਦੀ ਢਾਂਚੇ ਦੇ ਵੱਡੇ ਪ੍ਰਾਜੈਕਟਾਂ ਕਰ ਕੇ ਉਜਾੜੇ ਜਾ ਰਹੇ ਕਿਸਾਨਾਂ ਅਤੇ ਕਬਾਇਲੀਆਂ ਨੂੰ ਸਿਰਫ਼ ਵਿੱਤੀ ਮੁਆਵਜ਼ਾ ਦੇ ਕੇ ਹੀ ਸਾਰਿਆ ਜਾਣਾ ਚਾਹੀਦਾ ਹੈ ਜਾਂ ਫਿਰ ਉਨ੍ਹਾਂ ਨੂੰ ਰੋਜ਼ੀ ਰੋਟੀ ਦੇ ਬਦਲਵੇਂ ਸਾਧਨ ਵੀ ਮੁਹੱਈਆ ਕਰਾਉਣੇ ਚਾਹੀਦੇ ਹਨ? ਕੀ ਸ਼ਹਿਰੀਕਰਨ ਦੀ ਮੌਜੂਦਾ ਪ੍ਰਕਿਰਿਆ ਕਾਰਨ ਸ਼ਹਿਰਾਂ ਨੇੜਲੇ ਦਿਹਾਤੀ ਖੇਤਰਾਂ ਵਿਚਲੇ ਸਰੋਤਾਂ ਦਾ ਵਧੇਰੇ ਉਜਾੜਾ ਹੋਵੇਗਾ? ਕੀ ਵਣਜੀਵ ਰੱਖਿਆ ਪ੍ਰੋਗਰਾਮ ਨੇ ਤੰਗਨਜ਼ਰੀ ਅਪਣਾਉਂਦਿਆਂ ਸਿਰਫ਼ ਬਾਘ ਅਤੇ ਹਾਥੀਆਂ ਜਿਹੇ ਵੱਡੀਆਂ ਕ੍ਰਿਸ਼ਮਈ ਪ੍ਰਜਾਤੀਆਂ 'ਤੇ ਹੀ ਧਿਆਨ ਕੇਂਦਰਿਤ ਕਰ ਕੇ ਜਲਗਾਹਾਂ, ਜੰਗਲੀ ਝਾੜੀਆਂ ਅਤੇ ਖ਼ਤਰੇ ਦੀ ਜ਼ਦ ਵਿੱਚ ਆਈਆਂ ਹੋਰ ਕੁਦਰਤੀ ਜੀਵ ਰੱਖਾਂ ਨੂੰ ਨਜ਼ਰਅੰਦਾਜ਼ ਕੀਤਾ ਹੈ?

ਇਨ੍ਹਾਂ ਤੇ ਅਜਿਹੇ ਸਵਾਲਾਂ ਬਾਰੇ ਵਿਗਿਆਨਕ ਰਸਾਲਿਆਂ, ਹਰਮਨ ਪਿਆਰੀਆਂ ਵੈੱਬਸਾਈਟਾਂ ਅਤੇ ਮੰਚਾਂ ਉੱਪਰ ਸਰਗਰਮੀ ਨਾਲ ਚਰਚਾ ਕੀਤੀ ਜਾਂਦੀ ਹੈ, ਪਰ ਭਾਰਤ ਦੇ ਰਸੂਖਵਾਨ ਅਤੇ ਸ਼ਕਤੀਸ਼ਾਲੀ ਹਲਕਿਆਂ ਵਿੱਚ ਹਾਲੇ ਵੀ ਇਹ ਭਰਮ ਬਹੁਤ ਵੱਡੇ ਪੱਧਰ 'ਤੇ ਫੈਲਿਆ ਹੈ ਕਿ ਭਾਰਤ ਜਿਹੇ ਗ਼ਰੀਬ ਮੁਲਕ ਵਿੱਚ ਵਾਤਾਵਰਨ ਪੱਖੀ (ਗ੍ਰੀਨ) ਉਪਰਾਲਿਆਂ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜਦੋਂ ਮੈਂ ਜਵਾਨ ਸੀ ਤਾਂ ਮਾਰਕਸਵਾਦੀ ਇਤਿਹਾਸਕਾਰ ਦਾਅਵਾ ਕਰਦੇ ਸਨ ਕਿ ਵਾਤਾਵਰਨਵਾਦ ਜਮਾਤੀ ਸੰਘਰਸ਼ ਤੋਂ ਧਿਆਨ ਹਟਾਉਣ ਦਾ ਇੱਕ ਬੁਰਜੂਆ ਹਥਕੰਡਾ ਹੈ। ਹੁਣ ਬੁੱਢੇ ਵਾਰੇ ਮੈਨੂੰ ਜਾਪਦਾ ਹੈ ਕਿ ਵਾਤਾਵਰਨਵਾਦ ਨੂੰ ਦੇਸ਼ ਦੇ ਵਰਤਮਾਨ ਅਤੇ ਅਤੀਤ ਨਾਲ ਕਥਿਤ ਤੌਰ 'ਤੇ ਅਪ੍ਰਸੰਗਿਕ ਕਰਾਰ ਦੇ ਕੇ ਇਸ ਦੀ ਨਿੰਦਾ ਕਰਨ ਵਿੱਚ ਖੁੱਲ੍ਹੇ ਬਾਜ਼ਾਰਵਾਦੀ ਅਰਥਸ਼ਾਸਤਰੀ ਸਭ ਤੋਂ ਮੂਹਰੇ ਹਨ।

ਜੇ ਕਿਤੇ ਭਾਰਤੀ ਜਨਤਕ ਮੰਚ 'ਤੇ ਵਾਤਾਵਰਨ ਸਬੰਧੀ ਮਸਲੇ ਉੱਠਦੇ ਵੀ ਹਨ ਤਾਂ ਇਹ ਜਲਵਾਯੂ ਤਬਦੀਲੀ ਨਾਲ ਸਬੰਧਿਤ ਹੁੰਦੇ ਹਨ। ਇਨ੍ਹਾਂ ਨੂੰ ਵੀ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਤਹਿਤ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮੀਰ ਦੇਸ਼ ਸਾਨੂੰ ਇਹ ਦੱਸਣ ਵਾਲੇ ਕੌਣ ਹੁੰਦੇ ਹਨ ਕਿ ਅਸੀਂ ਪੈਟਰੋਲ-ਡੀਜ਼ਲ 'ਤੇ ਆਪਣੀ ਟੇਕ ਘਟਾ ਕੇ ਵੱਡੇ ਪੱਧਰ 'ਤੇ ਸਵੱਛ ਊਰਜਾ ਦੇ ਰਾਹ 'ਤੇ ਕਿਵੇਂ ਵਧਣਾ ਹੈ। ਇਹ ਗੱਲ ਸੱਚ ਹੈ ਕਿ ਯੂਰਪ ਅਤੇ ਉੱਤਰੀ ਅਮਰੀਕਾ ਦੇ ਦੇਸ਼ ਇਸ ਮਾਮਲੇ ਵਿੱਚ ਬਹੁਤ ਦੰਭੀ ਹਨ। ਪਹਿਲ ਪਲੇਠੇ ਸਨਅਤਕਾਰੀ ਮੁਲਕ ਹੋਣ ਨਾਤੇ ਉਨ੍ਹਾਂ ਨੇ ਆਲਮੀ ਤਪਸ਼ ਵਧਾਉਣ ਵਿੱਚ ਬਹੁਤ ਜ਼ਿਆਦਾ ਹਿੱਸਾ ਪਾਇਆ ਹੈ। ਜ਼ਮੀਨ ਹੇਠੋਂ ਤੇਲ ਸਾਧਨ ਕੱਢ ਤੇ ਇਨ੍ਹਾਂ ਦੀ ਵਰਤੋਂ ਕਰ ਕੇ ਉਨ੍ਹਾਂ ਬਹੁਤ ਜ਼ਿਆਦਾ ਦੌਲਤ ਕਮਾ ਲਈ ਹੈ ਅਤੇ ਹੁਣ ਉਹ ਮੁਕਾਬਲਤਨ ਗ਼ਰੀਬ ਮੁਲਕਾਂ ਨੂੰ ਆਪੋ ਆਪਣੇ ਤੇਲ ਭੰਡਾਰ ਅਤੇ ਕੋਲਾ ਪਲਾਂਟ ਬੰਦ ਕਰਨ ਲਈ ਕਹਿ ਰਹੇ ਹਨ ਜਦੋਂਕਿ ਉਨ੍ਹਾਂ ਨੂੰ ਊਰਜਾ ਦੇ ਵਧੇਰੇ ਸਵੱਛ ਸਰੋਤਾਂ ਵੱਲ ਵਧਣ ਲਈ ਢੁਕਵੀਂ ਮਦਦ ਦੇਣ ਤੋਂ ਨਾਂਹ ਕਰ ਰਹੇ ਹਨ।

ਬਹਰਹਾਲ, ਜਲਵਾਯੂ ਤਬਦੀਲੀ ਭਾਰਤ ਨੂੰ ਦਰਪੇਸ਼ ਵਾਤਾਵਰਨ ਦੀ ਇੱਕੋ ਇੱਕ ਜਾਂ ਸਭ ਤੋਂ ਮਹੱਤਵਪੂਰਨ ਚੁਣੌਤੀ ਨਹੀਂ ਹੈ। ਦਿੱਲੀ ਅਤੇ ਉੱਤਰੀ ਭਾਰਤ ਦੇ ਕਈ ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਦੁਨੀਆ ਵਿੱਚ ਸਭ ਤੋਂ ਵੱਧ ਹੈ। ਭਾਰਤ ਦੀਆਂ ਜ਼ਿਆਦਾਤਰ ਨਦੀਆਂ ਜੈਵਿਕ ਤੌਰ 'ਤੇ ਮਰ ਚੁੱਕੀਆਂ ਹਨ ਅਤੇ ਉਨ੍ਹਾਂ ਦਾ ਪਾਣੀ ਇਨਸਾਨਾਂ ਤੇ ਪਾਲਤੂ ਜਾਨਵਰਾਂ ਦੇ ਪੀਣ ਲਾਇਕ ਨਹੀਂ ਰਿਹਾ। ਭਾਰਤ ਦੀਆਂ ਲੋੜਾਂ ਦੀ ਪੂਰਤੀ ਲਈ ਅਨਾਜ ਪੈਦਾ ਕਰਨ ਲਈ 'ਅੰਨ ਦੇ ਭੜੋਲੇ' ਵਜੋਂ ਜਾਣੇ ਜਾਂਦੇ ਪੰਜਾਬ ਸਮੇਤ ਬਹੁਤ ਸਾਰੇ ਖੇਤਰਾਂ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਭੰਡਾਰ ਖ਼ਤਮ ਹੋਣ ਕੰਢੇ ਪਹੁੰਚ ਗਏ ਹਨ। ਖੇਤਾਂ ਵਿੱਚ ਰਸਾਇਣਕ ਅੰਸ਼ਾਂ ਦੀ ਮਾਤਰਾ ਸਭ ਹੱਦਾਂ ਪਾਰ ਕਰ ਚੁੱਕੀ ਹੈ। ਪੰਜਫੁੱਲੀ ਬੂਟੀ ਜਿਹੇ ਨਦੀਨਾਂ ਦਾ ਪਸਾਰਾ ਹਰ ਜਗ੍ਹਾ ਕੁਦਰਤੀ ਜੰਗਲਾਂ ਲਈ ਖ਼ਤਰਾ ਬਣ ਗਿਆ ਹੈ।

ਭਾਰਤ ਵਿੱਚ ਅੱਜ ਵਾਤਾਵਰਨ ਨੂੰ ਲੋੜੋਂ ਵੱਧ ਵਰਤ ਕੇ ਨੁਕਸਾਨ ਪਹੁੰਚਾਉਣ ਦੇ ਵੱਖੋ ਵੱਖ ਰੂਪਾਂ ਨੂੰ ਸਮਝਣ ਲਈ ਕੁਝ ਗੱਲਾਂ ਬਹੁਤ ਅਹਿਮ ਹਨ: 1. ਉਨ੍ਹਾਂ ਦਾ ਜਲਵਾਯੂ ਤਬਦੀਲੀ ਨਾਲ ਕੋਈ ਸਬੰਧ ਨਹੀਂ ਹੈ; ਸਗੋਂ ਇਹ ਮਾੜੇ ਢੰਗ ਨਾਲ ਵਿਉਂਤੀਆਂ ਆਰਥਿਕ ਨੀਤੀਆਂ ਦੀ ਉਪਜ ਹਨ ਜੋ ਕਿ ਸਰਕਾਰੀ ਭ੍ਰਿਸ਼ਟਾਚਾਰ ਅਤੇ ਕਾਰਪੋਰੇਟ ਲੋਭ ਕਰ ਕੇ ਹੋਰ ਵੀ ਭਿਆਨਕ ਰੂਪ ਧਾਰਨ ਕਰ ਗਈਆਂ ਹਨ।, 2. ਇਹ ਸੁਤੰਤਰ ਰੂਪ ਵਿੱਚ ਉਪਜੀਆਂ ਹਨ ਪਰ ਜਲਵਾਯੂ ਤਬਦੀਲੀ ਕਰ ਕੇ ਇਨ੍ਹਾਂ ਸਮੱਸਿਆਵਾਂ ਦਾ ਅਸਰ ਬਹੁਤ ਘਾਤਕ ਹੁੰਦਾ ਜਾ ਰਿਹਾ ਹੈ। ਪਾਣੀ ਅਤੇ ਜੈਵ ਵਿਭਿੰਨਤਾ ਦੇ ਬੇਸ਼ਕੀਮਤੀ ਭੰਡਾਰਾਂ ਵਜੋਂ ਜਾਣੇ ਜਾਂਦੇ ਪੱਛਮੀ ਘਾਟ ਅਤੇ ਹਿਮਾਲਿਆ ਪਰਬਤ ਲੜੀਆਂ ਵਿੱਚ ਪਹਾੜਾਂ ਦੇ ਖਿਸਕਣ ਦੀਆਂ ਘਟਨਾਵਾਂ ਵਿੱਚ ਆ ਰਹੀ ਤੇਜ਼ੀ ਨੇ ਇਸ ਨੂੰ ਬੱਜਰ ਢੰਗ ਨਾਲ ਦਰਸਾਇਆ ਹੈ। ਬੇਰੋਕ ਖਣਨ, ਸੈਰ ਸਪਾਟਾ ਕੇਂਦਰਾਂ ਦੇ ਅਨਿਯਮਤ ਵਿਸਤਾਰ ਅਤੇ ਸੜਕਾਂ ਦੀ ਮਾੜੀ ਵਿਉਂਤਬੰਦੀ ਕਾਰਨ ਪਹਾੜੀਆਂ ਖਿਸਕ ਰਹੀਆਂ ਹਨ। ਉਂਝ, ਬਹੁਤ ਜ਼ਿਆਦਾ ਮੀਂਹ ਅਤੇ ਬੇਮੌਸਮੇ ਮੀਂਹ ਜਿਹੀਆਂ ਅਤਿ ਦੀਆਂ ਮੌਸਮੀ ਘਟਨਾਵਾਂ ਕਰ ਕੇ ਇਨ੍ਹਾਂ ਸਮੱਸਿਆਵਾਂ ਦੇ ਅਸਰ ਬਹੁਤ ਜ਼ਿਆਦਾ ਗੰਭੀਰ ਹੋ ਗਏ ਹਨ। 3. ਇਸ ਪ੍ਰਦੂਸ਼ਣ ਤੇ ਨਿਘਾਰ ਦੀ ਮਾਰ ਗ਼ਰੀਬਾਂ ਨੂੰ ਨਿਸਬਤਨ ਵੱਧ ਸਹਿਣੀ ਪੈ ਰਹੀ ਹੈ। ਦਿੱਲੀ ਦੇ ਕੁਲੀਨ ਵਰਗ ਕੋਲ ਘਰਾਂ 'ਚ ਹਵਾ ਸ਼ੁੱਧ ਕਰਨ ਵਾਲੇ ਯੰਤਰ (ਏਅਰ ਪਿਓਰੀਫਾਇਰ) ਹਨ; ਬਸਤੀਆਂ 'ਚ ਰਹਿਣ ਵਾਲੇ ਲੋਕ ਸਿੱਧੇ ਤੌਰ 'ਤੇ ਸ਼ਹਿਰ ਦੀ ਹਾਨੀਕਾਰਕ ਹਵਾ 'ਚ ਸਾਹ ਲੈ ਰਹੇ ਹਨ। ਧਰਾਤਲੀ ਖਣਨ, ਇਸ ਦੇ ਨਾਲ ਲੱਗਦੀਆਂ ਛੋਟੇ ਕਿਸਾਨਾਂ ਵੱਲੋਂ ਵਾਹੀਆਂ ਜਾਂਦੀਆਂ ਜ਼ਮੀਨਾਂ ਦੇ ਧਸਣ ਦਾ ਕਾਰਨ ਬਣਦਾ ਹੈ, ਜਦੋਂਕਿ ਇਸ ਦਾ ਲਾਭ ਦੂਰ ਬੈਠੇ ਸ਼ਹਿਰੀ ਖਪਤਕਾਰ ਤੇ ਹਿੱਸੇਦਾਰ ਲੈਂਦੇ ਹਨ। ਅਮੀਰਾਂ ਦੇ ਘਰਾਂ ਦੀਆਂ ਟੂਟੀਆਂ ਨਾਲ ਜਲ ਸ਼ੁੱਧੀਕਰਨ ਉਪਕਰਨ (ਵਾਟਰ ਪਿਓਰੀਫਾਇਰ) ਲੱਗੇ ਹੋਏ ਹਨ; ਪਰ ਮਿਹਨਤਕਸ਼ ਜਮਾਤ ਨੂੰ ਪ੍ਰਦੂਸ਼ਿਤ ਪਾਣੀ, ਖੂਹ ਜਾਂ ਚਸ਼ਮਿਆਂ ਵਰਗੇ ਜਲ ਸਰੋਤਾਂ 'ਤੇ ਨਿਰਭਰ ਰਹਿਣਾ ਪੈ ਰਿਹਾ ਹੈ। ਨਦੀਨਾਂ ਨਾਲ ਜੰਗਲਾਂ ਦੇ ਪਤਨ ਦਾ ਮਤਲਬ ਹੈ ਕਿ ਪਸ਼ੂਪਾਲਕ ਚਾਰੇ ਤੋਂ ਵਾਂਝੇ ਹੋ ਗਏ ਹਨ ਤੇ ਦਸਤਕਾਰਾਂ ਨੂੰ ਉਹ ਲਾਹੇਵੰਦ ਸਮੱਗਰੀ ਨਹੀਂ ਮਿਲ ਰਹੀ ਜੋ ਕਿ ਇਸ ਤੋਂ ਪਹਿਲਾਂ ਸੰਘਣੇ ਝਾੜ-ਬੂਟ ਵਿੱਚੋਂ ਉਨ੍ਹਾਂ ਨੂੰ ਮਿਲਦੀ ਸੀ।

ਹੁਣ ਭਾਰਤ ਕੋਲ ਵਿਗਿਆਨਕ ਮੁਹਾਰਤ ਦਾ ਵੱਡਾ ਸੋਮਾ ਹੈ, ਜਿਹੜਾ ਇਸ ਤਰ੍ਹਾਂ ਦੇ ਵਾਤਾਵਰਨ ਪੱਖੋਂ ਅਸੰਵੇਦਨਸ਼ੀਲ ਵਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਦੇਸ਼ ਦੀਆਂ ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਕੋਲ ਵਾਤਾਵਰਨ ਮਾਹਿਰ, ਸਮਾਜ ਵਿਗਿਆਨੀ, ਖੇਤੀ ਵਿਗਿਆਨੀ, ਜਲ ਵਿਗਿਆਨੀ, ਸ਼ਹਿਰੀ ਯੋਜਨਾਕਾਰ, ਟਰਾਂਸਪੋਰਟ ਤੇ ਊਰਜਾ ਮਾਹਿਰ ਆਦਿ ਹਨ।

ਨਿਰਾਸ਼ਾ ਦੀ ਗੱਲ ਇਹ ਹੈ ਕਿ ਅਸਲ 'ਚ, ਇਨ੍ਹਾਂ ਵਿਸ਼ਾ ਮਾਹਿਰਾਂ ਤੋਂ ਸੱਤਾ 'ਚ ਬੈਠੇ ਸਿਆਸਤਦਾਨ ਘੱਟ ਹੀ ਸਲਾਹ ਲੈਂਦੇ ਹਨ ਤੇ ਜੇ ਲੈਂਦੇ ਵੀ ਹਨ ਤਾਂ ਇਨ੍ਹਾਂ ਦੇ ਪ੍ਰਸਤਾਵਾਂ ਨੂੰ ਕਦੇ ਲਾਗੂ ਨਹੀਂ ਕੀਤਾ ਜਾਂਦਾ। ਭਾਰਤੀ ਸਿਆਸਤਦਾਨਾਂ ਵੱਲੋਂ ਵਾਤਾਵਰਨ ਸੰਭਾਲ ਸਬੰਧੀ ਅਣਦੇਖੀ ਵਿਆਪਕ ਹੈ; ਸਾਰੀਆਂ ਪਾਰਟੀਆਂ ਇਹੋ ਕਰਦੀਆਂ ਹਨ। ਇਹ ਅਗਿਆਨਤਾ ਦੇ ਨਾਲ-ਨਾਲ ਦੁਰਭਾਵਨਾ ਦਾ ਨਤੀਜਾ ਹੈ। ਇੱਕ ਪਾਸੇ, ਇਹ ਸਿਆਸਤਦਾਨ, ਜੌਹਨ ਮੇਨਾਰਡ ਕੀਨਜ਼ ਦੇ ਕਹਿਣ ਮੁਤਾਬਿਕ, ਅਰਥਸ਼ਾਸਤਰੀਆਂ ਦੇ ਵੇਲਾ ਵਿਹਾ ਚੁੱਕੇ ਵਿਚਾਰਾਂ ਦੇ ਗ਼ੁਲਾਮ ਹਨ, ਜਿਨ੍ਹਾਂ ਨੂੰ ਖ਼ੁਦ ਚੌਗਿਰਦੇ ਦੀ ਕੋਈ ਸਮਝ ਹੀ ਨਹੀਂ ਹੈ। ਦੂਜੇ ਪਾਸੇ, ਭਾਰਤੀ ਸਿਆਸਤਦਾਨ ਖਣਨ ਕਾਰੋਬਾਰੀਆਂ, ਬੁਨਿਆਦੀ ਢਾਂਚਾ ਸਿਰਜਣ ਵਾਲਿਆਂ ਤੇ ਫੈਕਟਰੀ ਮਾਲਕਾਂ ਦੇ ਦੇਣਦਾਰ ਹਨ ਜੋ ਉਨ੍ਹਾਂ ਦੀਆਂ ਚੋਣ ਮੁਹਿੰਮਾਂ 'ਤੇ ਮਣਾਂ ਮੂੰਹੀ ਪੈਸਾ ਲਾਉਂਦੇ ਹਨ। ਇਹ ਗੱਲ ਵੀ ਮੰਨਣੀ ਪਵੇਗੀ ਕਿ ਅਸੀਮ ਆਰਥਿਕ ਤਰੱਕੀ ਤੇ ਰਫ਼ਤਾਰ ਨਾਲ ਵਧ ਰਹੇ ਖਪਤਵਾਦ ਦੀ ਖਿੱਚ ਨੇ ਭਾਰਤੀ ਮੱਧਵਰਗ ਦੀ ਕਲਪਨਾ ਸ਼ਕਤੀ 'ਚ ਘਰ ਕਰ ਲਿਆ ਹੈ। ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਵਾਤਾਵਰਨ ਮਾਹਿਰ ਨਾ ਸਿਰਫ਼ ਦਖ਼ਲ ਦੇਣ ਵਾਲੇ ਗੁੱਟ ਹਨ, ਸਗੋਂ ਸੰਭਾਵੀ ਤੌਰ 'ਤੇ ਪੱਛਮੀ ਤਾਕਤਾਂ ਦੇ ਏਜੰਟ ਵੀ ਹਨ, ਜਿਨ੍ਹਾਂ ਨੂੰ ਭਾਰਤ ਨੂੰ ਪਛੜਿਆ ਰੱਖਣ ਲਈ ਪੈਸੇ ਮਿਲ ਰਹੇ ਹਨ।

ਭਾਰਤ 'ਚ ਮੌਜੂਦ ਵਿੱਦਿਅਕ ਮੁਹਾਰਤ ਦੀ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਵੱਲੋਂ ਅਣਦੇਖੀ ਕੀਤੇ ਜਾਣ ਦੀ ਮਿਸਾਲ ਹੈ, 'ਦਿ ਇਕਨੌਮਿਕ ਐਂਡ ਪੁਲਿਟੀਕਲ ਵੀਕਲੀ (11 ਜਨਵਰੀ 2025) ਦਾ ਹਾਲੀਆ ਅੰਕ, ਜਿਸ ਵਿੱਚ ਕਈ ਕਿਸਮ ਦੇ ਅਹਿਮ ਵਿਸ਼ਿਆਂ 'ਤੇ ਮੋਹਰੀ ਵਿਦਵਾਨਾਂ ਦੇ ਬਿਹਤਰੀਨ ਖੋਜ ਪੱਤਰ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਖੋਜ ਪੱਤਰਾਂ 'ਚ ਜੰਗਲੀ ਜੀਵਨ ਤੋਂ ਲੈ ਕੇ ਜੰਗਲਾਤ ਪ੍ਰਬੰਧਨ, ਊਰਜਾ ਤੇ ਜਲ ਨੀਤੀ, ਪ੍ਰਦੂਸ਼ਣ 'ਚ ਕਟੌਤੀ, ਜਲਵਾਯੂ ਤਬਦੀਲੀ ਆਦਿ ਸ਼ਾਮਲ ਹਨ ਅਤੇ ਇਨ੍ਹਾਂ ਨੂੰ ਭਾਰਤੀ ਸਥਿਤੀਆਂ ਦੇ ਵਿਸ਼ੇਸ਼ ਹਵਾਲੇ ਨਾਲ ਤਿਆਰ ਕੀਤਾ ਗਿਆ ਹੈ। ਆਪਣੀ ਜਾਣ-ਪਛਾਣ 'ਚ, 'ਚੌਗਿਰਦੇ ਅਤੇ ਵਿਕਾਸ' ਉੱਤੇ ਈਪੀਡਬਲਿਊ ਦੇ ਇਸ ਵਿਸ਼ੇਸ਼ ਅੰਕ ਦੇ ਸੰਪਾਦਕ ਸ਼ਰਤਚੰਦਰ ਲੇਲੇ ਤੇ ਗੀਤਾਂਜੋਏ ਸਾਹੂ ਲਿਖਦੇ ਹਨ: 'ਨਵਿਆਉਣਯੋਗ ਊਰਜਾ ਖੇਤਰ ਤੇ ਬਾਘਾਂ ਦੀ ਵਧਦੀ ਆਬਾਦੀ ਦੇ ਬਾਵਜੂਦ, ਦੇਸ਼ ਦੀ ਵਾਤਾਵਰਨ ਸਬੰਧੀ ਅਖੰਡਤਾ ਤੇ ਸਭ ਤੋਂ ਪੱਛੜੇ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਨਾਲ ਸਮਝੌਤਾ ਹੋ ਰਿਹਾ ਹੈ। ਰੱਜੇ-ਪੁੱਜੇ ਕੁਝ ਲੋਕਾਂ ਦੇ ਠਾਠ 'ਤੇ ਵਿਸ਼ੇਸ਼ ਧਿਆਨ ਰੈਗੂਲੇਟਰੀ ਸ਼ਕਤੀਆਂ 'ਚ ਨਰਮੀ ਵਰਤਣ, ਪੱਖਪਾਤੀ ਢੰਗ ਨਾਲ ਕਾਨੂੰਨੀ ਸੌਖ ਉਪਲੱਬਧ ਕਰਾਉਣ, ਪ੍ਰਾਪਤ ਅਧਿਕਾਰਾਂ 'ਚ ਖੁੱਲ੍ਹ ਲੈਣ ਤੇ ਵਿਸ਼ੇਸ਼ ਰਿਆਇਤਾਂ ਲਈ ਸਰਪ੍ਰਸਤੀ ਦੇਣ ਦਾ ਰਾਹ ਖੋਲ੍ਹਦਾ ਹੈ। ਇਸੇ ਦੌਰਾਨ ਜਲਵਾਯੂ ਤਬਦੀਲੀ ਸਾਡੀਆਂ ਵਾਤਾਵਰਨ ਨਾਲ ਜੁੜੀਆਂ ਚੁਣੌਤੀਆਂ ਵਿੱਚ ਹੋਰ ਵਾਧਾ ਕਰਨ ਦਾ ਖ਼ਤਰਾ ਪੈਦਾ ਕਰ ਰਹੀ ਹੈ ਅਤੇ ਇਸ ਨਾਲ ਸਾਡੇ ਮੂਹਰੇ ਸਮਾਜਿਕ ਤੌਰ 'ਤੇ ਸੰਵੇਦਨਸ਼ੀਲ ਰਹਿੰਦਿਆਂ ਨਵੀਆਂ ਤਕਨੀਕਾਂ ਨੂੰ ਲਾਗੂ ਕਰਨ ਦੀ ਚੁਣੌਤੀ ਉਪਜੇਗੀ।

ਥੋੜ੍ਹੇ ਸ਼ਬਦਾਂ 'ਚ ਆਖੀਏ ਤਾਂ ਭਾਰਤ ਦਾ ਵਾਤਾਵਰਨ ਸੰਕਟ ਹੋਰ ਗੰਭੀਰ ਹੀ ਹੋਵੇਗਾ ਜਿਸ ਕਰ ਕੇ ਦੇਸ਼ ਦੀਆਂ ਆਰਥਿਕ ਪੱਖੋਂ ਕਮਜ਼ੋਰ ਸ਼੍ਰੇਣੀਆਂ ਦੀ ਸਿਹਤ ਅਤੇ ਰੋਜ਼ੀ-ਰੋਟੀ ਲਈ ਨਕਾਰਾਤਮਕ ਸਿੱਟੇ ਨਿਕਲਣਗੇ। ਇਹ ਵੀ ਸੰਭਵ ਹੈ ਕਿ ਅਤੀਤ ਦੀਆਂ ਧਾਰਨਾਵਾਂ ਦੇ ਬੋਝ ਤੋਂ ਮੁਕਤ ਜਵਾਨ ਪੀੜ੍ਹੀ ਆਪਣਾ ਸਾਰਾ ਤਾਣ ਲਾਉਂਦਿਆਂ, ਆਪਣੇ ਮੁਲਕ ਨੂੰ ਅੱਧੀ ਸਦੀ ਪਹਿਲਾਂ 'ਚਿਪਕੋ' ਦੇ ਆਗੂਆਂ ਵੱਲੋਂ ਪਾਈ ਲੀਹ 'ਤੇ ਮੁੜ ਏਨੀ ਦ੍ਰਿੜ੍ਹਤਾ ਨਾਲ ਅੱਗੇ ਵਧਾਏ ਕਿ ਸਮਾਜ ਵਿੱਚ ਸਾਰੇ ਵਰਗਾਂ ਦੇ ਹਿੱਤਾਂ ਦਾ ਧਿਆਨ ਰੱਖਦਿਆਂ ਵਾਤਾਵਰਨ ਪੱਖੋਂ ਹੰਢਣਸਾਰ ਨੀਤੀਆਂ 'ਤੇ ਅਮਲ ਯਕੀਨੀ ਬਣਾਇਆ ਜਾ ਸਕੇ।

**ਈ-ਮੇਲ : ramachandraguha@yahoo.in**

ਲੇਖਕ : ਲਖਵਿੰਦਰ ਸਿੰਘ ਬਾਜਵਾ
ਸੰਪਰਕ: 94177-34506

# ਸੱਚਾ ਪੈਰੋਕਾਰ



ਸੰਨ 1947 'ਚ ਪੰਦਰਾਂ ਅਗਸਤ ਦਾ ਦਿਨ ਦੇਸ਼ ਵਾਸਤੇ ਭਾਵੇਂ ਆਜ਼ਾਦੀ ਲੈ ਕੇ ਆਇਆ, ਪਰ ਪੂਰਬੀ ਪੰਜਾਬ ਦੇ ਮੁਸਲਮਾਨਾਂ ਅਤੇ ਪੱਛਮੀ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਲਈ ਸਭ ਤੋਂ ਕੁਲਹਿਣਾ ਸੀ। ਹਰ ਪਾਸੇ ਅਫ਼ਵਾਹਾਂ ਦਾ ਬਾਜ਼ਾਰ ਗਰਮ ਸੀ। ਕਿਸੇ ਥਾਂ 'ਤੇ ਮੁਸਲਮਾਨਾਂ ਦਾ ਕਾਫ਼ਲਾ ਵੱਢਿਆ ਗਿਆ, ਪਾਕਿਸਤਾਨ ਤੋਂ ਆਉਣ ਵਾਲੇ ਹਿੰਦੂ ਸਿੱਖ ਵੱਢੇ ਜਾ ਰਹੇ ਸਨ। ਇਹ ਅਫ਼ਵਾਹਾਂ ਨਿਰਮੂਲ ਨਹੀਂ ਸਨ। ਸੱਚ ਦੀ ਹੱਦ ਤੋਂ ਵੀ ਕੁਝ ਵੱਧ ਸਨ। ਦੋਵੇਂ ਪਾਸਿਆਂ ਦੇ ਲੋਕ ਹੱਦੋਂ ਪਾਰ ਦੀਆਂ ਖ਼ਬਰਾਂ ਸੁਣ ਕੇ ਏਧਰੋਂ ਓਧਰ ਤੇ ਓਧਰੋਂ ਏਧਰ ਆਉਣ ਵਾਲੇ ਸ਼ਰਨਾਰਥੀਆਂ 'ਤੇ ਕਹਿਰ ਢਾਹ ਰਹੇ ਸਨ। ਅੰਗਰੇਜ਼ ਜਾਂਦੇ ਜਾਂਦੇ ਦੇਸ਼ ਦੇ ਦੋ ਟੁਕੜੇ ਕਰ ਕੇ ਸਾਨੂੰ ਆਪੋ ਵਿੱਚ ਟਕਰਾ ਕੇ ਆਪ ਵਿੱਚੋਂ ਅਛੂਤੇ ਨਿਕਲ ਗਏ ਸਨ।

ਕਹਿੰਦੇ ਨੇ ਭੂਤ ਜਾਂਦਾ-ਜਾਂਦਾ ਵੀ ਬਨੇਰਾ ਭੰਨ ਜਾਂਦਾ ਹੈ। ਇਹ ਕਹਾਵਤ ਸੱਚ ਹੋ ਗਈ ਜਾਪਦੀ ਸੀ। ਪਿੰਡ ਭਦੌੜ ਦੇ ਮੁਸਲਮਾਨ ਪਿੰਡੋਂ ਜਾ ਚੁੱਕੇ ਸਨ ਜਾਂ ਮਾਰੇ ਗਏ ਸਨ। ਕੁਝ ਡਰਦੇ ਕਮਾਦਾਂ ਵਿੱਚ ਜਾ ਲੁਕੇ ਸਨ। ਰਹਿਮਤ ਵੀ ਉਨ੍ਹਾਂ ਵਿੱਚੋਂ ਇੱਕ ਸੀ। ਉਸ ਦੀਆਂ ਅੱਖਾਂ ਸਾਹਮਣੇ ਉਸ ਦੀਆਂ ਦੋ ਭੈਣਾਂ ਤੇ ਬੀਵੀ ਨੂੰ ਉਸ ਦੇ ਪਿੰਡ ਦੇ ਲੋਕ ਖੋਹ ਕੇ ਲੈ ਗਏ ਸਨ। ਜਿਹੜੇ ਕੱਲ੍ਹ ਤੱਕ ਇੱਕ ਦੂਜੇ 'ਤੇ ਜਾਨ ਛਿੜਕਦੇ ਸਨ, ਅੱਜ ਖ਼ੂਨ ਦੇ ਤਿਰਹਾਏ ਹੋ ਗਏ ਸਨ।

ਚਾਰੇ ਪਾਸੇ ਖ਼ੂਨ ਖ਼ਰਾਬਾ ਹੋ ਰਿਹਾ ਸੀ। ਅੱਥਰੇ ਨੌਜਵਾਨ ਦੂਜੇ ਧਰਮਾਂ ਦੇ ਬੱਚਿਆਂ ਤੱਕ ਨੂੰ ਕੋਹ ਕੋਹ ਕੇ ਮਾਰ ਰਹੇ ਸਨ। ਕੁਝ ਸਿਆਣੇ ਬੰਦੇ ਵਰਜਣ ਵਾਲੇ ਵੀ ਸਨ, ਪਰ ਉਨ੍ਹਾਂ ਦੀ ਕੌਣ ਸੁਣਦਾ ਸੀ?

ਅਜਿਹੀ ਭਿਆਨਕ ਹਨੇਰੀ ਵਿੱਚ ਵੀ ਰਹਿਮਤ ਬਚ ਕੇ ਆਪਣੇ ਘਰ ਆ ਗਿਆ ਸੀ ਤਾਂ ਇਹ ਅਣਹੋਣੀ ਗੱਲ ਜਾਪਦੀ ਸੀ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਜ਼ਿੰਦਾ ਹੈ। ਭਾਵੇਂ ਹੁਣ ਜਨੂੰਨ ਕੁਝ ਮੱਠਾ ਹੁੰਦਾ ਜਾ ਰਿਹਾ ਸੀ ਤੇ ਪਿੰਡ ਦੇ ਕੁਝ ਸਿਆਣੇ ਲੋਕ ਉਸ ਦੀ ਬੀਵੀ ਅਤੇ ਭੈਣਾਂ ਨੂੰ ਵੀ ਵਾਪਸ ਉਸ ਦੇ ਘਰ ਪਹੁੰਚਾ ਗਏ ਸਨ ਅਤੇ ਉਸ ਨੂੰ ਹਿਫ਼ਾਜ਼ਤ ਦੀ ਤਸੱਲੀ ਵੀ ਦੇ ਗਏ ਸਨ, ਪਰ ਦਹਿਸ਼ਤ ਤਾਂ ਅਜੇ ਵੀ ਬਰਕਰਾਰ ਸੀ। ਉਸ ਨੂੰ ਬਚਾਉਣ ਵਾਲੀ ਇਹ ਤਲਵਾਰ ਸੀ ਜਾਂ ਤਲਵਾਰ ਦੇਣ ਵਾਲਾ। ਉਹ ਸਾਹਮਣੇ ਪਈ ਤਲਵਾਰ ਨੂੰ ਇੱਕ ਟੱਕ ਦੇਖੀ ਜਾ ਰਿਹਾ ਸੀ ਕਿਉਂਕਿ ਹੁਣ ਉਸ ਦਾ ਆਪਣੇ ਵਤਨ ਵਿੱਚ ਹੀ ਰਹਿ ਜਾਣਾ ਨਿਸ਼ਚਿਤ ਹੋ ਗਿਆ ਸੀ। ਭਾਵੇਂ ਉਸ ਦੇ ਬਹੁਤ ਸਾਰੇ ਕਰੀਬੀ ਰਿਸ਼ਤੇਦਾਰਾਂ ਦਾ ਕੁਝ ਪਤਾ ਨਹੀਂ ਸੀ ਕਿ ਉਹ ਸਾਰੇ ਮਾਰੇ ਗਏ ਸਨ ਜਾਂ ਪਾਕਿਸਤਾਨ ਚਲੇ ਗਏ ਸਨ।

ਦੋ ਦਿਨ ਭੁੱਖਾ ਪਿਆਸਾ ਰਹਿਣ ਮਗਰੋਂ ਰਹਿਮਤ ਕੱਲ੍ਹ ਸਵੇਰੇ ਇੱਕ ਕਮਾਦ ਦੇ ਖੇਤ ਵਿੱਚੋਂ ਬਾਹਰ ਨਿਕਲਿਆ ਸੀ। ਮੌਤ ਨੂੰ ਆਪਣੇ ਕਰੀਬ ਸਮਝ ਕੇ ਉਸ ਨੇ ਸੋਚਿਆ ਸੀ ਕਿ ਹੁਣ ਜਿਊਂ ਕੇ ਕਰਨਾ ਵੀ ਕੀ ਹੈ। ਉਸ ਨੇ ਆਪਣੇ ਅੱਖੀਂ ਬਹੁਤ ਸਾਰੇ ਮੁਸਲਮਾਨਾਂ ਨੂੰ ਵੱਢੀਂਦੇ ਵੇਖਿਆ ਸੀ, ਆਪਣੇ ਹਮਸਾਇਆਂ ਦੇ ਹੀ ਹੱਥੋਂ। ਇਸ ਲਈ ਉਸ ਨੂੰ ਜੀਵਨ ਦੀ ਆਸ ਨਾ ਦੇ ਬਰਾਬਰ ਹੀ ਸੀ। ਉਹ ਸੋਚਦਾ ਸੀ, ਮੈਂ ਹੁਣ ਆਪਣੇ ਪਰਿਵਾਰ ਦੇ ਕਿਸੇ ਜੀਅ ਨੂੰ ਨਹੀਂ ਮਿਲ ਸਕਾਂਗਾ। ਜੋ ਹੋਵੇਗੀ ਵੇਖੀ ਜਾਏਗੀ, ਉਹ ਇਹ ਸੋਚ ਕੇ ਕਮਾਦ 'ਚੋਂ ਨਿਕਲਿਆ ਅਤੇ ਸੂਏ ਦੀ ਪਟੜੀ 'ਤੇ ਆ ਗਿਆ। ਚਾਰ ਚੁਫ਼ੇਰੇ ਨਜ਼ਰ ਦੌੜਾਈ ਤਾਂ ਕੋਈ ਵੀ ਬੰਦਾ ਨਜ਼ਰ ਨਾ ਆਇਆ। ਸ਼ਾਇਦ ਸਵੇਰ ਦਾ ਵੇਲਾ ਤੇ ਕੁਝ ਹਾਲਾਤ ਖ਼ਰਾਬ ਹੋਣ ਕਰਕੇ ਲੋਕ ਘਰਾਂ ਵਿੱਚੋਂ ਨਹੀਂ ਸਨ ਨਿਕਲੇ। ਫਿਰ ਉਹ ਜਿਵੇਂ ਮੌਤ ਨੂੰ ਗਲਵੱਕੜੀ ਪਾਉਣ ਲਈ ਅਗਲਵਾਂਢੀ ਪਿੰਡ ਨੂੰ ਹੋ ਤੁਰਿਆ। ਉਸੇ ਪਿੰਡ ਵੱਲ ਜੋ ਕਦੇ ਉਸ ਦਾ ਆਪਣਾ ਸੀ ਤੇ ਇੱਕ ਭਿਆਨਕ ਹਨੇਰੀ ਨੇ ਸਭ ਕੁਝ ਬਦਲ ਦਿੱਤਾ ਸੀ। ਉਹ ਸੋਚਦਾ ਸੀ ਕਿ ਪਿੰਡ ਵੜਦਿਆਂ ਹੀ ਉਸ ਨੂੰ ਵੱਢ ਦਿੱਤਾ ਜਾਵੇਗਾ। ਉਸ ਦੇ ਦਿਮਾਗ਼ ਵਿੱਚ ਇੱਕ ਅਜੀਬ ਹਲਚਲ ਹੋ ਰਹੀ ਸੀ।

ਅਜੇ ਉਹ ਚਾਰ ਪੰਜ ਕਿੱਲੇ ਹੀ ਗਿਆ ਹੋਵੇਗਾ ਕਿ ਉਸ ਨੂੰ ਦੂਰੋਂ ਇੱਕ ਬੰਦਾ ਆਉਂਦਾ ਨਜ਼ਰ ਆਇਆ। ਉਸ ਨੂੰ ਇਹ ਬੰਦਾ ਨਹੀਂ, ਆਪਣੀ ਮੌਤ ਆਉਂਦੀ ਦਿਸ ਰਹੀ ਸੀ। ਫਿਰ ਵੀ ਉਹ ਉਧਰ ਤੁਰਿਆ ਜਾ ਰਿਹਾ ਸੀ। ਮੌਤ ਜਿਸ ਤਰ੍ਹਾਂ ਉਸ ਨੂੰ ਬੁਲਾ ਰਹੀ ਹੋਵੇ। ਉਹ ਅੱਧਾ ਤਾਂ ਪਹਿਲਾਂ ਹੀ ਮਰ ਚੁੱਕਾ ਸੀ, ਬੱਸ ਅੱਧਾ ਮਰਨਾ ਬਾਕੀ ਸੀ ਜੋ ਬਹੁਤ ਸੌਖਾ ਸੀ। ਕੋਈ ਵੀ ਲੰਘਦਾ ਰਾਹਗੀਰ ਉਸ ਨੂੰ ''ਓਏ ... ਤੂੰ ਅਜੇ ਜਿਉਂਦੈਂ ਓਏ!'' ਕਹਿ ਕੇ ਆਪਣੀ ਤਲਵਾਰ ਦੀ ਭੇਟ ਚੜ੍ਹਾ ਸਕਦਾ ਸੀ।

ਉਹ ਹੋਰ ਅੱਗੇ ਵਧਿਆ ਤਾਂ ਉਸ ਨੂੰ ਉਹ ਆਦਮੀ ਕੁਝ ਸਾਫ਼ ਨਜ਼ਰ ਆਉਣ ਲੱਗਾ। ਸੂਏ ਦੇ ਪਾਣੀ ਦੀ ਕਲ ਕਲ ਵਿੱਚੋਂ ਵੀ ਅੱਜ ਉਸ ਨੂੰ ਮੌਤ ਦਾ ਰਾਗ ਸੁਣਾਈ ਦੇ ਰਿਹਾ ਸੀ। ਸੂਏ ਦਾ ਨਿਤਰਿਆ ਪਾਣੀ ਭਾਵੇਂ ਚੜ੍ਹਦੇ ਸੂਰਜ ਦੀ ਲਾਲੀ ਨਾਲ ਲਾਲ ਭਾਹ ਮਾਰ ਰਿਹਾ ਸੀ, ਪਰ ਉਸ ਨੂੰ ਸੂਆ ਲਹੂ ਦਾ ਭਰਿਆ ਵਗਦਾ ਦਿਸ ਰਿਹਾ ਸੀ। ਉਸ ਨੂੰ ਜਾਪਿਆ ਕਿ ਹੋਰ ਥੋੜ੍ਹੀ ਦੇਰ ਨੂੰ ਸਾਹਮਣੇ ਆਉਂਦਾ ਆਦਮੀ ਉਸ ਨੂੰ ਮਾਰ ਕੇ ਉਸ ਦੀ ਰੱਤ ਵੀ ਸੂਏ ਦੇ ਪਾਣੀ ਦੀ ਵਗਦੀ ਰੱਤ ਵਿੱਚ ਰਲਾ ਦੇਵੇਗਾ। ਫਿਰ ਵੀ ਉਹ ਡਰ ਕੇ ਆਸੇ-ਪਾਸੇ ਭੱਜਣ ਦੀ ਬਜਾਏ ਉਸੇ ਵੱਲ ਤੁਰਿਆ ਜਾ ਰਿਹਾ ਸੀ।

ਪਹਿਲਾਂ ਵੀ ਅਕਸਰ ਉਹ ਇਸੇ ਸੂਏ ਦੀ ਪਟੜੀ ਤੋਂ ਲੰਘਿਆ ਕਰਦਾ ਸੀ। ਜਦੋਂ ਵੀ ਉਹ ਸੂਏ ਦੀ ਪਟੜੀ-ਪਟੜੀ ਲੰਘਦਾ ਤਾਂ ਉਸ ਨੂੰ ਸੂਏ ਦੇ ਪਾਣੀ ਦੀ ਕਲ-ਕਲ ਵਿੱਚੋਂ ਆਪਣੀ ਮਹਿਬੂਬਾ ਦੇ ਹਾਸਿਆਂ ਦੀ ਛਣਕਾਰ ਸੁਣਾਈ ਦਿੰਦੀ। ਸੂਏ ਦੀ ਪਟੜੀ 'ਤੇ ਲੱਗੀ ਟਾਹਲੀਆਂ ਦੀ ਲੰਮੀ ਕਤਾਰ ਜਿਵੇਂ ਉਸ ਦੇ ਸੁਆਗਤ ਵਿੱਚ ਝੁਕਦੀ ਜਾ ਰਹੀ ਹੋਵੇ। ਪੱਤਿਆਂ ਵਿੱਚੋਂ ਲੰਘਦੀ ਹਵਾ ਦਾ ਸੰਗੀਤ ਉਸ ਦੇ ਮਨ ਵਿੱਚ ਮਸਤੀ ਭਰ ਦਿੰਦਾ। ਉਹ ਮਸਤੀ ਵਿੱਚ ਕੋਈ ਗੀਤ ਗੁਣਗੁਣਾਉਂਦਾ ਬੇਫ਼ਿਕਰੀ ਨਾਲ ਲੰਘ ਜਾਂਦਾ।

ਪਰ ਅੱਜ ਉਹੋ ਪਾਣੀ ਉਸ ਨੂੰ ਖ਼ੂਨ ਦਿਸ ਰਿਹਾ ਸੀ। ਟਾਹਲੀਆਂ ਦੀ ਲੰਮੀ ਕਤਾਰ ਜਿਸ ਤਰ੍ਹਾਂ ਯਮਦੂਤ ਹੋਣ ਤੇ ਪੱਤਿਆਂ ਵਿੱਚੋਂ ਲੰਘਦੀ ਹਵਾ ਦੀ ਸਰਸਰਾਹਟ ਜਿਵੇਂ ਹਜ਼ਾਰਾਂ ਡਰਾਉਣੀਆਂ ਆਵਾਜ਼ਾਂ ਇੱਕੋ ਇਕੱਠੀਆਂ ਕੱਢ ਰਹੀ ਹੋਵੇ। ਉਹ ਆਦਮੀ ਹੋਰ ਨੇੜੇ ਆਇਆ, ਹੁਣ ਉਸ ਨੂੰ ਪਛਾਨਣਾ ਕੋਈ ਮੁਸ਼ਕਿਲ ਨਹੀਂ ਸੀ। ਤਕਰੀਬਨ ਛੇ ਫੁੱਟੇ ਕੱਦ ਦਾ ਉਹ ਨਿਹੰਗ ਸਿੰਘ ਹੱਥ ਵਿੱਚ ਤਲਵਾਰ ਫੜੀ ਉਸ ਵੱਲ ਆ ਰਿਹਾ ਸੀ। ਹੁਣ ਉਸ ਨੂੰ ਆਪਣੀ ਮੌਤ ਬਾਰੇ ਕੋਈ ਸ਼ੱਕ ਨਹੀਂ ਸੀ ਰਿਹਾ।

ਉਸ ਨੇ ਸੋਚਿਆ, 'ਉਹ ਨਿਹੰਗ ਤਲਵਾਰ ਮਿਆਨ 'ਚੋਂ ਕੱਢੇਗਾ, ਜੈਕਾਰਾ ਛੱਡੇਗਾ ਤੇ ਮੇਰਾ ਸਿਰ ਧੜ ਤੋਂ ਅਲੱਗ ਕਰ ਦੇਵੇਗਾ'। ਪਰ ਉਹ ਤਾਂ ਮੌਤ ਨੂੰ ਕਬੂਲ ਕੇ ਹੀ ਕਮਾਦ 'ਚੋਂ ਨਿਕਲਿਆ ਸੀ, ਹੌਲੀ ਹੌਲੀ ਨਿਹੰਗ ਵੱਲ ਵਧਦਾ ਗਿਆ। ਨਿਹੰਗ ਹੁਣ ਉਸ ਦੇ ਸਾਹਮਣੇ ਖਲੋਤਾ ਸੀ, ਪਰ ਉਹ ਉਸ ਵੱਲ ਅੱਖ ਚੁੱਕ ਕੇ ਵੇਖਣ ਦਾ ਹੀਆ ਨਹੀਂ ਸੀ ਕਰ ਸਕਿਆ। ਬਲੀ ਦੇ ਬੱਕਰੇ ਵਾਂਗ ਉਸ ਨੇ ਆਪਣਾ ਸਿਰ ਨਿਹੰਗ ਦੇ ਸਾਹਮਣੇ ਝੁਕਾਅ ਦਿੱਤਾ ਤਾਂ ਜੋ ਨਿਹੰਗ ਨੂੰ ਤਲਵਾਰ ਦੇ ਦੋ ਵਾਰ ਨਾ ਕਰਨੇ ਪੈਣ ਅਤੇ ਇੱਕੋ ਵਾਰ ਵਿੱਚ ਉਸ ਨੂੰ ਪਾਰ ਬੁਲਾ ਸਕੇ। ਉਹ ਤਲਵਾਰ ਦਾ ਵਾਰ ਉਡੀਕ ਰਿਹਾ ਸੀ, ਪਰ ਕਾਫ਼ੀ ਦੇਰ ਤੱਕ ਉਸ ਦੀ ਗਰਦਨ 'ਤੇ ਤਲਵਾਰ ਨਹੀਂ ਸੀ ਪਈ। ਉਹ ਜਿਉਂਦਾ ਸੀ, ਉਸ ਨੂੰ ਆਪਣੇ ਜਿਉਂਦੇ ਹੋਣ 'ਤੇ ਯਕੀਨ ਨਹੀਂ ਸੀ ਆ ਰਿਹਾ।

''ਓਏ ਤੂੰ ਮੁਸਲਮਾਨ ਏਂ?'' ਜਦੋਂ ਨਿਹੰਗ ਨੇ ਉਸ ਨੂੰ ਪੁੱਛਿਆ ਤਾਂ ਉਸ ਦੀਆਂ ਸੋਚਾਂ ਦੀ ਲੜੀ ਟੁੱਟ ਗਈ। ਉਸ ਨੇ ਸਿਰਫ਼ ਧੌਣ ਹਿਲਾਈ।

''ਕਿੱਥੇ ਚਲਿਐਂ?''

''ਪਿੰਡ,'' ਉਸ ਨੇ ਪਿੰਡ ਵੱਲ ਇਸ਼ਾਰਾ ਕੀਤਾ ਤੇ ਚੋਰ ਅੱਖ ਨਾਲ ਨਿਹੰਗ ਵੱਲ ਤੱਕਣ ਦਾ ਯਤਨ ਕੀਤਾ, ਪਰ ਨਿਹੰਗ ਦੇ ਚਿਹਰੇ ਨੂੰ ਪੜ੍ਹ ਨਾ ਸਕਿਆ।

''ਓਏ ਮੂੰਹ ਉੱਤੇ ਕਰ,'' ਨਿਹੰਗ ਨੇ ਰੋਅਬ ਨਾਲ ਕਿਹਾ, ''ਜੁਆਨ ਆਦਮੀ ਏਂ, ਕਿਸ ਤਰ੍ਹਾਂ ਮੂੰਹ ਲੁਕਾ ਗਿੱਦੜਾਂ ਵਾਂਗ ਮਰਨ ਲਈ ਤਿਆਰ ਖਲੋਤਾ ਏਂ!''

ਅੱਗੋਂ ਉਸ ਨੂੰ ਕੋਈ ਜਵਾਬ ਨਾ ਆਇਆ।

''ਆਹ ਫੜ ਤਲਵਾਰ,'' ਨਿਹੰਗ ਨੇ ਆਖਿਆ, ''ਜੇ ਮਰਨਾ ਹੀ ਹੈ ਤਾਂ ਕਿਸੇ ਨੂੰ ਮਾਰ ਕੇ ਮਰੀਂ।''

ਇਹ ਗੱਲ ਸੁਣਦਿਆਂ ਹੀ ਉਸ ਦੇ ਅੰਦਰ ਜਿਵੇਂ ਭੁਚਾਲ ਆ ਗਿਆ ਹੋਵੇ। ਉਹ ਨਿਹੰਗ ਸਿੰਘ ਦੇ ਕਦਮਾਂ ਵਿੱਚ ਡਿੱਗ ਪਿਆ। ਨਿਹੰਗ ਸਿੰਘ ਨੇ ਉਸ ਨੂੰ ਬਾਹੋਂ ਫੜ ਕੇ ਉਠਾਇਆ ਅਤੇ ਤਲਵਾਰ ਉਸ ਦੇ ਹੱਥ ਵਿੱਚ ਫੜਾ ਆਪ ਅੱਗੇ ਤੁਰ ਗਿਆ। ਕਿੰਨਾ ਚਿਰ ਉਹ ਭਮੱਤਰਿਆ ਕਦੇ ਤਲਵਾਰ ਵੱਲ ਵੇਖਦਾ ਤੇ ਕਦੇ ਦੂਰ ਜਾਂਦੇ ਨਿਹੰਗ ਸਿੰਘ ਵੱਲ। ਫਿਰ ਉਹ ਤਲਵਾਰ ਨੂੰ ਹੱਥ ਵਿੱਚ ਫੜੀ ਅੱਗੇ ਵਧਿਆ।

ਹੁਣ ਉਸ ਨੂੰ ਮੌਤ ਦਾ ਡਰ ਬਿਲਕੁਲ ਨਹੀਂ ਸੀ। ਉਸ ਨੂੰ ਇਉਂ ਲੱਗ ਰਿਹਾ ਸੀ, ਜਿਵੇਂ ਉਹ ਨਿਹੰਗ ਸਿੰਘ ਹੱਥ ਵਿੱਚ ਤਲਵਾਰ ਫੜੀ ਉਸ ਦੀ ਰੱਖਿਆ ਕਰਦਾ ਉਸ ਦੇ ਨਾਲ-ਨਾਲ ਤੁਰ ਰਿਹਾ ਹੋਵੇ। ਹੁਣ ਉਹ ਨਿਰਭੈ ਹੋ ਕੇ ਤੁਰਿਆ ਜਾ ਰਿਹਾ ਸੀ। ਸੂਏ ਦੀ ਪਟੜੀ ਉੱਤੇ ਉਸ ਨੂੰ ਹੋਰ ਵੀ ਕਈ ਆਦਮੀ ਅੱਗੋਂ ਆਉਂਦੇ ਮਿਲੇ, ਪਰ ਉਸ ਦੇ ਹੱਥ ਵਿੱਚ ਫੜੀ ਤਲਵਾਰ ਅਤੇ ਉਸ ਦੇ ਬੇਖ਼ੌਫ਼ ਚਿਹਰੇ ਨੂੰ ਵੇਖ ਕੇ ਕਿਸੇ ਦਾ ਵੀ ਉਸ ਨੂੰ ਮਾਰਨ ਦਾ ਹੀਆ ਨਾ ਪਿਆ। ਕੁਝ ਆਦਮੀਆਂ ਦੀ ਆਵਾਜ਼ ਤਾਂ ਉਸ ਨੂੰ ਸਾਫ਼ ਸੁਣੀ ਸੀ।

''ਓਏ ਮੁਸਲਮਾਨ,'' ਇੱਕ ਨੇ ਆਖਿਆ।

''ਹਾਂ ਪਰ ਇਸ ਦੇ ਹੱਥ ਵਿੱਚ ਤਲਵਾਰ ਏ।''

ਇਸ ਤਰ੍ਹਾਂ ਘੁਸਰ ਮੁਸਰ ਕਰਦੇ ਉਹ ਉਹਦੇ ਕੋਲੋਂ ਅੱਗੇ ਲੰਘ ਗਏ ਸਨ। ਹੁਣ ਉਹ ਆਪਣੇ ਘਰ ਬੈਠਾ ਸੀ। ਸਾਹਮਣੇ ਉਹ ਤਲਵਾਰ ਸੀ ਤੇ ਮਨ ਵਿੱਚ ਉਸ ਨਿਹੰਗ ਸਿੰਘ ਦੀ ਤਸਵੀਰ। ਉਹ ਸੋਚ ਰਿਹਾ ਸੀ ਤਾਂ ਉਸ ਨੂੰ ਯਾਦ ਆ ਰਿਹਾ ਸੀ, ਕਿਸੇ ਕਵੀਸ਼ਰ ਤੋਂ ਸੁਣਿਆ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਵਚਨ:

ਸਿੱਖੋ ਤੇਗ ਤੁਸਾਂ ਦੀ ਹੋਵੇ ਢਾਲ ਗਰੀਬਾਂ ਲਈ,
ਭੁੱਲ ਕੇ ਮਾੜੇ ਉਪਰ ਕਦੇ ਨਾ ਹੱਥ ਉਠਾਉਣਾ।

ਉਸ ਨੂੰ ਉਹ ਨਿਹੰਗ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਸੱਚਾ ਪੈਰੋਕਾਰ ਜਾਪਿਆ।

ਵਲੋਂ : ਰਾਜ ਕੌਰ ਕਮਾਲਪੁਰ
ਸੰਪਰਕ: 94642-24314

# ਖ਼ੂਨ ਦੀ ਸਾਂਝ

ਹੋਇਆ ਇਉਂ, ਮੇਰੇ ਪਤੀ ਨੇ ਸ਼ੋਸ਼ਲ ਮੀਡੀਆ 'ਤੇ ਪੜ੍ਹ ਲਿਆ ਕਿ ਕਿਸੇ ਨੂੰ ਬੀ ਨੈਗੇਟਿਵ ਖ਼ੂਨ ਦੀ ਬਹੁਤ ਜ਼ਿਆਦਾ ਐਮਰਜੈਂਸੀ ਵਿੱਚ ਜ਼ਰੂਰਤ ਸੀ। ਖ਼ੂਨ ਦਾ ਇਹ ਗਰੁੱਪ ਕਾਫ਼ੀ ਘੱਟ ਮਿਲਦਾ ਹੈ। ਉਹ ਔਰਤ ਜਿਸ ਨੂੰ ਖ਼ੂਨ ਦੀ ਤੁਰੰਤ ਲੋੜ ਸੀ ... ਗਰਭਵਤੀ ਸੀ, ਉਸ ਨੂੰ ਇੱਕ-ਦੋ ਦਿਨਾਂ ਬਾਅਦ ਬੱਚਾ ਹੋਣ ਵਾਲਾ ਸੀ ਅਤੇ ਪੀ.ਜੀ.ਆਈ. ਚੰਡੀਗੜ੍ਹ ਵਿੱਚ ਐਮਰਜੈਂਸੀ ਵਾਰਡ ਵਿੱਚ ਦਾਖਲ ਸੀ। ਮੇਰੇ ਪਤੀ ਦਾ ਬਲੱਡ ਗਰੁੱਪ ਬੀ ਨੈਗੇਟਿਵ ਹੀ ਹੈ। ਇਹ ਲੈਕਚਰਾਰ ਹੋਣ ਕਾਰਨ ਸਕੂਲ ਆਪਣੀ ਡਿਊਟੀ 'ਤੇ ਗਏ ਹੋਏ ਸਨ। ਜਦੋਂ ਇਨ੍ਹਾਂ ਨੂੰ ਪਤਾ ਲੱਗਿਆ ਤਾਂ ਉਸੇ ਵੇਲੇ ਪਟਿਆਲੇ ਵੱਲ ਤੁਰ ਪਏ। ਮੈਨੂੰ ਪਤਾ ਲੱਗਿਆ ਤਾਂ ਮੈਂ ਵੀ ਇਨ੍ਹਾਂ ਦੇ ਨਾਲ ਚੱਲ ਪਈ ਕਿਉਂਕਿ ਪਟਿਆਲ਼ਾ ਤੋਂ ਚੰਡੀਗੜ੍ਹ ਦੋ ਘੰਟਿਆਂ ਦਾ ਸਫ਼ਰ ਸੀ। ਵਾਪਸੀ ਸਮੇਂ ਮੇਰਾ ਇਨ੍ਹਾਂ ਨਾਲ ਹੋਣਾ ਮੈਨੂੰ ਜ਼ਰੂਰੀ ਲੱਗਿਆ। ਦੋ ਘੰਟਿਆਂ ਦੇ ਸਫ਼ਰ ਤੋਂ ਬਾਅਦ ਅਸੀਂ ਚੰਡੀਗੜ੍ਹ ਪੀ.ਜੀ.ਆਈ. ਹਸਪਤਾਲ 'ਚ ਪਹੁੰਚੇ ਤਾਂ ਉਸ ਔਰਤ ਦਾ ਪਤੀ ਬੜੀ ਬੇਸਬਰੀ ਨਾਲ ਸਾਡੀ ਉਡੀਕ ਕਰ ਰਿਹਾ ਸੀ ਕਿਉਂਕਿ ਉਸ ਦੀ ਪਤਨੀ ਦਾ ਆਪਰੇਸ਼ਨ ਖ਼ੂਨ ਮਿਲਣ ਤੋਂ ਬਾਅਦ ਹੀ ਹੋ ਸਕਦਾ ਸੀ। ਕੋਈ ਪੌਣੇ ਕੁ ਘੰਟੇ ਬਾਅਦ ਮੇਰੇ ਪਤੀ ਖ਼ੂਨ ਦਾਨ ਕਰਕੇ ਬਾਹਰ ਆ ਗਏ। ਮੈਂ ਕਮਰੇ ਦੇ ਬਾਹਰ ਬੈਠੀ ਉਡੀਕ ਕਰਦੀ ਰਹੀ। ਇੱਕ-ਦੋ ਵਾਰੀ ਕੋਲ ਜਾ ਕੇ ਇਨ੍ਹਾਂ ਦਾ ਹਾਲ-ਚਾਲ ਪੁੱਛ ਆਈ। ਉਸ ਔਰਤ ਦਾ ਪਤੀ ਵੀ ਬਾਹਰ ਬੈਠਾ ਮੇਰੇ ਪਤੀ ਦਾ ਇੰਤਜ਼ਾਰ ਕਰਦਾ ਰਿਹਾ। ਖ਼ੂਨ ਦੇਣ ਤੋਂ ਬਾਅਦ 15 ਕੁ ਮਿੰਟ ਹਸਪਤਾਲ ਵਾਲਿਆਂ ਨੇ ਬਿਠਾ ਕੇ ਰੱਖਿਆ। ਉਹ ਚੈੱਕ ਕਰ ਰਹੇ ਸਨ ਕਿ ਖ਼ੂਨ ਦੇਣ ਤੋਂ ਬਾਅਦ ਕੋਈ ਸਮੱਸਿਆ ਤਾਂ ਨਹੀਂ ਆਈ।

ਕਮਰੇ ਤੋਂ ਬਾਹਰ ਆਉਂਦਿਆਂ ਨੂੰ ਉਸ ਔਰਤ ਦਾ ਪਤੀ ਭੱਜ ਕੇ ਮਿਲਿਆ। ਉਸ ਨੇ ਮੇਰੇ ਪਤੀ ਨੂੰ ਕੁਰਸੀ 'ਤੇ ਬਿਠਾਇਆ। ਸਾਡੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਸਾਡੇ ਲਈ ਜੂਸ ਲੈ ਆਇਆ। ਧੰਨਵਾਦ ਕਰਨ ਲਈ ਉਸ ਕੋਲ ਸ਼ਬਦ ਨਹੀ ਸਨ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ, ''ਕਿਸੇ ਬਿਮਾਰੀ ਦੀ ਵਜ੍ਹਾ ਕਾਰਨ ਉਸ ਦੀ ਪਤਨੀ ਅਤੇ ਬੱਚੇ ਦਾ ਖ਼ੂਨ ਨਹੀਂ ਬਣ ਰਿਹਾ। ਇਸੇ ਕਰਕੇ ਉਨ੍ਹਾਂ ਨੂੰ ਖ਼ੂਨ ਦੀ ਤੁਰੰਤ ਲੋੜ ਸੀ। 'ਬੀ ਨੈਗੇਟਿਵ' ਬਲੱਡ ਗਰੁੱਪ ਘੱਟ ਮਿਲਦਾ ਹੈ। ਉੱਧਰ ਮੇਰੀ ਪਤਨੀ ਦਾ ਆਪਰੇਸ਼ਨ ਘੱਟ ਬਲੱਡ ਹੋਣ ਕਾਰਨ ਨਹੀਂ ਹੋ ਸਕਦਾ ਸੀ। ਹੁਣ ਤੁਹਾਡੇ ਖ਼ੂਨ ਦੇਣ ਕਾਰਨ ਮੇਰੀ ਪਤਨੀ ਦਾ ਆਪਰੇਸ਼ਨ ਹੋ ਸਕੇਗਾ। ਹੁਣ ਉਹ ਬੱਚੇ ਨੂੰ ਜਨਮ ਦੇ ਸਕੇਗੀ।'' ਇਹ ਸੁਣ ਕੇ ਸਾਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ ਕਿ ਅਸੀਂ ਕਿਸੇ ਨੂੰ ਜੀਵਨ ਦਾਨ ਦੇਣ ਦੇ ਯੋਗ ਹੋਏ ਹਾਂ।

ਇੱਕ ਗੱਲ ਦੀ ਹੋਰ ਵੀ ਜ਼ਿਆਦਾ ਖ਼ੁਸ਼ੀ ਤੇ ਤਸੱਲੀ ਹੋਈ ਕਿ ਨਾ ਤਾਂ ਅਸੀਂ ਉਨ੍ਹਾਂ ਨੂੰ ਤੇ ਨਾ ਹੀ ਉਨ੍ਹਾਂ ਨੇ ਸਾਨੂੰ ਇੱਕ-ਦੂਜੇ ਦੀ ਜਾਤ, ਧਰਮ, ਮਜ਼ਹਬ ਬਾਰੇ ਪੁੱਛਿਆ-ਦੱਸਿਆ। ਅਸੀਂ ਮਹਿਸੂਸ ਕੀਤਾ ਕਿ ਇਨਸਾਨੀਅਤ ਸਭ ਤੋਂ ਉੱਪਰ ਹੈ। ਇਨਸਾਨੀਅਤ ਦਾ ਕੋਈ ਮਜ਼ਹਬ, ਧਰਮ ਜਾਂ ਜਾਤ ਨਹੀਂ ਹੁੰਦੀ। ਹਾਂ, ਇੰਨਾ ਜ਼ਰੂਰ ਪਤਾ ਲੱਗਾ ਕਿ ਉਹ ਪਤੀ-ਪਤਨੀ ਵੀ ਸਾਡੀ ਤਰ੍ਹਾਂ ਅੰਮ੍ਰਿਤਸਰ (ਗੁਰੂ ਕੀ ਨਗਰੀ) ਵਿੱਚ ਅਧਿਆਪਕ ਸਨ। ਵਾਪਸੀ 'ਤੇ ਉਸ ਨੇ ਸਾਨੂੰ ਫੇਰ ਪੁੱਛਿਆ, ''ਮੈਨੂੰ ਦੱਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?'' ਮੈ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਇੰਨਾ ਕਿਹਾ, ''ਛੋਟੇ ਵੀਰ... ਜਦੋਂ ਤੁਸੀਂ ਖ਼ੁਸ਼ੀ-ਖ਼ੁਸ਼ੀ ਆਪਣੀ ਪਤਨੀ ਅਤੇ ਆਪਣੇ ਬੱਚੇ ਨੂੰ ਇੱਥੋਂ ਘਰ ਲੈ ਕੇ ਜਾਵੋਗੇ ਤਾਂ ਸਾਨੂੰ ਬੱਚੇ ਤੇ ਮਾਂ ਦੀ ਸੁੱਖ-ਸਾਂਦ ਦਾ ਸੁਨੇਹਾ ਦਿੰਦੇ ਰਹਿਣਾ। ਜਦੋਂ ਤੁਹਾਡਾ ਬੱਚਾ ਥੋੜ੍ਹਾ ਵੱਡਾ ਹੋ ਗਿਆ ਤਾਂ ਉਸ ਨੂੰ ਲੈ ਕੇ ਸਾਡੇ ਘਰ ਪਟਿਆਲ਼ਾ ਜ਼ਰੂਰ ਫੇਰਾ ਪਾਉਣਾ। ਇਸ ਤੋਂ ਵੱਡੀ ਸੇਵਾ ਤੇ ਖ਼ੁਸ਼ੀ ਸਾਡੇ ਲਈ ਹੋਰ ਕੋਈ ਨਹੀਂ ਹੈ।''

ਉਸ ਨੂੰ ਪਰਿਵਾਰ ਸਮੇਤ ਖ਼ੁਸ਼ ਰਹਿਣ ਦੀਆਂ ਅਸੀਸਾਂ ਦੇ ਕੇ ਅਸੀਂ ਵਾਪਸੀ ਲਈ ਚਾਲੇ ਪਾ ਦਿੱਤੇ। ਸਚਮੁੱਚ! ਨਵੇਂ ਬਣੇ ਇਸ ਖ਼ੂਨ ਦੀ ਸਾਂਝ ਵਾਲੇ ਰਿਸ਼ਤੇ ਨੇ ਮਨ ਨੂੰ ਸਕੂਨ ਤੇ ਮਾਣ ਨਾਲ ਭਰ ਦਿੱਤਾ। ਮੈਨੂੰ ਮੇਰੇ ਪਤੀ 'ਤੇ ਬਹੁਤ ਮਾਣ ਮਹਿਸੂਸ ਹੋ ਰਿਹਾ ਸੀ।

# ਧੜੇਬੰਦਕ ਲੜਾਈ

## ਅਤੇ ਸਿੱਖ ਸੰਸਥਾਵਾਂ

ਲੇਖਕ : ਜਗਤਾਰ ਸਿੰਘ
ਸੰਪਰਕ: 97797-11201

ਸੰਨ 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਤੇ ਬਾਅਦ ਦੇ ਕਈ ਦਹਾਕਿਆਂ ਤੱਕ ਸਿੱਖਾਂ ਦੀਆਂ ਖ਼ਾਹਿਸ਼ਾਂ ਤੇ ਉਮੰਗਾਂ ਦੀ ਆਵਾਜ਼ ਬਣਨ ਵਾਲੀ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ। ਇਸ ਪਾਰਟੀ ਅੰਦਰ ਮੌਜੂਦਾ ਸਮੇਂ ਸਿਰਮੌਰਤਾ ਲਈ ਇਹ ਮਹਿਜ਼ ਧੜੇਬੰਦਕ ਜੰਗ ਨਹੀਂ ਹੈ। ਇਹ ਵੀ ਨਹੀਂ ਕਿ ਪਾਰਟੀ ਦੇ ਇੱਕ ਸਦੀ ਤੋਂ ਵੱਧ ਪੁਰਾਣੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਵਾਪਰਿਆ ਹੈ।

ਹਾਲਾਂਕਿ ਇਹ ਪਹਿਲੀ ਵਾਰ ਜ਼ਰੂਰ ਹੈ ਕਿ ਸਿੱਖ ਸੰਸਥਾਵਾਂ ਦਾ ਭਵਿੱਖ ਦਾਅ ਉੱਤੇ ਲੱਗਾ ਹੋਇਆ ਹੈ। ਇਸ ਦੀ ਤਾਜ਼ਾ ਮਿਸਾਲ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਨਾਲ-ਨਾਲ ਕੌਮ ਦੀ ਸਰਬਉੱਚ ਸੰਸਥਾ ਅਕਾਲ ਤਖ਼ਤ ਦੇ ਜਥੇਦਾਰ ਦਾ ਵਾਧੂ ਚਾਰਜ ਵਿਵਾਦਤ ਤੇ ਨਿਵੇਕਲੇ ਤਰੀਕੇ ਨਾਲ ਸੰਭਾਲਣਾ ਹੈ ਜਦੋਂਕਿ ਇਹ ਸੰਸਥਾ ਸਿੱਖੀ ਦੇ ਵਿਚਾਰ ਦੀ ਨਿਰਾਲੀ ਖ਼ੁਦਮੁਖ਼ਤਾਰੀ ਦਾ ਪ੍ਰਤੀਕ ਹੈ।

ਗਿਆਨੀ ਕੁਲਦੀਪ ਸਿੰਘ ਦੀ ਨਿਯੁਕਤੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਚਾਨਕ ਬਰਖ਼ਾਸਤਗੀ ਕਰ ਕੇ ਵਿਵਾਦਾਂ 'ਚ ਘਿਰੀ ਹੋਈ ਹੈ। ਉਨ੍ਹਾਂ ਨੂੰ 10 ਮਾਰਚ ਸੁਵੱਖਤੇ 2.50 ਵਜੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਕੁ ਅਮਲੇ ਵੱਲੋਂ ਅਹੁਦੇ 'ਤੇ ਬਿਠਾ ਦਿੱਤਾ ਗਿਆ ਜਦੋਂਕਿ ਇਸ ਤੋਂ ਪਹਿਲਾਂ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਹੀ ਇਸ ਰਸਮ ਲਈ ਸਵੇਰੇ 10 ਵਜੇ ਦਾ ਸਮਾਂ ਰੱਖਿਆ ਹੋਇਆ ਸੀ। ਇਸ ਤਰ੍ਹਾਂ ਸਥਾਪਿਤ ਰਵਾਇਤਾਂ ਦੀ ਘੋਰ ਉਲੰਘਣਾ ਕੀਤੀ ਗਈ।

ਇਹ ਪਹਿਲੀ ਵਾਰ ਹੋਇਆ ਹੈ ਕਿ ਤਖ਼ਤ ਦੇ ਜਥੇਦਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਸ਼ੋਭਿਤ ਹੋਏ ਬਿਨਾਂ ਹੀ ਸਾਧਾਰਨ ਜਿਹੇ ਢੰਗ ਨਾਲ ਅਹੁਦਾ ਸੰਭਾਲਿਆ ਹੋਵੇ। ਰਵਾਇਤਾਂ ਮੁਤਾਬਿਕ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਭ ਤੋਂ ਪਹਿਲਾਂ ਨਵੇਂ ਜਥੇਦਾਰ ਨੂੰ ਪਹਿਲੀ ਦਸਤਾਰ ਭੇਟ ਕਰਦੇ ਹਨ। ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਹੁਣ ਗਿਆਨੀ ਰਘਬੀਰ ਸਿੰਘ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਮੁਖੀ ਦੇ ਅਹੁਦੇ ਲਈ 'ਅਯੋਗ' ਕਰਾਰ ਦਿੱਤਾ ਸੀ। ਨਵਾਂ ਜਥੇਦਾਰ ਥਾਪੇ ਜਾਣ ਮੌਕੇ ਸਿੱਖ ਸੰਗਠਨਾਂ ਦਾ ਕੋਈ ਵੀ ਨੁਮਾਇੰਦਾ ਹਾਜ਼ਰ ਨਹੀਂ ਸੀ। ਨਵ-ਨਿਯੁਕਤ ਜਥੇਦਾਰ ਵੱਲੋਂ ਜਿਸ ਤਰ੍ਹਾਂ ਵਿਵਾਦਤ ਢੰਗ ਨਾਲ ਅਹੁਦਾ ਸੰਭਾਲਿਆ ਗਿਆ ਹੈ, ਸਿੱਖ ਸੰਸਥਾਵਾਂ ਲਈ ਇਸ ਤੋਂ ਵੱਧ ਹੋਰ ਕੁਝ ਨੁਕਸਾਨਦੇਹ ਨਹੀਂ ਹੋ ਸਕਦਾ।

ਬੁਨਿਆਦੀ ਮਸਲਾ ਇਹ ਬਣ ਗਿਆ ਹੈ ਕਿ ਸਿੱਖ ਰਹੁ-ਰੀਤਾਂ ਦਾ ਘਾਣ ਕਰਨ ਵਾਲੇ ਅਜਿਹੇ ਫ਼ੈਸਲੇ ਲੈ ਕੌਣ ਰਿਹਾ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਿਨਾਂ ਅਗਵਾਈ ਤੋਂ ਚੱਲ ਰਹੀ ਹੈ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਸੀਨੀਅਰ ਉਪ-ਪ੍ਰਧਾਨ ਰਘੂਜੀਤ ਸਿੰਘ ਵਿਰਕ ਕਾਰਜਕਾਰੀ ਪ੍ਰਧਾਨ ਹਨ। ਵਿਅੰਗ ਇਹ ਹੈ ਕਿ ਉਹ ਸਿੱਖਾਂ ਦੀ ਇਸ ਮਿੰਨੀ ਸੰਸਦ ਦੇ ਚੁਣੇ ਹੋਏ ਮੈਂਬਰ ਤੱਕ ਨਹੀਂ ਹਨ, ਸਗੋਂ ਨਾਮਜ਼ਦ ਮੈਂਬਰ ਹਨ ਤੇ ਉਹ ਵੀ ਹਰਿਆਣਾ ਤੋਂ। ਉਹ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ



ਬਾਦਲ ਦੇ ਨੇੜੇ ਮੰਨੇ ਜਾਂਦੇ ਹਨ।

ਗਿਆਨੀ ਕੁਲਦੀਪ ਸਿੰਘ ਨੇ ਅਹੁਦਾ ਸੰਭਾਲਣ ਤੋਂ ਬਾਅਦ ਐਲਾਨ ਕੀਤਾ ਹੈ ਕਿ ਉਹ 2 ਦਸੰਬਰ 2024 ਦੇ ਹੁਕਮਨਾਮੇ ਨਾਲ ਕੋਈ ਛੇੜਛਾੜ ਨਹੀਂ ਕਰਨਗੇ ਪਰ ਉਸ 'ਛੋਟੇ' ਜਿਹੇ ਹਿੱਸੇ ਦੀ ਸ਼ਾਇਦ ਸਮੀਖਿਆ ਕਰ ਸਕਦੇ ਹਨ, ਜਿਹੜਾ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਲਈ ਦੋਵਾਂ ਧੜਿਆਂ ਦੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਬਣਾਉਣ ਨਾਲ ਸਬੰਧਿਤ ਹੈ। ਅਕਾਲ ਤਖ਼ਤ ਦੇ ਸੰਕਲਪ ਦੇ ਸੰਦਰਭ 'ਚ ਇਸ ਬਿਆਨ ਦੇ ਵਿਆਪਕ ਪ੍ਰਭਾਵ ਹਨ, ਜੋ ਕਿ ਕੋਈ ਗੁਰਦੁਆਰਾ ਨਹੀਂ ਸਗੋਂ ਅਕਾਲ ਪੁਰਖ ਦਾ ਤਖ਼ਤ ਹੈ। ਸ਼੍ਰੋਮਣੀ ਅਕਾਲੀ ਦਲ 2 ਦਸੰਬਰ ਦੇ ਆਦੇਸ਼ ਦੇ ਇਸ ਹਿੱਸੇ ਉੱਤੇ ਸਵਾਲ ਚੁੱਕ ਰਿਹਾ ਹੈ ਅਤੇ ਦਲੀਲ ਦੇ ਰਿਹਾ ਹੈ ਕਿ ਅਕਾਲ ਤਖ਼ਤ ਧਾਰਮਿਕ ਮਾਮਲਿਆਂ ਤੱਕ ਹੀ ਦਖ਼ਲ ਦੇ ਸਕਦਾ ਹੈ। ਅਕਾਲ ਤਖ਼ਤ ਦੀ ਸਥਾਪਨਾ ਕਰਨ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਜਾਰੀ ਪਹਿਲੇ ਹੁਕਮਨਾਮੇ ਵਿੱਚ ਸਿੱਖਾਂ ਨੂੰ ਹਥਿਆਰ ਤੇ ਘੋੜੇ ਲਿਆਉਣ ਦਾ ਆਦੇਸ਼ ਦਿੱਤਾ ਗਿਆ ਸੀ।

ਇਸ ਵਿਲੱਖਣ ਸੰਸਥਾ ਦੀ ਬੁਨਿਆਦ ਰਹੇ ਮੁੱਢਲੇ ਸਿਧਾਂਤ ਹੀ ਹਨ ਜਿਹੜੇ ਹੁਣ ਇਸ ਧੜੇਬੰਦਕ ਲੜਾਈ 'ਚ ਸਵਾਲਾਂ ਦੇ ਘੇਰੇ 'ਚ ਆ ਗਏ ਹਨ। ਅਕਾਲੀ ਦਲ ਦਾ ਬਾਦਲ ਧੜਾ ਜ਼ੋਰ ਦਿੰਦਾ ਹੈ ਕਿ ਅਕਾਲ ਤਖ਼ਤ ਵੱਲੋਂ ਇਸ ਤਰ੍ਹਾਂ ਦਾ ਦਖ਼ਲ ਚੋਣ ਕਮਿਸ਼ਨ ਦੁਆਰਾ ਪਾਰਟੀ ਨੂੰ ਅਯੋਗ ਠਹਿਰਾਏ ਜਾਣ ਦੀ ਵਜ੍ਹਾ ਬਣ ਸਕਦਾ ਹੈ।

ਵਰਤਮਾਨ ਗੜਬੜ ਦਾ ਸੰਖੇਪ ਪਿਛੋਕੜ ਕੁਝ ਇਸ ਤਰ੍ਹਾਂ ਹੈ: ਅਕਾਲੀ ਦਲ ਕਈ ਸਾਲਾਂ ਤੋਂ ਆਧਾਰ ਗੁਆ ਰਿਹਾ ਹੈ। ਇਹ ਅਮਲ ਖ਼ਾਸ ਤੌਰ 'ਤੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਸ਼ੁਰੂ ਹੋਇਆ ਤੇ ਮੁੱਖ ਮੁੱਦਿਆਂ ਵਿੱਚੋਂ ਇੱਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸੀ ਜਿਸ ਨੂੰ ਸਾਰੇ 'ਬਰਗਾੜੀ ਕਾਂਡ' ਵਜੋਂ ਜਾਣਦੇ ਹਨ। ਦੋ ਵਾਰ ਲਗਾਤਾਰ ਸੱਤਾ 'ਚ ਆਉਣ ਦਾ ਰਿਕਾਰਡ ਬਣਾਉਣ ਤੋਂ ਬਾਅਦ ਪਾਰਟੀ ਮੁੱਖ ਵਿਰੋਧੀ ਧਿਰ ਬਣਨ 'ਚ ਵੀ ਨਾਕਾਮ ਹੋ ਗਈ ਤੇ ਆਪਣੀ ਥਾਂ ਬਿਲਕੁਲ ਨਵੀਂ ਧਿਰ ਆਮ ਆਦਮੀ ਪਾਰਟੀ ਨੂੰ ਗੁਆ ਲਈ। 'ਆਪ' ਨੇ 2022 ਵਿੱਚ ਰਿਕਾਰਡ ਵੋਟਾਂ ਨਾਲ ਸੱਤਾ ਹਾਸਿਲ ਕੀਤੀ। ਸਿਰਫ਼ ਤਿੰਨ ਸੀਟਾਂ ਨਾਲ ਅਕਾਲੀ ਦਲ ਬਿਲਕੁਲ ਹਾਸ਼ੀਏ 'ਤੇ ਆ ਗਿਆ। ਵਿਅੰਗਾਤਮਕ ਸਥਿਤੀ ਇਹ ਹੈ ਕਿ ਇਹ ਤਿੰਨ ਵਿਧਾਇਕ ਵੀ ਹੁਣ ਬਾਦਲ ਧੜੇ ਨਾਲ ਨਹੀਂ ਹਨ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਦੇ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਇਸ ਸਥਿਤੀ ਨੇ ਵਿਦਰੋਹ ਖੜ੍ਹਾ ਕਰ ਦਿੱਤਾ ਤੇ ਨਾਲ ਹੀ ਲੀਡਰਸ਼ਿਪ 'ਚ ਬਦਲਾਅ ਦੀ ਮੰਗ ਜ਼ੋਰ ਫੜਨ ਲੱਗੀ, ਜਿਸ ਦਾ ਨਤੀਜਾ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਵਜੋਂ ਬਦਲਣ ਦੇ ਰੂਪ 'ਚ ਸਾਹਮਣੇ ਆਇਆ।

ਪਾਰਟੀ ਆਗੂਆਂ ਦੇ ਇੱਕ ਧੜੇ ਨੇ ਪਰੰਪਰਾ ਮੁਤਾਬਿਕ ਅਕਾਲ ਤਖ਼ਤ ਕੋਲ ਪਹੁੰਚ ਕਰ ਕੇ ਬੇਨਤੀ ਕੀਤੀ ਕਿ ਲੰਘੇ ਦਹਾਕੇ ਦੌਰਾਨ ਹੋਈਆਂ ਭੁੱਲਾਂ ਤੇ ਅਣਗਹਿਲੀਆਂ ਦਾ ਵਿਰੋਧ ਨਾ ਕਰਨ ਕਰ ਕੇ ਉਨ੍ਹਾਂ ਨੂੰ ਸਜ਼ਾ ਲਾਈ ਜਾਵੇ। ਦੋ ਮੁੱਖ ਮੁੱਦੇ ਜਿਹੜੇ ਅੱਗੇ ਰੱਖੇ ਗਏ, ਉਨ੍ਹਾਂ ਵਿੱਚੋਂ ਇੱਕ ਸੀ 'ਪੰਥ ਰਤਨ ਫ਼ਖ਼ਰ-ਏ-ਕੌਮ' ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਖ਼ਤਾਂ ਦੇ ਜਥੇਦਾਰਾਂ ਨੂੰ ਬੁਲਾ ਕੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮਈ 2007 ਦੇ ਬੇਅਦਬੀ ਦੇ ਦੋਸ਼ਾਂ 'ਚ ਮੁਆਫ਼ੀ ਦੇਣ ਲਈ ਕਹਿਣਾ ਤੇ ਵਿਵਾਦਤ ਪੁਲੀਸ ਅਧਿਕਾਰੀ ਸੁਮੇਧ ਸਿੰਘ ਸੈਣੀ ਨੂੰ ਸੂਬਾ ਪੁਲੀਸ ਮੁਖੀ ਨਿਯੁਕਤ ਕਰਨਾ। ਉਹ ਉਨ੍ਹਾਂ ਪੁਲੀਸ ਅਧਿਕਾਰੀਆਂ ਵਿੱਚੋਂ ਇੱਕ ਸੀ, ਜਿਹੜੇ ਅਤਿਵਾਦ ਦੌਰਾਨ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਨਾਲ ਜੁੜੇ ਹੋਏ ਹਨ। ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਸਰਪ੍ਰਸਤ ਸਨ ਜਦੋਂਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਅਗਵਾਈ ਕਰ ਰਹੇ ਸਨ ਤੇ ਉਪ ਮੁੱਖ ਮੰਤਰੀ ਵੀ ਸਨ। ਸਪੱਸ਼ਟ ਹੈ ਕਿ ਫ਼ੈਸਲੇ ਲੈਣ ਦੀ ਤਾਕਤ ਕਿਸ ਕੋਲ ਸੀ। ਸੁਖਬੀਰ ਨੇ ਤਖ਼ਤ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਪਾਰਟੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।

ਸੁਖਬੀਰ ਨੇ 'ਗੁਨਾਹ ਤੇ ਗ਼ਲਤੀਆਂ' ਮੰਨਦੇ ਹੋਏ ਧਾਰਮਿਕ ਸਜ਼ਾ ਵੀ ਸਵੀਕਾਰੀ। ਸਥਿਤੀ ਨੇ ਉਦੋਂ ਇੱਕ ਹੋਰ ਮੋੜ ਕੱਟਿਆ ਜਦੋਂ ਪਾਰਟੀ ਆਗੂਆਂ ਨੇ 2 ਦਸੰਬਰ ਦੇ ਹੁਕਮਨਾਮੇ 'ਤੇ ਕਿੰਤੂ ਕਰਨੇ ਸ਼ੁਰੂ ਕਰ ਦਿੱਤੇ ਅਤੇ ਮਾਘੀ ਮੌਕੇ ਪਾਰਟੀ ਦੀ ਮੁਕਤਸਰ ਰੈਲੀ ਵਿੱਚ ਇੱਕ-ਨੁਕਾਤੀ ਮਤਾ ਪ੍ਰਵਾਨ ਕਰ ਕੇ ਅਕਾਲ ਤਖ਼ਤ ਨੂੰ ਸੰਬੋਧਿਤ ਹੋ ਕੇ ਅਪੀਲ ਕੀਤੀ ਗਈ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਖ਼ਿਤਾਬ ਬਹਾਲ ਕੀਤਾ ਜਾਵੇ। ਦੋ ਦਸੰਬਰ ਦੇ ਹੁਕਮਨਾਮੇ ਨਾਲ ਨਾ ਕੇਵਲ ਵੱਡੇ ਬਾਦਲ ਦੀ ਵਿਰਾਸਤ 'ਤੇ ਦਾਗ਼ ਲੱਗ ਗਿਆ ਸਗੋਂ ਉਨ੍ਹਾਂ ਦੇ ਪੂਰੇ ਸਿਆਸੀ ਕਾਰਜਕਾਲ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ।

ਦੋ ਦਸੰਬਰ ਨੂੰ ਜਦੋਂ ਤੋਂ ਇਹ ਕਹਾਣੀ ਸ਼ੁਰੂ ਹੋਈ ਹੈ, ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ ਅਪਮਾਨਜਨਕ ਢੰਗ ਨਾਲ ਫਾਰਗ ਕਰ ਦਿੱਤਾ ਗਿਆ ਹੈ, ਜਦੋਂਕਿ ਐੱਸਜੀਪੀਸੀ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ। ਇਹ ਗ਼ੈਰ-ਸਾਧਾਰਨ ਸਥਿਤੀ ਹੈ ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ।

ਨਿਹੰਗ ਜਥੇਬੰਦੀਆਂ ਤੇ ਦਮਦਮੀ ਟਕਸਾਲ ਸਣੇ ਕਈ ਹੋਰ ਸਿੱਖ ਸੰਗਠਨਾਂ ਨੇ ਗਿਆਨੀ ਗੜਗੱਜ ਦੀ ਨਿਯੁਕਤੀ ਦਾ ਵਿਰੋਧ ਕੀਤਾ। ਉਨ੍ਹਾਂ ਨੇ ਨਾਲ ਹੀ ਲੋਕਾਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚਣ ਦਾ ਸੱਦਾ ਵੀ ਦਿੱਤਾ ਤਾਂ ਕਿ ਜਥੇਦਾਰ ਨੂੰ ਕਾਰਜਭਾਰ ਸੰਭਾਲਣ ਤੋਂ ਰੋਕਿਆ ਜਾ ਸਕੇ। ਇਹੀ ਕਾਰਨ ਸੀ ਕਿ ਜਥੇਦਾਰ ਨੂੰ ਰਾਤ ਨੂੰ ਹੀ ਅਹੁਦਾ ਸੰਭਾਲ ਦਿੱਤਾ ਗਿਆ। ਹੁਣ ਨਿਹੰਗ ਮੁਖੀਆਂ ਤੇ ਦਮਦਮੀ ਟਕਸਾਲ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਨਵੇਂ ਜਥੇਦਾਰ ਨੂੰ ਕੰਮ ਨਾ ਕਰਨ ਦਿੱਤਾ ਜਾਵੇ।

ਇੱਥੇ ਜ਼ਿਕਰਯੋਗ ਹੈ ਕਿ 2015 ਵਿੱਚ ਡੇਰਾ ਮੁਖੀ ਨੂੰ ਮੁਆਫ਼ੀ ਮਿਲਣ ਤੋਂ ਬਾਅਦ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਖ਼ਿਲਾਫ਼ ਜ਼ੋਰਦਾਰ ਰੋਹ ਪੈਦਾ ਹੋ ਗਿਆ ਸੀ ਤੇ ਅਕਾਲ ਤਖ਼ਤ ਸਣੇ ਕਈ ਪੰਥਕ ਸਟੇਜਾਂ ਉੱਤੇ ਚੜ੍ਹਨ ਤੋਂ ਉਨ੍ਹਾਂ ਨੂੰ ਰੋਕ ਦਿੱਤਾ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੀ ਸੱਤਾ ਅਕਾਲੀ ਦਲ ਦੇ ਹੱਥਾਂ 'ਚ ਸੀ। ਹੁਣ ਸਥਿਤੀ ਬਿਲਕੁਲ ਵੱਖਰੀ ਹੈ ਕਿਉਂਕਿ ਬਾਦਲ ਧੜੇ ਵਿਰੁੱਧ ਨਾਰਾਜ਼ਗੀ ਬਹੁਤ ਵਧ ਗਈ ਹੈ।

ਜਥੇਦਾਰਾਂ ਦੀ ਬਰਖ਼ਾਸਤਗੀ ਤੇ ਨਵੀਆਂ ਨਿਯੁਕਤੀਆਂ 'ਤੇ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ 'ਚ ਤਕੜਾ ਵਿਰੋਧ ਉੱਭਰਿਆ ਹੈ। ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਮੁਖੀ ਥਾਪਿਆ ਗਿਆ ਹੈ। ਮਜੀਠੀਆ ਰਿਸ਼ਤੇ 'ਚ ਸੁਖਬੀਰ ਦਾ ਕਰੀਬੀ ਰਿਸ਼ਤੇਦਾਰ ਹੈ। ਸੁਖਬੀਰ ਤੋਂ ਬਾਅਦ ਉਸ ਨੂੰ ਸਭ ਤੋਂ ਤਾਕਤਵਰ ਅਕਾਲੀ ਨੇਤਾ ਮੰਨਿਆ ਜਾਂਦਾ ਹੈ। ਇਸ ਲਈ ਇਸ ਪੱਧਰ 'ਤੇ ਬਗ਼ਾਵਤ ਉੱਠਣ ਦੇ ਗੰਭੀਰ ਨਤੀਜੇ ਨਿਕਲਣਗੇ। ਕਈ ਵਿਚਕਾਰਲੇ ਪੱਧਰ ਦੇ ਅਕਾਲੀ ਆਗੂਆਂ ਨੇ ਪਹਿਲਾਂ ਹੀ ਪਾਰਟੀ ਛੱਡ ਦਿੱਤੀ ਹੈ।

ਐੱਸਜੀਪੀਸੀ ਦਾ ਸਾਲਾਨਾ ਬਜਟ ਪੇਸ਼ ਕਰਨ ਲਈ 28 ਮਾਰਚ ਨੂੰ ਆਮ ਇਜਲਾਸ ਸੱਦਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ 'ਚ ਬਹੁਤੇ ਮੈਂਬਰ ਬਾਦਲਾਂ ਨਾਲ ਚੱਲਣ ਵਾਲੇ ਹਨ, ਫਿਰ ਵੀ ਇਸ ਸਮੇਂ ਚੱਲ ਰਹੀ ਉਥਲ-ਪੁਥਲ ਦੇ ਪੇਸ਼ੇਨਜ਼ਰ ਇਹ ਬੈਠਕ ਮਹੱਤਵਪੂਰਨ ਹੋਵੇਗੀ।

ਜਿਹੜੇ ਲੋਕ ਇਤਿਹਾਸ ਤੋਂ ਸਬਕ ਨਹੀਂ ਸਿੱਖਦੇ, ਆਖ਼ਰ ਉਹ ਬਰਬਾਦ ਹੋ ਜਾਂਦੇ ਹਨ।

# ਹਵਾ ਪ੍ਰਦੂਸ਼ਣ ਦੀ ਦਿਨੋਂ-ਦਿਨ ਵੱਧ ਰਹੀ ਸਮੱਸਿਆ

ਵਲੋਂ : ਰਜਵਿੰਦਰ ਪਾਲ ਸ਼ਰਮਾ, 7087367969

ਬੀਤੇ ਦਿਨ ਸਵਿਸ ਸੰਗਠਨ ਆਈ.ਏ.ਕਿਊ ਏਅਰ ਵੱਲੋਂ ਹਵਾ ਦੀ ਗੁਣਵੱਤਾ ਸਬੰਧੀ ਪੇਸ਼ ਕੀਤੀ ਗਈ ਤਾਜ਼ਾ ਰਿਪੋਰਟ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਬਣਾਈਆਂ ਗਈਆਂ ਕਾਗਜ਼ੀ ਯੋਜਨਾਵਾਂ ਦੀ ਪੋਲ ਖੋਲਦੀ ਹੈ। ਸੰਸਾਰ ਦੇ ਸਭ ਤੋਂ ਵੱਧ 20 ਪ੍ਰਦੂਸ਼ਿਤ ਸ਼ਹਿਰਾਂ ਦਾ ਭਾਰਤ ਵਿੱਚ ਹੋਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਸਮੇਂ ਸਮੇਂ ਤੇ ਵਾਤਾਵਰਨ ਨੂੰ ਬਚਾਉਣ ਲਈ ਕੀਤੇ ਗਏ ਉਪਰਾਲੇ ਕਾਰਗਰ ਸਾਬਤ ਹੋਣ ਵਿੱਚ ਨਾਕਾਮ ਰਹੇ ਹਨ।ਦਿੱਲੀ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਵਜੋਂ ਦਰਜ ਹੋਣਾ ਦਿੱਲੀ ਨੂੰ ਫਰਾਂਸ ਬਣਾ ਰਹੇ ਹਾਕਮਾਂ ਦੀਆਂ ਨੀਤੀਆਂ ਨੂੰ ਉਜਾਗਰ ਕਰਦੀ ਹੈ। ਦਿਨੋਂ ਦਿਨ ਪ੍ਰਦੂਸ਼ਿਤ ਹੋ ਰਹੀ ਹਵਾ ਨੇ ਜਨ ਜੀਵਨ ਨੂੰ ਪ੍ਰਭਾਵਿਤ ਕਰਦੇ ਹੋਏ ਵਾਤਾਵਰਨ ਵਿੱਚ ਵਿਗਾੜ ਪੈਦਾ ਕਰਕੇ ਮਨੁੱਖ ਨੂੰ ਸਿਹਤਮੰਦ ਜੀਵਨਸ਼ੈਲੀ ਤੋਂ ਦੂਰ ਧੱਕ ਕੇ ਬਿਮਾਰੀਆਂ ਦੇ ਹਵਾਲੇ ਕਰ ਦਿੱਤਾ ਹੈ। ਅਖੌਤੀ ਵਿਕਾਸ ਲਈ ਕੀਤੀ ਜਾ ਰਹੀ ਦਰਖ਼ਤਾਂ ਦੀ ਕਟਾਈ ਹਵਾ ਪ੍ਰਦੂਸ਼ਣ ਵਿੱਚ ਵਾਧੇ ਦਾ ਮੁੱਖ ਕਾਰਣ ਹੈ। ਜ਼ੇਕਰ ਵੱਧ ਤੋਂ ਵੱਧ ਦਰੱਖ਼ਤ ਲਗਾਏ ਜਾਣ ਤਾਂ ਇਹ ਦੂਸ਼ਿਤ ਹਵਾ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ ਪ੍ਰੰਤੂ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਸ਼ੁਰੂਆਤ ਕੌਣ ਕਰੇ।ਜੋ ਵਾਤਾਵਰਨ ਨੂੰ ਬਚਾਉਣ ਲਈ ਕਦਮ ਚੁੱਕਦੇ ਹਨ ਉਹਨਾਂ ਦੀ ਕੋਈ ਸੁਣਨ ਲਈ ਤਿਆਰ ਨਹੀਂ। ਵਾਤਾਵਰਨ ਕਾਰਕੁੰਨ ਵਾਂਗ ਚੁੱਕ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਚਿੰਤਾ ਜ਼ਾਹਿਰ ਕੀਤੀ ਸੀ ਕਿ ਜ਼ੇਕਰ ਨਦੀਆਂ ਦੇ ਪਾਣੀ ਨੂੰ ਨਾ ਸੰਭਾਲਿਆ ਗਿਆ, ਵਾਤਾਵਰਨ ਦੀ ਸੁਰੱਖਿਆ ਲਈ ਕਦਮ ਨਾ ਚੁੱਕੇ ਗਏ ਤਾਂ ਅਗਲਾ ਮਹਾਂਕੁੰਭ ਇੱਕ ਸੌ ਚੁਤਾਲੀ ਸਾਲ ਬਾਅਦ ਰੇਤ ਤੇ ਹੋਵੇਗਾ। ਵਾਤਾਵਰਨ ਕਾਰਕੁੰਨ ਅਜਿਹੇ ਹੰਭਲੇ ਸਮੇਂ ਸਮੇਂ ਤੇ ਮਾਰਦੇ ਰਹਿੰਦੇ ਹਨ ਪਰੰਤੂ ਸਰਕਾਰ ਦੁਆਰਾ ਉਹਨਾਂ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਉਹਨਾਂ ਨੂੰ ਹੱਲਾਸ਼ੇਰੀ ਦੇਣ ਲਈ ਕੋਈ ਉਪਰਾਲੇ ਨਹੀਂ ਕੀਤੇ ਜਾਂਦੇ। ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਰਗੇ ਖੇਤਰਾਂ ਵਿੱਚ ਪਹਾੜਾਂ ਨੂੰ ਚੀਰ ਕੇ ਬਣਾਏ ਜਾ ਰਹੇ ਰਸਤੇ ਭਵਿੱਖ ਵਿੱਚ ਤਬਾਹੀ ਦਾ ਮੰਜ਼ਰ ਸਾਬਿਤ ਹੋਣਗੇ। ਵਾਤਾਵਰਨ ਨੂੰ ਬਚਾਉਣ ਦਾ ਮੁੱਦਾ ਗੰਭੀਰ ਅਤੇ ਅਜੋਕੀ



ਸਮੇਂ ਦੀ ਮੁੱਖ ਸਮੱਸਿਆ ਹੈ।ਧਰਤੀ ਤੇ ਜੀਵਨ ਨੂੰ ਜ਼ਾਰੀ ਰੱਖਣ ਲਈ ਸਾਫ਼ ਪੌਣ ਪਾਣੀ ਦਾ ਹੋਣਾ ਮੁੱਖ ਲੋੜ ਹੈ। ਮਨੁੱਖੀ ਸੁਭਾਅ ਦੀ ਇਹ ਖ਼ਾਸਿਅਤ ਹੀ ਹੈ ਕਿ ਜਦੋਂ ਅਧਿਕਾਰਾਂ ਦੀ ਗੱਲ਼ ਆਉਂਦੀ ਹੈ ਤਾਂ ਉਹ ਸੜਕਾਂ ਜਾਮ ਕਰ ਦਿੰਦਾ ਹੈ ਅਤੇ ਜਦੋਂ ਫਰਜ਼ਾਂ ਦੀ ਗੱਲ ਚਲਦੀ ਹੈ ਤਾਂ ਉਹ ਮੁੱਖ ਮੋੜ ਲੈਂਦਾ ਹੈ। ਵਾਤਾਵਰਨ ਵਿੱਚ ਅਸੀਂ ਸਾਰੇ ਰਹਿੰਦੇ ਹਾਂ।ਇਹ ਸਾਡੀ ਸਾਰਿਆਂ ਦੀ ਮਾਂ ਹੈ।ਵਾਤਾਵਰਨ ਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਹੀ ਨਹੀਂ ਸਗੋਂ ਨੈਤਿਕ ਕਰਤੱਵ ਵੀ ਹੈ।

# ਸੁੱਚੇ ਮੋਤੀ



ਰਸ਼ਪਿੰਦਰ ਪਾਲ ਕੌਰ

ਮਾਵਾਂ, ਮਾਸੀਆਂ ਰਿਸ਼ਤਿਆਂ ਦਾ ਆਧਾਰ ਹੁੰਦੀਆਂ। ਉਹ ਰਿਸ਼ਤਿਆਂ ਨੂੰ ਮੁਹੱਬਤ ਦੀ ਜਾਗ ਲਾਉਂਦੀਆਂ। ਰਿਸ਼ਤਿਆਂ ਨੂੰ ਸਾਂਝਾਂ ਦੀ ਤੰਦ ਨਾਲ ਜੋੜਦੀਆਂ। ਤੇਰ-ਮੇਰ ਨੂੰ ਏਕੇ ਦੇ 'ਰਾਣੀ ਹਾਰ' ਵਿੱਚ ਪਰੋ ਕੇ ਰੱਖਦੀਆਂ। ਉਨ੍ਹਾਂ ਦੇ ਹੁੰਦਿਆਂ ਜ਼ਿੰਦਗੀ ਫ਼ਿਕਰਾਂ ਤੋਂ ਮੁਕਤ ਹੁੰਦੀ। ਅਪਣੱਤ ਦੀ ਠੰਢੀ ਮਿੱਠੀ ਛਾਂ ਹੇਠ ਰਹਿੰਦੀ। ਪਰਿਵਾਰ ਦੇ ਸਾਰੇ ਜੀਆਂ ਨੂੰ ਉਨ੍ਹਾਂ ਤੇ ਰਸ਼ਕ ਹੁੰਦਾ। ਉਨ੍ਹਾਂ ਤੋਂ ਨਿਮਰਤਾ, ਸਹਿਜ ਅਤੇ ਸਬਰ ਜਿਹੇ ਗੁਣ ਗ੍ਰਹਿਣ ਕਰਦੇ। ਸੁੱਖ ਵਿੱਚ ਉਹ ਖ਼ੁਸ਼ੀਆਂ ਵਿੱਚ ਅਨੂਠਾ ਰੰਗ ਭਰਦੀਆਂ। ਦੁੱਖ ਦੀ ਘੜੀ ਵਿੱਚ ਉਹ ਹੌਸਲੇ ਦੀ ਢਾਲ ਬਣਦੀਆਂ।

ਬਦਲ ਰਿਹਾ ਵਕਤ ਰਿਸ਼ਤਿਆਂ ਦੀ ਅਜਿਹੀ ਅਮੁੱਲੀ ਦਾਤ ਤੋਂ ਸੱਖਣਾ ਨਜ਼ਰ ਆਉਂਦਾ ਹੈ। ਰਿਸ਼ਤਿਆਂ ਵਿਚਲੀ ਖਿੰਡ-ਪੁੰਡ ਬੇਚੈਨ ਕਰਦੀ ਹੈ। ਕਈ ਮਹੀਨਿਆਂ ਮਗਰੋਂ ਮਹਾਨਗਰ ਤੋਂ ਪਿੰਡ ਪਰਤੀ ਮਾਸੀ ਦਾ ਮਿਲਣ ਲਈ ਸੁਨੇਹਾ ਅਪਣੱਤ ਦੀ ਫੁਹਾਰ ਜਿਹਾ ਜਾਪਿਆ। ਅਗਲੇ ਹੀ ਦਿਨ ਮਾਸੀ ਦੇ ਬੂਹੇ 'ਤੇ ਜਾ ਦਸਤਕ ਦਿੱਤੀ। ਮਾਸੀ ਦੇ ਕਲਾਵੇ ਮਾਂ ਦੀ ਮਮਤਾ ਜਿਹਾ ਨਿੱਘ ਸੀ। ਪਿੰਡ ਦੇ ਸਾਫ਼ ਸੁਥਰੇ ਛੋਟੇ ਘਰ ਵਿੱਚ ਬੈਠੀ ਮਾਸੀ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਦੁੱਧ ਚਿੱਟੇ ਵਾਲ, ਚਿਹਰੇ 'ਤੇ ਸਕੂਨ ਅਤੇ ਅੱਖਾਂ ਵਿੱਚ ਖ਼ੁਸ਼ੀ ਦਾ ਨੂਰ ਉਸ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਜਾਪਿਆ।

ਧੀਏ, ਕਈ ਮਹੀਨਿਆਂ ਬਾਅਦ ਪਰਸੋਂ ਦਾ ਜਦੋਂ ਪਿੰਡ ਦੀ ਜੂਹ ਵਿੱਚ ਪੈਰ ਧਰਿਆ ਹੈ, ਹਰ ਪਲ ਚੈਨ ਤੇ ਖ਼ੁਸ਼ੀ ਨਾਲ ਬੀਤ ਰਿਹਾ। ਘਰੇ ਮਿਲਣ ਗਿਲਣ ਆਉਣ ਵਾਲੀਆਂ ਧੀਆਂ, ਭੈਣਾਂ ਤੋਂ ਮੇਰੇ ਪਿੰਡ ਆਉਣ ਦਾ ਚਾਅ ਨਹੀਂ ਚੁੱਕਿਆ ਜਾਂਦਾ। ਸਾਰਾ ਸ਼ਰੀਕਾ ਕਬੀਲਾ ਮਿਲ ਕੇ ਗਿਐ। ਕਹਿੰਦੇ ਭਾਗਾਂ ਵਾਲੀ ਐਂ ਤੂੰ, ਜਿਹੜੀ ਪੁੱਤ-ਨੂੰਹ ਨਾਲ ਵੱਡੇ ਸ਼ਹਿਰ ਵਿੱਚ ਸੁੱਖ ਮਾਣਦੀ ਐਂ। ਤੈਨੂੰ ਤਾਂ ਭਲੀ-ਭਾਂਤ ਪਤੈ ਕਿ ਵੱਡੇ ਸ਼ਹਿਰਾਂ ਵਿੱਚ ਜ਼ਿੰਦਗੀ ਕਿਹੜੇ ਰੁਖ ਬੈਠਦੀ ਐ। ਆਹ ਪਿੰਡ ਵਾਲਾ ਸੁੱਖ, ਚੈਨ ਤੇ ਮੇਲ-ਮਿਲਾਪ ਤਾਂ ਇੱਥੇ ਹੀ ਨਸੀਬ ਹੁੰਦਾ।

ਧੀਏ, ਤੇਰੇ ਮਾਸੜ ਜੀ ਜਿਉਂਦੇ ਹੁੰਦੇ ਤਾਂ ਮੈਂ ਪੁੱਤ-ਨੂੰਹ ਨਾਲ ਸ਼ਹਿਰ ਕਾਹਤੋਂ ਜਾਂਦੀ। ਹੁਣ ਵਕਤ ਬਦਲ ਗਿਆ ਹੈ। ਆਪਣੇ ਧੀ-ਪੁੱਤ ਦੀ ਇੱਛਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਤੇਰਾ ਵੀਰਾ ਕਹਿੰਦਾ, 'ਹੁਣ ਮੁਕਾਬਲੇ ਦਾ ਯੁੱਗ ਐ। ਬੱਚਿਆਂ ਨੂੰ ਕਿਸੇ ਤਣ ਪੱਤਣ ਲਾਉਣ ਲਈ ਵੱਡੇ ਸ਼ਹਿਰ ਪੜ੍ਹਾਏ ਬਿਨਾਂ ਨਹੀਂ ਸਰਨਾ'। ਦੋਵੇਂ ਬੱਚੇ ਚੰਗੇ ਅੰਗਰੇਜ਼ੀ ਸਕੂਲ ਪੜ੍ਹਦੇ ਹਨ। ਉਹ ਵਕਤ ਸਿਰ ਪੜ੍ਹਾਈ ਲਈ ਘਰੋਂ ਤੁਰ ਜਾਂਦੇ ਹਨ। ਇਹ ਦੋਵੇਂ ਜੀਅ ਵੀ ਆਪੋ-ਆਪਣੀ ਡਿਊਟੀ 'ਤੇ ਚਲੇ ਜਾਂਦੇ ਹਨ। ਘਰ ਦਾ ਕੰਮ ਕਾਰ ਕਰਨ ਦੀ ਆਦਤ ਮੈਨੂੰ ਰਾਸ ਆ ਗਈ ਹੈ। ਘਰ ਦੇ ਛੋਟੇ-ਮੋਟੇ ਕੰਮ ਕਰਦਿਆਂ ਵਕਤ ਬੀਤ ਜਾਂਦਾ ਹੈ। ਨਹੀਂ ਤਾਂ ਸ਼ਹਿਰਾਂ ਵਿੱਚ ਘਰ ਵਿਹਲੇ ਰਹਿਣਾ ਵੀ ਸਜ਼ਾ ਬਰਾਬਰ ਹੀ ਹੁੰਦਾ।

ਜਿਊਣ ਲਈ ਬੰਦੇ ਨੂੰ ਹਾਲਤਾਂ ਨਾਲ ਵੀ ਸਿੱਝਣਾ ਪੈਂਦਾ। ਵਕਤ ਅਨੁਸਾਰ ਢਲਣਾ ਵੀ ਜ਼ਿੰਦਗੀ ਦੀ ਪ੍ਰੀਖਿਆ ਹੁੰਦੀ ਹੈ। ਰਾਜਧਾਨੀ ਨਾਲ ਲੱਗਦੇ ਸ਼ਹਿਰ ਵਿੱਚ ਸੁੱਖ ਸਹੂਲਤਾਂ ਦਾ ਕੋਈ ਅੰਤ ਨਹੀਂ। ਸਾਫ਼ ਸੁਥਰੀਆਂ ਕਾਲੀਆਂ ਸਿਆਹ ਸੜਕਾਂ। ਹਰੇ-ਭਰੇ ਰੁੱਖਾਂ ਤੇ ਕਲੋਲਾਂ ਕਰਦੇ ਪੰਛੀ ਜਿਨ੍ਹਾਂ ਦੀ ਉਡਾਣ ਵਿੱਚ ਜਿਊਣ ਦੀ ਤਾਂਘ ਨਜ਼ਰ ਆਉਂਦੀ। ਹਰੇਕ ਸੈਕਟਰ ਵਿੱਚ ਘੁੰਮਣ ਸੈਰ ਕਰਨ ਨੂੰ ਪਾਰਕ। ਘਰ ਵਰਤੋਂ ਵਾਲੀ ਹਰੇਕ ਚੀਜ਼ ਵਸਤ ਘਰ ਬੈਠਿਆਂ ਹੀ ਮਿਲ ਜਾਂਦੀ ਹੈ। ਬਿਨਾ ਰੁਝੇਵੇਂ ਤੋਂ ਰਹਿਣਾ ਤਾਂ ਬਹੁਤ ਔਖਾ ਹੈ। ਕਿਸੇ ਕੋਲ ਬਹਿਣ, ਜਾਣ ਦਾ ਏਨਾ ਵਕਤ ਨਹੀਂ ਹੁੰਦਾ।

ਬਹੁਤੀ ਉਮਰ ਪਿੰਡ ਵਿੱਚ ਗੁਜ਼ਾਰਨ ਵਾਲੀ ਮਾਸੀ ਨੇ ਸੁੱਖ ਸਹੂਲਤਾਂ ਵਾਲੀ ਜ਼ਿੰਦਗੀ ਦੇ ਖਾਲੀ ਪੰਨੇ ਵੀ ਦਿਖਾਏ। ਧੀਏ, ਮੈਨੂੰ ਕਦੇ-ਕਦੇ ਇਹ ਔਖ ਬਹੁਤ ਰੜਕਦੀ ਐ। ਹਰੇਕ ਬੱਚੇ, ਨੌਜਵਾਨ, ਮਾਂ-ਬਾਪ ਕੋਲ ਆਪਣਾ ਮੋਬਾਈਲ ਐ। ਉਸੇ ਵਿੱਚ ਉਨ੍ਹਾਂ ਦਾ ਸਭ ਕੁਝ ਸਮੋਇਆ ਹੁੰਦਾ। ਮੋਬਾਈਲ ਦਾ ਉਹ ਭੋਰਾ ਵਿਸਾਹ ਨਹੀਂ ਕਰਦੇ। ਉਨ੍ਹਾਂ ਦੇ ਰਿਸ਼ਤੇ ਨਾਤੇ ਉਸੇ ਵਿੱਚ ਹੀ ਬੰਦ ਨੇ। ਜਦੋਂ ਵੀ ਕੰਮ ਤੋਂ ਫੁਰਸਤ ਮਿਲਦੀ ਹੈ ਤਾਂ ਮੋਬਾਈਲ ਵਿੱਚ ਮਗਨ ਹੋ ਜਾਂਦੇ ਨੇ। ਮਿਲਣ ਗਿਲਣ ਤੇ ਸਾਂਝਾਂ ਦੇ ਪੁਲ ਉਸਾਰਨ ਲਈ ਵਕਤ ਹੀ ਨਹੀਂ ਬਚਦਾ। ਬੱਸ ਇਸ ਸੋਚ ਕੇ ਮਨ ਸਮਝਾ ਲਈਦਾ, 'ਮਨਾ ! ਸਾਰਾ ਕੁਝ ਆਪਣੇ ਅਨੁਸਾਰ ਨਹੀਂ ਹੁੰਦਾ। ਨਾ ਹੀ ਜੀਵਨ ਵਿੱਚ ਸਦਾ ਇੱਕੋ ਜਿਹਾ ਵਕਤ ਰਹਿੰਦਾ ਹੈ'।

ਪਰਿਵਾਰ ਨਾਲ ਕਦੇ ਕਦਾਈਂ ਰੈਸਟੋਰੈਂਟ ਵਿੱਚ ਖਾਣਾ ਖਾਣ ਜਾਣਾ। ਵਿਆਹ, ਮੰਗਣੀ ਦੇ ਖ਼ੁਸ਼ੀ ਦੇ ਮੌਕਿਆਂ ਵਿੱਚ ਸ਼ਾਮਿਲ ਹੋਣਾ। ਨਵੇਂ ਕੰਮ, ਕੋਠੀ ਦੀ ਖ਼ੁਸ਼ੀ ਦੇ ਮੌਕਿਆਂ 'ਤੇ ਜਾਣ ਦਾ ਸਬੱਬ ਬਣਦਾ ਰਹਿੰਦਾ ਹੈ। ਮਹਿੰਗੇ ਤੋਹਫ਼ਿਆਂ ਤੇ ਸ਼ਗਨਾਂ ਦਾ ਲੈਣ-ਦੇਣ ਦੇਖਣ ਵਾਲਿਆਂ ਨੂੰ ਚੰਗਾ ਲਗਦੈ। ਆਪਣੇ ਰਿਸ਼ਤੇਦਾਰਾਂ ਦੀ ਤਰੱਕੀ 'ਤੇ ਰਸ਼ਕ ਵੀ ਹੁੰਦਾ ਹੈ ਪਰ ਰਿਸ਼ਤਿਆਂ ਵਿੱਚ ਦਿਖਾਵੇ ਤੇ ਪੈਸੇ ਨਾਲ ਵੱਡਾ ਹੋਣ ਦੀ ਬਿਰਤੀ ਅੱਖਰਦੀ ਹੈ। ਖ਼ੁਸ਼ੀ ਦੀ ਅਜਿਹੀ ਪਰਤ ਮਨ ਦਾ ਸਕੂਨ ਨਹੀਂ ਬਣਦੀ। ਚਿਹਰਿਆਂ 'ਤੇ ਨੂਰ ਬਣ ਨਹੀਂ ਝਲਕਦੀ। ਬੱਸ, ਨਿੱਜ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ।

ਧੀਏ, ਮੈਂ ਤਾਂ ਆਪਣੀ ਜ਼ਿੰਦਗੀ ਤੇ ਨੌਕਰੀ ਵਿੱਚ ਵਿਚਰਦਿਆਂ ਇੱਕੋ ਸਬਕ ਸਿੱਖਿਆ ਹੈ। ਰਿਸ਼ਤੇ ਪਾਲਣ ਲਈ ਮੇਲ-ਮਿਲਾਪ ਬਣਾ ਕੇ ਰੱਖਣਾ। ਅਪਣੱਤ ਤੇ ਸਨੇਹ ਦਾ ਲੜ ਸਾਂਭ ਕੇ ਚੱਲਣਾ। ਸਾਂਝਾਂ ਨੂੰ ਪੈਸੇ ਨਾਲ ਨਾ ਤੋਲਣਾ। ਛੋਟੇ, ਵੱਡਿਆਂ ਦਾ ਮਾਣ ਸਤਿਕਾਰ ਬਣਾ ਕੇ ਰੱਖਣਾ। ਹਉਮੈ, ਈਰਖਾ ਤੋਂ ਕਿਨਾਰਾ ਕਰਨਾ ਜਿਹੇ ਗੁਣ ਜ਼ਿੰਦਗੀ ਦੇ ਸੁੱਚੇ ਮੋਤੀ ਹਨ। ਇਨ੍ਹਾਂ ਮੋਤੀਆਂ ਨੂੰ ਆਪਣੀ ਬੁੱਕਲ ਵਿੱਚ ਸਾਂਭਣ ਵਾਲੇ ਮਨੁੱਖ ਹੀ ਸਫ਼ਲਤਾ, ਖ਼ੁਸ਼ੀ ਤੇ ਸਾਂਝਾਂ ਦਾ ਸੁੱਖ ਮਾਣਦੇ ਹਨ। ਮਾਸੀ ਦੀ ਸੰਗਤ ਮਾਣ ਮੈਂ ਸ਼ਾਮ ਤੱਕ ਘਰ ਪਰਤ ਆਈ।

ਸੰਪਰਕ: rashipnderpalkaur@gmail.com

# ਭਾਰਤ ਦੀਆਂ ਮੁਸ਼ਕਿਲਾਂ ਵਧਾ ਸਕਦੀਆਂ ਹਨ ਟਰੰਪ ਦੀਆਂ ਨੀਤੀਆਂ

**ਵਲੋਂ : ਅਭੈ ਕੁਮਾਰ ਦੂਬੇ**

ਸੁਆਲ ਇਹ ਹੈ ਕਿ ਜੋ ਕੰਮ ਕੋਲੰਬੀਆ ਅਤੇ ਮੈਕਸੀਕੋ ਵਰਗੇ ਛੋਟੇ ਦੇਸ਼ ਕਰ ਸਕਦੇ ਹਨ, ਉਹ ਭਾਰਤ ਵਰਗਾ ਵੱਡਾ ਦੇਸ਼ ਕਿਉਂ ਨਹੀਂ ਕਰ ਸਕਦਾ? ਕੀ ਮੱਧ ਅਮਰੀਕਾ ਦੇ ਇਨ੍ਹਾਂ ਦੋਵਾਂ ਦੇਸ਼ਾਂ ਦਾ ਆਤਮ-ਸਨਮਾਨ ਭਾਰਤ ਨਾਲੋਂ ਜ਼ਿਆਦਾ ਵੱਡਾ ਹੈ? ਜਦੋਂ ਡੋਨਾਲਡ ਟਰੰਪ ਦੇ ਅਮਰੀਕਾ ਨੇ ਇਨ੍ਹਾਂ ਦੇਸ਼ਾਂ ਨੂੰ ਕਿਹਾ ਕਿ ਉਨ੍ਹਾਂ ਦੇ ਇੱਥੇ ਆਏ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫ਼ੌਜੀ ਜਹਾਜ਼ਾਂ ਵਿਚ ਭਰ ਕੇ ਅਤੇ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਵਾਪਸ ਭੇਜਿਆ ਜਾਵੇਗਾ ਤਾਂ ਉਨ੍ਹਾਂ ਨੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਨੇ ਅਮਰੀਕਾ ਨੂੰ ਸਾਫ਼ ਕਹਿ ਦਿੱਤਾ ਕਿ ਜੇਕਰ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਭੇਜਿਆ ਗਿਆ ਤਾਂ ਉਹ ਕਿਸੇ ਵੀ ਕੀਮਤ 'ਤੇ ਇਨ੍ਹਾਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਨਹੀਂ ਲੈਣਗੇ। ਉਨ੍ਹਾਂ ਸ਼ਰਤ ਰੱਖੀ ਕਿ ਉਹ ਆਪਣੇ ਨਾਗਰਿਕ-ਜਹਾਜ਼ ਅਮਰੀਕਾ ਭੇਜਣਗੇ ਅਤੇ ਉਨ੍ਹਾਂ ਰਾਹੀਂ ਬਿਨਾਂ ਹੱਥਕੜੀਆਂ ਤੇ ਬੇੜੀਆਂ ਵਾਲੇ ਪ੍ਰਵਾਸੀਆਂ ਨੂੰ ਹੀ ਵਾਪਸ ਲੈ ਕੇ ਆਉਣਗੇ। ਕੀ ਭਾਰਤ ਇਹ ਸ਼ਰਤ ਨਹੀਂ ਲਗਾ ਸਕਦਾ ਸੀ? ਮੋਦੀ ਜੀ ਨੇ ਟਰੰਪ ਨਾਲ ਇਹ ਗੱਲ ਕਿਉਂ ਨਹੀਂ ਕੀਤੀ? ਇੰਜ ਲਗਦਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਨੇ ਪੂਰੀ ਤਰ੍ਹਾਂ ਨਾਲ ਟਰੰਪ ਦੇ ਸਾਹਮਣੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਦੇ ਅਮਰੀਕੀ ਦੌਰੇ ਦੀ ਅਸਲੀਅਤ ਹੁਣ ਹੌਲੀ-ਹੌਲੀ ਖੁੱਲ੍ਹ ਰਹੀ ਹੈ। ਇਕ-ਇਕ ਕਰਕੇ ਉਹ ਸਭ ਗੱਲਾਂ ਸਾਹਮਣੇ ਆ ਰਹੀਆਂ ਹਨ, ਜੋ ਸਰਕਾਰ ਸਮਰਥਕ ਮੀਡੀਆ ਦੁਆਰਾ ਛੁਪਾਈਆਂ ਗਈਆਂ ਸਨ।

ਡੋਨਾਲਡ ਟਰੰਪ ਜਦੋਂ ਰਾਸ਼ਟਰਪਤੀ ਚੋਣਾਂ ਲੜ ਰਹੇ ਸਨ, ਉਦੋਂ ਲੱਗਣ ਲੱਗਾ ਸੀ ਕਿ ਉਹ ਜੇਕਰ ਜਿੱਤ ਗਏ ਤਾਂ ਅਜਿਹਾ ਕੁਝ ਕਰਨਗੇ, ਜੋ ਪਹਿਲਾਂ ਕਿਸੇ ਨੇ ਨਹੀਂ ਕੀਤਾ ਹੋਵੇਗਾ, ਪਰ ਕਿਸੇ ਨਵੇਂਪਣ ਦਾ ਅੰਦਾਜ਼ਾ ਲਗਾਉਣ ਅਤੇ ਉਸ ਨੂੰ ਆਪਣੇ ਸਾਹਮਣੇ ਘਟਦੇ ਹੋਏ ਦੇਖਣ 'ਚ ਕਾਫ਼ੀ ਫ਼ਰਕ ਹੁੰਦਾ ਹੈ। 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਬਾਅਦ ਹੁਣ ਡੇਢ ਮਹੀਨਾ ਵੀ ਨਹੀਂ ਹੋਇਆ, ਉਨ੍ਹਾਂ ਨੇ ਆਪਣੇ ਹਰ ਕਦਮ, ਹਰ ਐਲਾਨ ਅਤੇ ਹਰ ਨਵੀਂ ਦਾਅਵੇਦਾਰੀ ਨਾਲ ਦੁਨੀਆ 'ਚ ਉੱਥਲ-ਪੁੱਥਲ ਮਚਾ ਦਿੱਤੀ ਹੈ। ਸਾਰੇ ਅੰਦਾਜ਼ੇ ਵਿਗੜ ਗਏ ਹਨ, ਸਾਰੀਆਂ ਯੋਜਨਾਵਾਂ ਦੁਬਾਰਾ ਬਣਾਉਣੀਆਂ ਪੈ ਰਹੀਆਂ ਹਨ। ਟਰੰਪ ਕਾਰਨ ਹਾਲਾਤ ਹੀ ਪੂਰੀ ਤਰ੍ਹਾਂ ਨਾਲ ਬਦਲ ਗਏ ਹਨ। ਦੁਨੀਆ ਦੇ ਦੂਜੇ ਦੇਸ਼ਾਂ ਨੂੰ ਤਾਂ ਛੱਡ ਹੀ ਦਿਓ, ਅਮਰੀਕਾ ਤੋਂ 22 ਹਜ਼ਾਰ ਕਿਲੋਮੀਟਰ ਦੂਰ ਸਥਿਤ ਸਾਡੇ ਆਪਣੇ ਦੇਸ਼ ਨੂੰ ਆਪਣੀ ਅਰਥਵਿਵਸਥਾ ਅਤੇ ਆਪਣੀ ਵਿਦੇਸ਼ ਨੀਤੀ 'ਚ ਵੱਡੀਆਂ ਤਬਦੀਲੀਆਂ ਕਰਨ ਦੀਆਂ ਤਿਆਰੀਆਂ ਕਰਨੀਆਂ ਪੈ ਰਹੀਆਂ ਹਨ। ਸਾਡੀ ਚੋਣਾਵੀਂ ਰਾਜਨੀਤੀ 'ਚ ਵੀ ਟਰੰਪ ਕਾਰਨ ਸੱਤਾ ਧਿਰ ਅਤੇ ਵਿਰੋਧੀ ਧਿਰ ਆਪਸ 'ਚ ਭਿੜਦੀ ਹੋਈ ਵਿਖਾਈ ਦੇ ਰਹੀ ਹੈ। ਅਖ਼ਬਾਰਾਂ 'ਚ ਹਰ ਦਿਨ ਟਰੰਪ ਸੰਬੰਧੀ ਸੁਰਖੀਆਂ ਹੁੰਦੀਆਂ ਹਨ। ਟੀ.ਵੀ. ਅਤੇ ਸੋਸ਼ਲ ਮੀਡੀਆ 'ਤੇ ਟਰੰਪ ਸੰਬੰਧੀ ਖ਼ਬਰਾਂ ਨੂੰ ਵੱਖਰੀ ਤਰ੍ਹਾਂ ਦੀ ਲੋਕਪ੍ਰਿਅਤਾ ਮਿਲ ਰਹੀ ਹੈ।

ਭਾਰਤ ਨੂੰ ਪੂਰੀ ਕੋਸ਼ਿਸ਼ ਕਰਨੀ ਪੈ ਰਹੀ ਹੈ ਕਿ ਤਿੱਖੇ ਸਰਹੱਦੀ ਵਿਵਾਦ ਦੇ ਬਾਵਜੂਦ ਕਿਸੇ ਨਾ ਕਿਸੇ ਤਰ੍ਹਾਂ ਨਾਲ ਚੀਨ ਨਾਲ ਉਸ ਦੇ ਸੰਬੰਧਾਂ 'ਚ ਨਰਮੀ ਆ ਜਾਏ। ਟਰੰਪ ਕਾਰਨ ਬਦਲੇ ਹਾਲਾਤ ਤੋਂ ਪੈਦਾ ਹੋਈ ਇਸ ਮਜਬੂਰੀ ਦਾ ਹੀ ਕਮਾਲ ਹੈ ਕਿ ਚੀਨ ਵੀ ਭਾਰਤ ਵਲੋਂ ਮੁਹੱਈਆ ਕਰਵਾਏ ਜਾ ਰਹੇ ਇਸ ਮੌਕੇ ਦਾ ਲਾਭ ਉਠਾਉਣ ਦੇ ਰੌਂਅ 'ਚ ਲੱਗ ਰਿਹਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਜੋਹਨਸਬਰਗ 'ਚ ਜੀ-20 ਦੀ ਬੈਠਕ ਦੌਰਾਨ ਵਿਦੇਸ਼ ਮੰਤਰੀ ਜੈਸ਼ੰਕਰ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਸਰਹੱਦਾਂ 'ਤੇ ਸ਼ਾਂਤੀ, ਕੈਲਾਸ਼-ਮਾਨਸਰੋਵਰ ਯਾਤਰਾ ਦੀ ਮੁੜ ਸ਼ੁਰੂਆਤ ਅਤੇ ਦੋਵਾਂ ਦੇਸ਼ਾਂ 'ਚ ਹਵਾਈ ਯਾਤਰਾਵਾਂ ਨੂੰ ਆਸਾਨ ਬਣਾਉਣ 'ਤੇ ਸਾਕਾਰਾਤਮਿਕ ਵਾਰਤਾ ਕਰਦੇ ਨਜ਼ਰ ਨਾ ਆਉਂਦੇ। ਜੇਕਰ ਅਜਿਹਾ ਨਾ ਹੁੰਦਾ ਤਾਂ ਸਰਕਾਰ ਸਮਰਥਕ ਅਰਥਸ਼ਾਸਤਰੀ ਚੀਨੀ ਪੂੰਜੀ ਲਈ ਭਾਰਤੀ ਬਾਜ਼ਾਰ ਦੇ ਦਰਵਾਜ਼ੇ ਖੋਲ੍ਹਣ ਦੀਆਂ ਸਿਫ਼ਾਰਸ਼ਾਂ ਕਰਦੇ ਹੋਏ ਦਿਖਾਈ ਨਾ ਦਿੰਦੇ। ਨੀਤੀ ਆਯੋਗ ਦੇ ਉਪ ਚੇਅਰਮੈਨ ਰਹਿ ਚੁੱਕੇ ਅਰਵਿੰਦ ਪਨਗੜੀਆ ਦੀ ਇਸ ਸਿਫ਼ਾਰਸ਼ ਨੂੰ ਭਲਾ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ ਕਿ ਸਰਹੱਦੀ ਵਿਵਾਦ ਸੰਬੰਧੀ ਪਹਿਲੂਆਂ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ 'ਚ ਚੀਨ ਦੇ ਨਾਲ ਸਹਿਯੋਗ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਦਰਅਸਲ, ਹੁਣ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਜੇਕਰ ਚੀਨ ਨਾਲ ਭਾਰਤ ਦੀ ਫ਼ੌਜੀ ਟੱਕਰ ਹੋਈ ਤਾਂ ਅਮਰੀਕਾ ਭਾਰਤ ਦਾ ਸਾਥ ਦੇਵੇਗਾ। ਟਰੰਪ ਦੀ ਤਰਜੀਹ ਚੀਨ ਦੇ ਮੁਕਾਬਲੇ ਭਾਰਤ ਦੀ ਪਿੱਠ 'ਤੇ ਹੱਥ ਰੱਖਣ ਦੀ ਨਹੀਂ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦੇ ਘਰੇਲੂ ਏਜੰਡੇ (ਮੇਕ ਅਮਰੀਕਾ ਗ੍ਰੇਟ ਅਗੇਨ) 'ਚ ਰੁਕਾਵਟ ਪੈਦਾ ਹੋ ਸਕਦੀ ਹੈ।



ਟਰੰਪ ਤੋਂ ਪਹਿਲਾਂ ਭਾਰਤ ਰੂਸ-ਯੂਕਰੇਨ ਜੰਗ ਨੂੰ ਦੋ ਧਿਰਾਂ ਵਿਚਲੇ ਵਿਵਾਦ ਅਤੇ ਉਨ੍ਹਾਂ 'ਚ ਨਰਿੰਦਰ ਮੋਦੀ ਦੁਆਰਾ ਵਿਚੋਲਗੀ ਕਰਨ ਦੀ ਜ਼ਰੂਰਤ ਦੇ ਰੂਪ 'ਚ ਦੇਖਦਾ ਸੀ। ਹੁਣ ਟਰੰਪ ਨੇ ਪੁਤਿਨ ਨਾਲ ਸਿੱਧੀ ਗੱਲ ਕਰਨੀ ਸ਼ੁਰੂ ਕਰਦਿਆਂ ਜ਼ੈਲੇਂਸਕੀ ਨੂੰ ਤਾਨਾਸ਼ਾਹ ਐਲਾਨ ਕਰਕੇ ਯੂਕਰੇਨ ਦੀ ਸਾਰੀ ਮਦਦ ਬੰਦ ਕਰ ਦਿੱਤੀ ਹੈ। ਟਰੰਪ ਰੂਸ ਨੂੰ ਜੀ-7 'ਚ ਸ਼ਾਮਿਲ ਕਰਕੇ ਯੂਰਪ-ਅਮਰੀਕਾ ਦੇ ਸੰਬੰਧਾਂ ਨੂੰ ਪੂਰੀ ਤਰ੍ਹਾਂ ਨਾਲ ਬਦਲ ਦੇਣਾ ਚਾਹੁੰਦੇ ਹਨ। ਹੁਣ ਭਾਰਤ ਨੂੰ ਇਸ ਵਿਚੋਲਗੀ ਦੀ ਨੀਤੀ ਤੋਂ ਆਪਣਾ ਹੱਥ ਖਿੱਚਣਾ ਪੈ ਰਿਹਾ ਹੈ, ਕਿਉਂਕਿ ਟਰੰਪ ਦੇ ਅਮਰੀਕਾ ਨੇ ਪਾਲਾ ਬਦਲ ਲਿਆ ਹੈ।

ਅਰਥਵਿਵਸਥਾ ਦੀ ਹਾਲਤ ਇਹ ਹੈ ਕਿ 11-12 ਫਰਵਰੀ ਨੂੰ ਹੋਏ ਮੋਦੀ ਦੇ ਅਮਰੀਕਾ ਦੌਰੇ 'ਚ ਟਰੰਪ ਨੇ ਪ੍ਰਧਾਨ ਮੰਤਰੀ ਦੇ ਮੂੰਹ 'ਤੇ ਕਿਹਾ ਕਿ ਉਹ ਭਾਰਤੀ ਮਾਲ 'ਤੇ ਓਨਾ ਹੀ ਦਰਾਮਦ ਟੈਕਸ (ਟੈਰਿਫ਼) ਥੋਪਣਗੇ, ਜਿੰਨਾ ਭਾਰਤ ਨੇ ਅਮਰੀਕੀ ਮਾਲ 'ਤੇ ਲਗਾ ਰੱਖਿਆ ਹੈ। ਪ੍ਰਧਾਨ ਮੰਤਰੀ ਦੇ ਅਮਰੀਕਾ ਪਹੁੰਚਣ ਤੋਂ ਪਹਿਲਾਂ ਟਰੰਪ ਨੇ ਭਾਰਤੀ ਇਸਪਾਤ ਅਤੇ ਐਲਮੂਨੀਅਮ 'ਤੇ ਟੈਰਿਫ਼ ਲਗਾਇਆ ਅਤੇ ਉਨ੍ਹਾਂ ਦੇ ਦੌਰੇ ਤੋਂ ਬਾਅਦ ਭਾਰਤੀ ਦਵਾਈਆਂ ਦੀ ਦਰਾਮਦ 'ਤੇ 25 ਫ਼ੀਸਦੀ ਟੈਰਿਫ਼ ਥੋਪ ਦਿੱਤਾ। ਇਸ ਨਾਲ ਭਾਰਤੀ ਦਵਾ ਕੰਪਨੀਆਂ ਨੂੰ ਸਵਾ ਦੋ ਅਰਬ ਡਾਲਰ ਦੇ ਨੁਕਸਾਨ ਦੀ ਸੰਭਾਵਨਾ ਪੈਦਾ ਹੋ ਗਈ। ਗੋਲਡਮੈਨ ਸਾਕਸ ਦੇ ਅਨੁਸਾਰ ਇਸ ਦੇ ਕਾਰਨ ਭਾਰਤੀ ਦੀ ਜੀ.ਡੀ.ਪੀ. ਵੀ ਥੋੜ੍ਹਾ ਡਿਗ ਜਾਵੇਗੀ। ਅਜੇ ਤਾਂ ਇਹ ਸ਼ੁਰੂਆਤ ਹੀ ਹੈ। ਟਰੰਪ ਹਾਲੇ ਕਈ ਤਰ੍ਹਾਂ ਦੇ ਹੋਰ ਭਾਰਤੀ ਮਾਲ ਨਾਲ ਅਜਿਹਾ ਹੀ ਸਲੂਕ ਕਰਨ ਵਾਲੇ ਹਨ। ਹੁਣ ਭਾਰਤ ਸੋਚ ਰਿਹਾ ਹੈ ਕਿ ਅਮਰੀਕਾ ਤੇ ਭਾਰਤ ਵਿਚਕਾਰ ਹੋਣ ਵਾਲੇ ਦੁਵੱਲੇ ਵਪਾਰਕ ਸਮਝੌਤੇ 'ਚ ਇਹ ਪ੍ਰਸਤਾਵ ਰੱਖਿਆ ਜਾਵੇ ਕਿ ਭਾਰਤ ਅਤੇ ਅਮਰੀਕਾ ਜਵਾਬੀ ਟੈਰਿਫ਼ ਲਗਾਉਣ ਦੇ ਟਕਰਾਅ 'ਚ ਪੈਣ ਦੀ ਬਜਾਏ ਦੋਪਾਸੜ ਟੈਰਿਫ਼ ਘਟਾਉਣ ਦੇ ਸਿਲਸਿਲੇ ਦੀ ਸ਼ੁਰੂਆਤ ਕਰਨ। ਕੀ ਟਰੰਪ ਇਸ ਨੂੰ ਮੰਨਣਗੇ? ਅਨੁਮਾਨ ਲਗਾਉਣਾ ਮੁਸ਼ਕਿਲ ਹੈ।

ਦੋਵਾਂ ਦੇਸ਼ਾਂ ਦਾ ਜੋ ਸਾਂਝਾ ਬਿਆਨ ਜਾਰੀ ਹੋਇਆ ਹੈ, ਉਹ ਬਹੁਤ ਹੱਦ ਤੱਕ ਅਮਰੀਕਾ ਦੇ ਪੱਖ 'ਚ ਝੁਕਿਆ ਹੋਇਆ ਹੈ। ਜਿਵੇਂ, ਭਾਰਤ 2030 ਤੱਕ ਭਾਵ ਪੰਜ ਸਾਲ 'ਚ ਅਮਰੀਕਾ ਨਾਲ 500 ਅਰਬ ਡਾਲਰ ਪ੍ਰਤੀ ਸਾਲ ਦਾ ਵਪਾਰ ਕਰੇਗਾ। ਇਸ ਲਈ ਸਾਨੂੰ ਅਮਰੀਕਾ ਦੀ ਗੈਸ ਅਤੇ ਕੱਚਾ ਤੇਲ ਖਰੀਦਣਾ ਹੋਵੇਗਾ। ਸੰਭਾਵਨਾ ਇਹ ਹੈ ਕਿ ਅਮਰੀਕੀ ਤੇਲ ਰੂਸ ਅਤੇ ਅਰਬ ਦੇਸ਼ਾਂ ਤੋਂ ਮਿਲਣ ਵਾਲੇ ਤੇਲ ਤੋਂ ਮਹਿੰਗਾ ਹੋ ਸਕਦਾ ਹੈ। ਇਸ ਤੋਂ ਇਲਾਵਾ ਟਰੰਪ ਨੇ ਭਾਰਤ ਨੂੰ ਐੱਫ਼-35 ਲੜਾਕੂ ਜਹਾਜ਼ ਖਰੀਦਣ ਦਾ ਪ੍ਰਸਤਾਵ ਵੀ ਦਿੱਤਾ ਹੈ। ਇਹ ਅਤਿ-ਆਧੁਨਿਕ ਤਾਂ ਹੈ, ਪਰ ਅਜਿਹੇ ਇਕ ਜਹਾਜ਼ ਦੀ ਕੀਮਤ 18 ਹਜ਼ਾਰ ਕਰੋੜ ਰੁਪਏ ਦੀ ਹੈ ਅਤੇ ਇਹ ਸੌਦਾ 50 ਲੱਖ ਕਰੋੜ ਦਾ ਹੋਵੇਗਾ। ਸਰਕਾਰੀ ਫ਼ੌਜੀ ਰਣਨੀਤੀਕਾਰਾਂ ਨੂੰ ਵੀ ਇਸ ਸੌਦੇ ਨੂੰ ਲੈ ਕੇ ਭਰੋਸਾ ਨਹੀਂ ਹੈ। ਇਸ ਜਹਾਜ਼ ਦੀ ਵਰਤੋਂ ਅਤੇ ਤਕਨੀਕ 'ਤੇ ਅਮਰੀਕਾ ਨੇ ਇੰਨੀਆਂ ਸਖ਼ਤ ਸ਼ਰਤਾਂ ਲਗਾਈਆਂ ਹੋਈਆਂ ਹਨ ਕਿ ਭਾਰਤ ਨੂੰ 'ਲੈਣੇ ਦੇ ਦੇਣੇ' ਪੈ ਸਕਦੇ ਹਨ। ਸਾਡੀ ਹਵਾਈ ਸੈਨਾ ਮੁੱਦਤਾਂ ਤੋਂ ਨਵੇਂ ਜਹਾਜ਼ਾਂ ਦੇ ਸਕੁਐਡਰਨਾਂ ਲਈ ਤਰਸ ਰਹੀ ਹੈ, ਪਰ ਜਹਾਜ਼ ਜਿੰਨੇ ਮਹਿੰਗੇ ਹੋਣਗੇ, ਉਨ੍ਹਾਂ ਦੀ ਗਿਣਤੀ ਓਨੀ ਹੀ ਘੱਟ ਹੋਵੇਗੀ। ਕੀ ਭਾਰਤ ਟਰੰਪ ਦੇ ਇਨ੍ਹਾਂ ਪ੍ਰਸਤਾਵਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦਾ ਹੈ? ਇਸ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ।

ਟਰੰਪ-ਕਾਲੀਨ ਅਮਰੀਕਾ ਦੇ ਹਿੱਤਾਂ ਦੀ ਬਣਤਰ ਹੀ ਕੁਝ ਅਜਿਹੀ ਹੈ ਕਿ ਉਹ ਭਾਰਤ ਵਰਗੇ ਦੂਜੇ ਦੇਸ਼ਾਂ ਦੇ ਪੈਰ 'ਤੇ ਪੈਰ ਰੱਖ ਕੇ ਹੀ ਪੂਰੇ ਹੋ ਸਕਦੇ ਹਨ। ਭਾਰਤ ਨੂੰ ਕੁਝ ਤਾਂ ਅੰਦਾਜ਼ਾ ਸੀ, ਪਰ ਜਦੋਂ ਟਰੰਪ ਦੀਆਂ ਚਹੁੰਪਾਸੜ ਕਾਰਵਾਈਆਂ ਸ਼ੁਰੂ ਹੋਈਆਂ ਤਾਂ ਹੁਣ ਲੱਗ ਰਿਹਾ ਹੈ ਕਿ ਟਰੰਪ-ਕਾਲੀਨ ਦੁਨੀਆ ਸਾਡੇ ਅੰਦਾਜ਼ਿਆਂ ਤੋਂ ਬਹੁਤ ਵੱਖਰੀ ਸਾਬਿਤ ਹੋਣ ਜਾ ਰਹੀ ਹੈ।



# ਕਿਹੋ ਜਿਹੀ ਹੋਣ ਵਾਲੀ ਹੈ ਭਵਿੱਖ ਦੀ ਦੁਨੀਆ ?

**ਲਿਖਤ : ਵਿਜੈ ਗਰਗ**
**ਸੇਵਾਮੁਕਤ ਪ੍ਰਿੰਸੀਪਲ**
**ਐਜੂਕੇਸ਼ਨਲ ਕਲਮਨਵੀਸ ਮਲੋਟ**

ਤੇਜ਼ੀ ਨਾਲ ਬਦਲ ਰਹੀ ਇਹ ਦੁਨੀਆ ਇਸ ਸਮੇਂ ਇਕ ਵੱਡੇ ਮੁਕਾਮ 'ਤੇ ਆ ਖੜ੍ਹੀ ਹੋਈ ਹੈ।ਮਾਨਵ ਜਾਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਣ ਲੱਗਾ ਹੈ ਕਿ ਇਸ ਸਮੇਂ ਦੁਨੀਆ ਵਿਚ ਜੋ ਬਹੁਤ ਮਹੱਤਵਪੂਰਨ ਹੈ ਇਸ ਵਿਚੋਂ ਬਹੁਤ ਕੁਝ ਅਰਥਹੀਣ ਹੋ ਜਾਵੇਗਾ। ਬੀਤੇ ਦੀ ਬਾਤ ਬਣ ਜਾਵੇਗਾ। ਪਿਛਲੇ ਸਮੇਂ ਬਹੁਤ ਚੀਜ਼ਾਂ ਸਾਡੇ ਦੌਰ ਵਿਚ ਆਈਆਂ ਤੇ ਅਲੋਪ ਹੋ ਗਈਆਂ। ਅੱਜ ਦੇ ਬੱਚਿਆਂ 'ਚੋਂ ਬਹੁਤਿਆਂ ਨੂੰ ਸ਼ਾਇਦ ਇਹ ਪਤਾ ਵੀ ਨਹੀਂ ਹੋਵੇਗਾ ਕਿ ਸੀ. ਡੀ. ਪਲੇਅਰ ਕਿਸ ਤਰ੍ਹਾਂ ਦਾ ਹੁੰਦਾ ਸੀ। ਵੀ. ਸੀ. ਆਰ. ਕੀ ਸੀ ? ਪੇਜਰ ਕੀ ਸੀ? ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਇਸ ਦੌਰ ਵਿਚ ਹੁਣ ਇਕ ਦਮ ਬਹੁਤ ਕੁਝ ਤਬਦੀਲ ਹੋਣ ਜਾ ਰਿਹਾ ਹੈ। ਭਵਿੱਖ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਭਾਵ ਮਸਨੂਈ ਸਮਝ ਦੁਨੀਆ ਨੂੰ ਪੂਰੀ ਤਰ੍ਹਾਂ ਬਦਲ ਕਰ ਦੇਵੇਗੀ। ਜ਼ਰਾ ਸੋਚੋ ਕਿ ਮਨੁੱਖ ਦੀ ਥਾਂ ਸੋਚ ਵਿਚਾਰ ਕਰਨ, ਫੈਸਲੇ ਲੈਣ ਅਤੇ ਉਨ੍ਹਾਂ ਫੈਸਲਿਆਂ 'ਤੇ ਅਮਲ ਕਰਨ ਵਰਗੇ ਕੰਮ ਜੇਕਰ ਮਸ਼ੀਨ ਕਰਨ ਲੱਗ ਪਵੇਗੀ ਤਾਂ ਇਸ ਦੌਰ ਵਿਚ ਮਨੁੱਖ ਦੀ ਹੈਸੀਅਤ ਕੀ ਹੋਵੇਗੀ ? ਕਲਾਕਾਰ ਇਕ ਚਿੱਤਰ ਬਣਾਉਂਦਾ ਹੈ, ਕਵੀ ਕਵਿਤਾ, ਗੀਤਕਾਰ ਗੀਤ, ਕਹਾਣੀਕਾਰ ਕਹਾਣੀ ਲਿਖਦਾ ਹੈ। ਇਸੇ ਤਰ੍ਹਾਂ ਫਿਲਮ ਲੇਖਕ ਫਿਲਮਾਂ ਦੀ ਕਹਾਣੀ ਤੇ ਡਾਇਲਾਗ ਲਿਖਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕੁਝ 'ਏ ਆਈ' ਕਰਨ ਲੱਗ ਜਾਵੇਗੀ।ਇਸ ਤੋਂ ਵੀ ਅਗਾਂਹ ਫਿਲਮਾਂ ਵਿਚ ਵਿਖਾਏ ਜਾਣ ਵਾਲੇ ਦ੍ਰਿਸ਼, ਨਾਇਕ, ਨਾਇਕਾਵਾਂ ਤੇ ਖ਼ਲਨਾਇਕ ਇਹ ਸਭ ਕੁਝ ਆਰਟੀਫੀਸ਼ਲ ਹੋਵੇਗਾ ਅਤੇ ਇਹ ਸਭ ਕੁਝ ਹਕੀਕਤ ਵਰਗਾ ਹੀ ਹੋਵੇਗਾ। ਇਕ ਨਵੀਂ ਫਿਲਮ ਬਣਾਉਣ ਲਈ ਤੁਸੀਂ ਮਨਪਸੰਦ ਚਾਰ ਫਿਲਮਾਂ ਬਾਰੇ ਆਰਟੀਫੀਸ਼ਅਲ ਇੰਟੈਲੀਜੈਂਸ ਨੂੰ ਦੱਸਦੇ ਹੋ ਤਾਂ ਉਹ ਤੁਹਾਨੂੰ ਕੁਝ ਹੀ ਸਮੇਂ ਬਾਅਦ ਪੰਜਵੀਂ ਫਲਿਮ ਤਿਆਰ ਕਰ ਦੇਵੇਗਾ। ਇਸੇ ਤਰ੍ਹਾਂ ਤੁਸੀਂ ਘਰ, ਦਫਤਰ, ਲਾਅਨ ਦਾ ਡਿਜ਼ਾਈਨ ਕਰਨਾ ਚਾਹੁੰਦੇ ਹੋ ਤਾਂ ਕਈ ਤਰ੍ਹਾਂ ਦੇ ਡਿਜ਼ਾਈਨ ਤੁਹਾਡੇ ਸਾਹਮਣੇ ਪਈ ਸਕਰੀਨ 'ਤੇ ਖੁੱਲ੍ਹ ਜਾਣਗੇ ਕਿਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਗੱਡੀਆਂ ਡਰਾਈਵਰ-ਰਹਿਤ ਹੋਣਗੀਆਂ ਤੇ ਆਰਟੀਫੀਸ਼ਅਲ ਇੰਟੈਲੀਜੈਂਸ ਰਾਹੀਂ ਚੱਲਣ ਲੱਗਣਗੀਆਂ। ਪੂਰੀ ਦੁਨੀਆ ਵਿਚ ਦਫ਼ਤਰਾਂ ਵਿਚ ਕੰਮ ਕਰਦੇ ਕਰਮਚਾਰੀਆਂ ਮੁਲਾਜ਼ਮਾਂ ਦੀ ਛਾਂਟੀ ਹੋਣ ਲੱਗੇਗੀ।ਸਭ ਤਰ੍ਹਾਂ ਦੇ ਦਫ਼ਤਰਾਂ ਦੇ ਕੰਮ ਏ ਆਈ ਮਸ਼ੀਨਾਂ ਸਾਂਭ ਲੈਣਗੀਆਂ। ਚਿੱਤਰਕਾਰ, ਫੋਟੋਗ੍ਰਾਫ਼ੀ, ਕਲਾਕਾਰ, ਐਕਟਰ, ਲੇਖਕ, ਡਿਜ਼ਾਈਨਰ, ਮਾਡਲ ਆਦਿ ਦੇ ਕਰਨ ਵਾਲੇ ਕਲਾਤਮਿਕ ਕੰਮ ਮਸਨੂਈ ਬੁੱਧੀ ਨਾਲ ਹੋਣ ਲੱਗਣਗੇ। 'ਏ ਆਈ ਤਕਨੀਕ ਕਿਸੇ ਪੁਰਾਣੀ ਤੋਂ ਪੁਰਾਣੀ ਤਸਵੀਰ ਨੂੰ ਵੀਡੀਓ ਵਿਚ ਤਬਦੀਲ ਕਰ ਸਕਦੀ ਹੈ।ਅੰਦਾਜ਼ਾ ਲਾਓ ਭਵਿੱਖ ਦੀ ਦੁਨੀਆ ਕਿਹੋ ਜਿਹੀ ਹੋਣ ਵਾਲੀ ਹੈ। ਦੁਨੀਆ 'ਤੇ ਸਰਦਾਰੀ ਕਰਨ ਵਾਲੀਆਂ ਸਾਫਟਵੇਅਰ ਬਣਾਉਣ ਵਾਲੀਆਂ ਕੰਪਨੀਆਂ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਇਸ ਸਭ ਕੁਝ ਨੂੰ ਇਕ ਦਿਨ ਏ.ਆਈ. ਨਾਂਅ ਦਾ ਇਕ ਸਾਫਟਵੇਅਰ ਨਿਗਲ ਲਵੇਗਾ। ਏ. ਆਈ,' ਅਜਿਹੀ ਆਧੁਨਿਕ ਤਕਨੀਕ ਹੈ ਜਿਸ ਤੋਂ ਤਕਨੀਕੀ ਦੁਨੀਆ ਦੇ ਮਾਹਿਰ ਵੀ ਡਰਨ ਲੱਗ ਪਏ ਹਨ। ਇਸ ਤਕਨੀਕ ਨਾਲ ਖੇਤੀਬਾੜੀ ਵਿਚ ਇਕ ਅਜਿਹਾ ਇਨਕਲਾਬ ਆਵੇਗਾ ਜਿਸ ਦਾ ਅਸੀਂ ਕਦੇ ਕਿਆਸ ਤੱਕ ਵੀ ਨਹੀਂ ਕੀਤਾ। ਭਵਿੱਖ ਵਿਚ ਏ.ਆਈ. ਮਸ਼ੀਨਾਂ ਸਾਨੂੰ ਦੱਸਣਗੀਆਂ ਕਿ ਤੁਹਾਡੇ ਵਲੋਂ ਬੀਜੀ ਜਾ ਰਹੀ ਫ਼ਸਲ ਦਾ ਹੁਣ ਤੱਕ ਬਾਜ਼ਾਰ ਵਿਚ ਕਿੰਨਾ ਬੀਜ ਵਿਕਿਆ ਹੈ ਅਤੇ ਇਹ ਕਿਸ ਦੇਸ਼ ਵਿਚ ਕਿੰਨੀ ਮਿਕਦਾਰ ਵਿਚ ਬੀਜੀ ਜਾ ਰਹੀ ਹੈ। ਇਸ ਫ਼ਸਲ ਲਈ ਮੌਸਮ ਕਿਸ ਤਰ੍ਹਾਂ ਦਾ ਰਹਿਣ ਵਾਲਾ ਹੈ। ਇਸ ਦਾ ਬਾਜ਼ਾਰ ਵਿਚ ਮੁੱਲ ਕੀ ਪਵੇਗਾ? ਕਾਫੀ ਹੱਦ ਤੱਕ ਫ਼ਸਲਾਂ ਲਈ ਵਰਤੇ ਜਾਂਦੇ ਕੀਟ ਨਾਸ਼ਕਾਂ ਦੀ ਵਰਤੋਂ ਘੱਟ ਹੋਵੇਗੀ। ਫ਼ਸਲ 'ਤੇ ਕਿਸੇ ਕੀੜੇ ਦੇ ਹਮਲੇ ਦਾ ਤੁਰੰਤ ਪਤਾ ਲੱਗੇਗਾ ਅਤੇ ਜਿੱਥੇ ਕਿਤੇ ਜਿਸ ਵੀ ਬੂਟੇ ਵਿਚ ਬਿਮਾਰੀ ਦੀ ਲਾਗ ਹੋਵੇਗੀ, ਉੱਥੇ ਉਸ ਜਗਹਾ 'ਤੇ ਹੀ ਉਸ ਦਾ ਤੁਰੰਤ ਇਲਾਜ ਕੀਤਾ ਜਾ ਸਕੇਗਾ।

ਪੂਰੀ ਜ਼ਮੀਨ ਵਿਚ ਕੀਟ ਨਾਸ਼ਕ ਦਵਾਈ ਦੀ ਵਰਤੋਂ ਕਰਨ ਦੀ ਲੋੜ ਤਾਂ ਦੂਰ, ਕਿਸੇ ਇਕ ਪੂਰੇ ਪੌਦੇ ਨੂੰ ਵੀ ਕੀਟਨਾਸ਼ਕ ਦੇਣ ਦੀ ਲੋੜ ਨਹੀਂ ਰਹੇਗੀ।ਜ਼ਮੀਨ ਵਿਚ ਕਿੱਥੇ ਕਿਸ ਤੱਤ ਦੀ ਘਾਟ ਹੈ, ਇਸ ਸੰਬੰਧੀ ਏ. ਆਈ. ਦੀਆਂ ਜਾਣਕਾਰੀਆਂ ਫ਼ਸਲਾਂ ਲਈ ਲਾਹੇਵੰਦ ਸਾਬਤ ਹੋਣਗੀਆਂ। ਏ. ਆਈ. ਮਸ਼ੀਨਾਂ ਕੇਵਲ ਪੱਕੇ ਫਲਾਂ ਦੀ ਤੁੜਾਈ-ਪੁਟਾਈ ਕਰਨਗੀਆਂ ਅਤੇ ਇਸ ਤਰ੍ਹਾਂ ਫ਼ਸਲਾਂ ਖਾਸ ਕਰਕੇ ਫਲਾਂ ਦੇ ਝਾੜ ਵਿਚ ਸੁਧਾਰ ਤੇ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ। ਭਵਿੱਖ ਵਿਚ ਖੇਤੀਬਾੜੀ ਦੇ ਕੰਮ ਵਿਚ ਇਕ ਵੱਡੀ ਅਲੌਕਿਕ ਤਬਦੀਲੀ ਵਾਪਰਨ ਜਾ ਰਹੀ ਹੈ।ਦੁਨੀਆ ਵਿਚ ਭੁੱਖਮਰੀ ਅਤੇ ਕੁਪੋਸ਼ਣ ਘੱਟ ਹੋਵੇਗਾ ਪਰ ਯਾਦ ਰੱਖਣਾ ਇਹ ਕੇਵਲ ਅੰਦਾਜ਼ਾ ਹੈ। ਸਚਾਈ ਇਸ ਤੋਂ ਵੱਖਰੀ ਵੀ ਹੋ ਸਕਦੀ ਹੈ। ਦਵਾਈਆਂ ਦੇ ਮਾਲੀਕਿਊਲ ਬਣਾਉਣ ਵਿਚ ਮਦਦ ਮਿਲੇਗੀ। ਬਿਮਾਰੀਆਂ ਨੂੰ ਸਮਝਣ ਵਿਚ ਵੱਡਾ ਇਨਕਲਾਬ ਆਵੇਗਾ ਅਤੇ ਬਿਮਾਰਾਂ ਦੀ ਸਾਂਭ ਸੰਭਾਲ ਕਰਨ ਵਿਚ ਵੀ ਏ. ਆਈ, ਵੱਡੀ ਮਦਦਗਾਰ ਸਾਬਿਤ ਹੋਵੇਗੀ। ਜਿਵੇਂ ਖਦਸ਼ਾ ਪਰਗਟ ਕੀਤਾ ਜਾ ਰਿਹਾ ਹੈ ਏ. ਆਈ, ਬਹੁਤ ਸਾਰੀਆਂ ਨੌਕਰੀਆਂ ਨੂੰ ਖ਼ਤਮ ਕਰ ਦੇਵੇਗੀ ਤਾਂ ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੈ ਨਵੀਂ ਤਕਨਾਲੋਜੀ ਦੇ ਆਉਣ ਨਾਲ ਨੌਕਰੀਆਂ ਘਟਦੀਆਂ ਨਹੀਂ ਬਲਕਿ ਵਧਦੀਆਂ ਹਨ। ਜਿਵੇਂ ਕੰਪਿਊਟਰ ਦੇ ਆਉਣ ਨਾਲ ਸੋਚਿਆ ਜਾ ਰਿਹਾ ਸੀ ਕਿ ਦਫਤਰਾਂ ਦੇ ਕੰਮ ਜਦੋਂ ਕੰਪਿਊਟਰ ਕਰਨ ਲੱਗਣਗੇ ਤਾਂ ਬੰਦਿਆਂ ਦੀ ਲੋੜ ਨਹੀਂ ਰਹੇਗੀ। ਇਸ ਲਈ ਕੰਪਿਊਟਰ ਦਾ ਵਿਰੋਧ ਵੀ ਹੋਇਆ ਪਰ ਕੰਪਿਊਟਰ ਦੇ ਆਉਣ ਨਾਲ ਰੁਜ਼ਗਾਰ ਵਿਚ ਵੱਖਰੀਆਂ ਤੇ ਵੱਡੀਆਂ ਸੰਭਾਵਨਾਵਾਂ ਪੈਦਾ ਹੋਈਆਂ। ਇਸ ਲਈ ਕੁਝ ਲੋਕਾਂ ਦਾ ਖਿਆਲ ਹੈ ਕਿ ਨਵੀਂ ਤਕਨੀਕ ਆਉਣ ਨਾਲ ਰੁਜ਼ਗਾਰ ਦੇ ਬੂਹੇ ਹੋਰ ਮੋਕਲੇ ਹੋਣਗੇ। ਇੱਥੇ ਸਾਨੂੰ ਥੋੜ੍ਹਾ ਜਿਹਾ ਸੋਚ ਵਿਚਾਰ ਕਰਨ ਦੀ ਲੋੜ ਹੈ। ਹੁਣ ਤੱਕ ਜੋ ਵੀ ਤਕਨੀਕੀ ਵਿਕਾਸ ਹੁੰਦਾ ਆਇਆ ਹੈ। ਉਹ ਵਸਤਾਂ ਦਾ ਵਿਕਾਸ ਸੀ। ਨਵੀਆਂ ਵਸਤਾਂ, ਨਵੇਂ ਸਾਧਨ, ਨਵੇਂ ਸਾਫਟਵੇਅਰ ਆਦਿ ਬਣਦੇ ਆਏ ਹਨ ਜਿਨ੍ਹਾਂ ਨੂੰ ਮਨੁੱਖ ਪੈਦਾ ਕਰਦੇ ਤੇ ਮਨੁੱਖ ਆਪਣੇ ਹੱਥਾਂ ਨਾਲ ਇਨ੍ਹਾਂ ਨੂੰ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵਰਤਦਾ ਆਇਆ ਹੈ ਅਤੇ ਵਰਤ ਰਿਹਾ ਹੈ। ਪਰ ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਤੋਂ ਬਿਲਕੁਲ ਵੱਖਰੀ ਚੀਜ਼ ਹੈ। ਇਹ ਅਜਿਹੀ ਬਨਾਉਟੀ ਸਮਝ' ਹੈ ਜੋ ਹਰ ਪਲ ਵਧ ਰਹੀ ਹੈ। ਹਰ ਪਲ ਹੋਰ ਬੁਲੰਦ ਹੁੰਦੀ ਜਾਵੇਗੀ। ਮਾਨਵਜਾਤ ਦੇ ਇਤਿਹਾਸ ਵਿਚ ਇਹ ਪਹਿਲੀਵਾਰ ਹੋਣ ਲੱਗਾ ਹੈ ਮਨੁੱਖ ਦੀ ਵਰਤੋਂ ਲਈ ਇਕ ਵਿਸ਼ਾਲ ਦਿਮਾਗ ਉਸ ਦੇ ਸਾਹਮਣੇ ਹੋਵੇਗਾ ਜਿਸ ਵਿਚ ਲੱਖਾਂ ਦਿਮਾਗਾਂ ਜਿੰਨੀ ਸਮਝ ਹੋਵੇਗੀ ਅਤੇ ਇਹ ਸਮਝ ਮਨੁੱਖੀ ਬੁੱਧੀ ਤੋਂ ਕਿਤੇ ਵੱਧ ਤੇਜ਼ੀ ਨਾਲ ਵਿਕਸਤ ਹੁੰਦੀ ਜਾਵੇਗੀ। ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਤੋਂ ਹੀ ਸਿੱਖ ਕੇ ਹਰ ਪਲ ਆਪਣੀ ਸਮਝ ਵਧਾ ਰਿਹਾ ਹੈ ਅਤੇ ਮਨੁੱਖ ਨੇ ਜੋ ਕੰਮ ਕੁਝ ਮਹੀਨਿਆਂ, ਦਿਨਾਂ ਜਾਂ ਘੰਟਿਆ ਵਿਚ ਕਰਨਾ ਹੁੰਦਾ ਹੈ, ਇਹ ਉਸ ਕੰਮ ਨੂੰ ਪਲਾਂ ਵਿਚ ਕਰਨ ਦੇ ਸਮਰੱਥ ਹੋਵੇਗਾ। ਕਿੰਨੀ ਵਚਿੱਤਰ ਹੋਵੇਗੀ ਭਵਿੱਖ ਦੀ ਦੁਨੀਆ ਜ਼ਰਾ ਕਿਆਸ ਕਰੋ।

ਬੇਸ਼ੱਕ ਏ. ਆਈ. ਨਾਲ ਮਨੁੱਖ ਦੇ ਜਹਿਨੀ ਤੇ ਸਰੀਰਕ ਕੰਮ ਘਟ ਜਾਣਗੇ, ਰੁਜ਼ਗਾਰ ਨੌਕਰੀਆਂ ਘਟ ਜਾਣਗੀਆਂ ਪਰ ਇਹ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਦੇਸ਼ਾਂ ਦੇ ਬਾਸ਼ਿੰਦਿਆਂ ਲਈ ਇਹ ਸਥਿਤੀ ਬੇਹੱਦ ਭਿਆਨਕ ਹੋ ਸਕਦੀ ਹੈ। ਏ. ਆਈ. ਦੇ ਦੌਰ ਤੋਂ ਪਹਿਲਾਂ ਹੀ ਦੁਨੀਆ ਅਜਿਹੇ ਦੌਰ ਵਿਚੋਂ ਗੁਜ਼ਰ ਰਹੀ ਹੈ ਜਿੱਥੇ ਆਮ ਬੰਦੇ ਦੇ ਰੁਜ਼ਗਾਰ ਵੱਲ ਸਰਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ ਤੇ ਨੌਕਰੀਆਂ ਦੇ ਮੌਕੇ ਘਟ ਰਹੇ ਹਨ। ਸਰਕਾਰਾਂ ਨੇ ਅਜਿਹੀ ਸਥਿਤੀ ਪੈਦਾ ਕੀਤੀ ਹੈ ਕਿ ਵੱਡੀ ਗਿਣਤੀ 'ਚ ਲੋਕਾਂ ਨੇ ਆਪਣੇ ਆਪ ਨੂੰ ਆਟੇ ਦਾਲ ਵਰਗੀਆਂ ਖੈਰਾਤਾਂ ਲਈ ਸਮਰਪਿਤ ਕਰ ਦਿੱਤਾ ਹੈ। ਹੁਣ ਤੱਕ ਹਰ ਨਵੀਂ ਤਕਨੀਕ ਦਾ ਸਭ ਤੋਂ ਵੱਧ ਫਾਇਦਾ ਸਰਮਾਏਦਾਰ ਲੈਂਦੇ ਰਹੇ ਹਨ।ਅਜਿਹੀ ਸਥਿਤੀ ਵਿਚ ਜਦੋਂ ਏ ਆਈ ਦਾ ਪ੍ਰਵੇਸ਼ ਹੋਣ ਜਾ ਰਿਹਾ ਹੈ ਤਾਂ ਆਮ ਬੰਦੇ ਲਈ ਇਹ ਸਥਿਤੀ ਹੋਰ ਭਿਆਨਕ ਹੋ ਜਾਵੇਗੀ। ਨੌਕਰੀਆਂ, ਰੁਜ਼ਗਾਰ ਹੋਰ ਵੀ ਘੱਟ ਹੋਣਗੇ। ਵਿਹਲਾ ਮਨ ਸ਼ੈਤਾਨ ਦਾ ਘਰ ਅਖਾਣ ਵਾਂਗ ਸਮਾਜ ਵਿਚ ਬੁਰਾਈਆਂ ਫੈਲਣ ਦਾ ਖ਼ਤਰਾ ਹੋਰ ਵਧ ਜਾਵੇਗਾ। ਦੂਜੇ ਪਾਸੇ ਏ.ਆਈ. ਦੀ ਸਮਝ ਇੰਨੀ ਵਿਸਥਾਰ ਲੈ ਲਵੇਗੀ ਕਿ ਉਸ ਕੋਲ ਲੱਖਾਂ ਕਰੋੜਾਂ ਬੰਦਿਆਂ ਦੀਆਂ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹੋਣਗੀਆਂ ਕਿਸੇ ਦੀ ਕੰਮਰੇ ਵਿਚ ਤਸਵੀਰ ਵੇਖ ਕੇ ਉਸ ਨੂੰ ਝੱਟ ਲੱਭਿਆ ਜਾ ਸਕੇਗਾ। ਹੋ ਸਕਦਾ ਹੈ ਇਸ ਨਾਲ ਮਨੁੱਖ ਕੁਝ ਹੋਰ ਚੰਗਾ ਸਿਰਜਣ ਦੇ ਸਮਰੱਥ ਵੀ ਹੋ ਜਾਵੇ। ਇਹ ਵੀ ਹੋ ਸਕਦਾ ਹੈ ਕਿ ਮਨੁੱਖ ਹਰ ਤਰ੍ਹਾਂ ਦੇ ਜੁਰਮਾਂ ਨੂੰ ਰੋਕੇ ਜਾਣ ਲਈ ਨਵੀਆਂ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਨ ਲੱਗੇ। ਏ.ਆਈ. ਨੂੰ ਬਣਾਉਣ ਵਾਲੇ 75 ਸਾਲਾ ਜਿਓਫਰੀ ਹਿੰਟਨ ਇਸ ਦੇ ਨਤੀਜਿਆਂ ਨੂੰ ਸਮਝਦਿਆਂ ਖ਼ੁਦ ਡਰੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮੈਂ ਇਸ ਨੂੰ ਨਾ ਬਣਾਉਂਦਾ ਤਾਂ ਹੋ ਸਕਦਾ ਹੈ ਕੋਈ ਹੋਰ ਇਸ ਨੂੰ ਬਣਾ ਦਿੰਦਾ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਤੋਂ ਸਿੱਖ ਕੇ ਮਨੁੱਖ ਤੇ ਹੀ ਹਾਵੀ ਹੋ ਜਾਣ ਦੇ ਏ. ਆਈ. ਦੇ ਖ਼ਤਰੇ ਨੂੰ ਨਕਾਰਿਆ ਨਹੀਂ ਜਾ ਸਕਦਾ। ਜਿਓਫਰੀ ਹਿੰਟਨ ਨੇ ਨਿਊਯਾਰਕ ਟਾਈਮਜ਼ ਨੂੰ ਦਿੱਤੀ ਇਕ ਇੰਟਰਵਿਊ ਵਿਚ ਮੰਨਿਆ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਏ. ਆਈ. 1000 ਬੰਦੇ ਤੋਂ ਵੱਧ ਜਾਣਦਾ ਹੈ ਅਤੇ ਇਹਦੀ ਇਹ ਜਾਣਕਾਰੀ ਹਰ ਪਲ ਵਧਦੀ ਹੀ ਜਾਵੇਗੀ। ਇਹ ਸੱਚ ਹੈ ਕਿ ਏ. ਆਈ. ਨਾਲ ਬਹੁਤ ਸਾਰੇ ਖ਼ਤਰੇ ਜੁੜੇ ਹੋਏ ਹਨ ਅਤੇ ਇਨ੍ਹਾਂ ਖ਼ਤਰਿਆਂ ਨੂੰ ਦੁਨੀਆ ਭਰ ਦੇ ਸੋਚਵਾਨ ਮਨੁੱਖ ਭਾਂਪ ਵੀ ਰਹੇ ਹਨ। ਇਹ ਵੀ ਹੋ ਸਕਦਾ ਹੈ ਭਵਿੱਖ ਵਿਚ ਏ. ਆਈ. ਰਾਹੀਂ ਗ਼ਲਤ ਸੂਚਨਾਵਾਂ ਦਾ ਹੜ੍ਹ ਆ ਜਾਵੇ ਅਤੇ ਸਾਨੂੰ ਇਹ ਸਮਝਣ ਵਿਚ ਬੜੀ ਵੱਡੀ ਦਿੱਕਤ ਹੋਵੇਗੀ ਕਿ ਸੱਚ ਕੀ ਹੈ ਅਤੇ ਝੂਠ ਕੀ ਹੈ? ਇਹ ਵੀ ਸੰਭਵ ਹੈ ਕਿ ਏ. ਆਈ. ਦਾ ਕੰਟਰੋਲ ਗ਼ਲਤ ਹੱਥਾਂ ਵਿਚ ਚਲਾ ਜਾਵੇ ਤੇ ਇਹ ਇਕ ਦਿਨ ਮਨੁੱਖਾਂ 'ਤੇ ਭਾਰੂ ਹੋ ਕੇ ਮਨੁੱਖੀ ਸੱਭਿਅਤਾ ਲਈ ਹੀ ਖ਼ਤਰਾ ਬਣ ਜਾਵੇ।ਦੁਨੀਆ ਦੇ ਵੱਡੇ ਕਾਰੋਬਾਰੀ ਐਲਨ ਮਸਕ ਦਾ ਕਹਿਣਾ ਹੈ ਕਿ 'ਇਸ ਸਮੇਂ ਮਨੁੱਖੀ ਸੱਭਿਅਤਾ ਨੂੰ ਸਭ ਤੋਂ ਵੱਧ ਖ਼ਤਰਾ 'ਏ. ਆਈ' ਤੋਂ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਮੰਨਣਾ ਹੈ ਕਿ 'ਏ. ਆਈ. ਵਿਚ ਸੰਭਾਵਨਾਵਾਂ ਅਤੇ ਖ਼ਤਰੇ ਦੋਵੇਂ ਹਨ। ਏ. ਆਈ. ਦੁਨੀਆ ਨੂੰ ਕਿਸ ਕਦਰ ਬਦਲ ਦੇਵੇਗੀ ਇਸ ਦਾ ਸਹੀ ਸਹੀ ਅੰਦਾਜ਼ਾ ਕਿਸੇ ਕੋਲ ਹੋਣਾ ਤਾਂ ਦੂਰ, ਇਹਨੂੰ ਈਜਾਦ ਕਰਨ ਵਾਲਿਆਂ ਕੋਲ ਵੀ ਨਹੀਂ ਪਰ ਇਹ ਕਿਆਸ ਜ਼ਰੂਰ ਹੈ ਕਿ ਸਾਡੀ ਦੁਨੀਆ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੇ ਇਕ ਬਿਲਕੁਲ ਵੱਖਰੇ ਦੌਰ ਵਿਚ ਪ੍ਰਵੇਸ਼ ਕਰ ਜਾਣਾ ਹੈ। ਸਾਡੀ ਸਿੱਖਿਆ ਪ੍ਰਣਾਲੀ ਇਸ ਸਮੇਂ ਵੀ ਸਮੇਂ ਦੇ ਹਾਣ ਦੀ ਨਹੀਂ ਹੈ। ਇਸ ਵਿਚ ਬਹੁਤ ਸਾਰੀਆਂ ਤਰੁੱਟੀਆਂ ਹਨ। ਭਵਿੱਖ ਵਿਚ ਸਿੱਖਿਆ ਜਗਤ ਵਿਚ ਵੱਡੀਆਂ ਤਬਦੀਲੀਆਂ ਵਾਪਰਨਗੀਆਂ। ਮਨੁੱਖ ਦੀ ਸਾਲਾਂ ਦੀ ਸਿੱਖਿਆ ਅਰਥਹੀਣ ਹੋ ਕੇ ਰਹਿ ਜਾਵੇਗੀ। ਮਨੁੱਖ ਦੇ ਸਿੱਖਣ, ਸਮਝਣ, ਫ਼ੈਸਲੇ ਲੈਣ ਅਤੇ ਵਿਹਾਰ ਕਰਨ ਦੇ ਢੰਗ ਨੂੰ ਨਵੀਂ ਤਕਨੀਕ ਬਿਲਕੁਲ ਹੀ ਬਦਲ ਦੇਵੇਗੀ।

ਅਜਿਹੀ ਸਥਿਤੀ ਹੋਵੇਗੀ ਜੋ ਕੁਝ ਅਸੀਂ ਪੰਜ ਸਾਲ ਲਾ ਕੇ ਸਿੱਖਦੇ ਹਾਂ, ਉਹ ਕੰਮ ਏ. ਆਈ ਮਸ਼ੀਨਾਂ ਮਿੰਟਾਂ ਸਕਿੰਟਾਂ ਵਿਚ ਕਰਨ ਦੇ ਸਮਰੱਥ ਹੋਣਗੀਆਂ।ਫਿਲਹਾਲ ਬੋਤਲ 'ਚੋਂ ਨਿਕਲੇ 'ਏ. ਆਈ.' ਦੇ ਜਿੰਨ ਨੂੰ ਹੁਣ ਮੁੜ ਬੋਤਲ ਵਿਚ ਪਾਇਆ ਜਾਣਾ ਅਸੰਭਵ ਹੈ ਪਰ ਅਜੇ ਸ਼ਾਇਦ ਵੇਲਾ ਹੈ ਕਿ ਇਸ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਜਾਣ। ਦੁਨੀਆ ਭਰ ਦੀਆਂ ਸਰਕਾਰਾਂ ਨੂੰ ਮਨੁੱਖੀ ਸੱਭਿਅਤਾ ਦੇ ਭਲੇ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਕਰਨਾ ਸਮੇਂ ਦੀ ਮੰਗ ਹੈ।

# ਉਨ੍ਹਾਂ ਦਿਨਾਂ ਦੀ ਗੱਲ...

**ਵਲੋਂ : ਡਾ. ਅਵਤਾਰ ਸਿੰਘ ਪਤੰਗ**
**ਸੰਪਰਕ:** 88378-08371



1970ਵਿਆਂ ਵਿੱਚ ਲਗਭਗ ਸਾਰੇ ਪਿੰਡਾਂ ਦਾ ਜਨ-ਜੀਵਨ ਅੱਜ ਨਾਲੋਂ ਕਿਤੇ ਵੱਖਰਾ ਅਤੇ ਵਿਲੱਖਣ ਹੁੰਦਾ ਸੀ। ਕੁਝ ਇਹੋ ਜਿਹਾ ਹਾਲ-ਹਵਾਲ ਸਾਡੇ ਪਿੰਡ ਦਾ ਸੀ। ਸੜਕਾਂ ਕੱਚੀਆਂ ਅਤੇ ਸੜਕਾਂ ਤੋਂ ਪਿੰਡਾਂ ਨੂੰ ਜਾਂਦੇ ਗੋਹਰ (ਅੱਜ ਦੀਆਂ ਲਿੰਕ ਰੋਡਜ਼) ਉੱਭੜ-ਖਾਭੜ ਅਤੇ ਭੁੱਬਲ ਭਰੇ ਸਨ। ਬਿਜਲੀ ਪਿੰਡ ਦੇ ਲੋਕਾਂ ਦੀ ਪਹੁੰਚ ਤੋਂ ਕਿਤੇ ਦੂਰ ਸੀ। ਅਸੀਂ ਨਿਆਣੇ ਕੋਠੇ ਚੜ੍ਹ ਕੇ ਨੀਝ ਲਾ ਕੇ ਵੀਹ ਮੀਲ ਦੂਰ ਰੋਪੜ ਸ਼ਹਿਰ ਦੀਆਂ ਸੜਕਾਂ 'ਤੇ ਬਲਦੇ ਖੰਭੇ ਦੇਖਣ ਲਈ ਤੀਘੜਦੇ ਰਹਿੰਦੇ ਸੀ। ਪਿੰਡ ਦੇ ਬਹੁਤੇ ਘਰ ਮਿੱਟੀ ਗਾਰੇ ਦਾ ਢਾਂਚਾ ਹੁੰਦੇ ਸਨ। ਦਿਹਾੜੀ-ਦੱਪੜ ਕਰਨ ਵਾਲੇ ਲੋਕ ਛੰਨਾਂ ਵਿੱਚ ਰਹਿੰਦੇ ਸਨ। ਵਿਰਲਾ-ਟਾਵਾਂ ਚੁਬਾਰਾ ਦਿਸ ਪੈਂਦਾ ਸੀ। ਕੱਚੇ ਘਰਾਂ ਵਿੱਚ ਸਫ਼ੈਦੀ ਕਰਨ ਦੀ ਗੁੰਜਾਇਸ਼ ਕਿਸ ਕੋਲ ਹੁੰਦੀ ਸੀ...? ਜਦੋਂ ਕਿਸੇ ਘਰ ਵਿਆਹ ਹੁੰਦਾ ਤਾਂ ਘਰ ਵਿੱਚ ਗੋਲੂ (ਸਫ਼ੈਦੀ ਰੰਗੀ ਮਿੱਟੀ) ਦਾ ਪਰੋਲਾ (ਪੋਚਾ) ਫੇਰ ਦਿੰਦੇ।

ਉਨ੍ਹੀਂ ਦਿਨੀਂ ਨੋਟ ਬੰਦੀ ਦੇ ਦਿਨਾਂ ਵਾਂਗ ਪਿੰਡ ਦੇ ਲੋਕ ਪੈਸੇ-ਪੈਸੇ ਦੇ ਅਵਾਜਾਰ ਸਨ। ਕੱਲਰੀ ਜ਼ਮੀਨ ਹੋਣ ਕਰ ਕੇ ਖਾਣ ਜੋਗੇ ਦਾਣੇ ਮਸਾਂ ਹੁੰਦੇ। ਆਟੇ ਵਾਲਾ ਭੜੋਲਾ ਕਿਸੇ ਭਾਗਾਂ ਵਾਲੇ ਦਾ ਹੀ ਭਰਦਾ ਸੀ। ਲੋਕਾਂ ਦੇ ਕਹਿਣ ਅਨੁਸਾਰ- 'ਜ਼ਹਿਰ ਖਾਣ ਨੂੰ ਵੀ' ਪੈਸਾ ਨਹੀਂ ਸੀ ਹੁੰਦਾ। ਉਸ ਵੇਲੇ ਜਿਸ ਘਰ ਦਸ ਰੁਪਏ ਦਾ ਨੋਟ ਹੁੰਦਾ ਸੀ, ਉਹ ਰਾਤ ਨੂੰ ਸੌਖਾ ਹੋ ਕੇ ਸੌਂਦਾ ਸੀ। ਆਪਣੇ ਅਗਾੜੇ-ਪਛਵਾੜੇ ਲੱਗੇ ਕੰਡ-ਕਰੇਲੇ, ਬੜਾਂ (ਘੀਆ), ਕਾਲੀ ਤੋਰੀ, ਚਿੱਬੜ, ਹਰੇ ਪਿਆਜ਼ ਅਤੇ ਕੱਚੀਆਂ ਅੰਬੀਆਂ ਦੀ ਚਟਣੀ, ਅੰਬ ਅਤੇ ਲਸੂੜੇ ਦੇ ਅਚਾਰ ਅਤੇ ਖੱਟੀ ਲੱਸੀ ਵਿੱਚ ਲਾਲ ਮਿਰਚਾਂ ਅਤੇ ਸੈਂਚਰੀ ਲੂਣ (ਕਾਲਾ ਲੂਣ) ਪਾ ਕੇ ਲੋਕ ਦੋ ਵੇਲੇ ਦਾ ਡੰਗ ਸਾਰ ਲੈਂਦੇ ਸਨ। ਜੇ ਘਰ ਵਿੱਚ ਕੋਈ ਪੱਛ-ਪ੍ਰਾਹੁਣਾ ਆ ਜਾਂਦਾ ਤਾਂ ਆਲੂਆਂ ਦਾ ਸਲੂਣਾ (ਉਸ ਵੇਲੇ ਦਾ ਸ਼ਾਹੀ ਪਨੀਰ) ਜਾਂ ਬਤਾਊਆਂ ਦੀ ਸਬਜ਼ੀ ਬਣਾ ਕੇ ਸੇਵਾ ਕੀਤੀ ਜਾਂਦੀ ਸੀ।

ਉਸ ਵਕਤ ਸਿਹਤ ਵਿਭਾਗ ਦਾ ਪਿੰਡ ਵਿੱਚ ਕੋਈ ਸਰਕਾਰੀ ਡਾਕਟਰ ਜਾਂ ਦਵਾਖਾਨਾ ਨਹੀਂ ਸੀ ਹੁੰਦਾ ਪਰ ਮੇਰੇ ਪਿੰਡ ਦੇ ਲੋਕ ਕਿਹੜਾ ਕਿਸੇ ਲੁਕਮਾਨ ਤੋਂ ਘੱਟ ਸਨ! ਉਹ ਵੀ ਸਿਹਤ ਵਿਭਾਗ ਨੂੰ ਟਿੱਚ ਜਾਣਦੇ ਸਨ ਕਿਉਂਕਿ ਉਨ੍ਹਾਂ ਦਾ ਜੱਦੀ-ਪੁਸ਼ਤੀ ਚਲੇ ਆ ਰਹੇ ਆਪਣੇ 'ਟੂਣਾ-ਟਾਮਣ' ਅਤੇ 'ਨੁਸਖਾ ਫਾਰਮੇਸੀ' ਵਾਲੇ ਸਿਹਤ ਸਿਸਟਮ ਵਿੱਚ ਪੂਰਾ ਵਿਸ਼ਵਾਸ ਸੀ। ਕੋਈ ਬਿਮਾਰ ਹੋ ਜਾਵੇ ਤਾਂ ਵੈਦ/ਹਕੀਮ ਬਾਰੇ ਤਾਂ ਬਾਅਦ ਵਿੱਚ ਸੋਚਦੇ, ਪਹਿਲਾਂ ਪਿੰਡ ਦੇ 'ਸਿਆਣੇ' ਕੋਲੋਂ ਝਾੜ-ਫੂਕ ਕਰਵਾਉਣ ਨਾਲ ਉਨ੍ਹਾਂ ਨੂੰ ਤਸੱਲੀ ਹੋ ਜਾਂਦੀ ਸੀ।

ਹਰ ਬਿਮਾਰੀ ਦਾ ਵੱਖਰਾ ਨੁਸਖ਼ਾ ਹੁੰਦਾ ਸੀ। ਖੰਘ, ਬੁਖ਼ਾਰ ਲਈ ਲੌਂਗ, ਲੈਚੀ ਅਤੇ ਅਜਵਾਇਣ ਦਾ ਕਾੜ੍ਹਾ, ਹੱਡ-ਗੋਡੇ ਦੁਖਣ 'ਤੇ ਆਦਾ (ਅਦਰਕ) ਸਲੂਣਾ। ਜੇ ਦਰਦ ਜ਼ਿਆਦਾ ਹੋਵੇ ਤਾਂ ਮਘ ਭੁੰਨ ਕੇ ਰਗੜ ਕੇ ਖਾ ਲੈਣੀ। ਕਬਜ਼ ਲਈ ਗਰਮ ਦੁੱਧ ਨਾਲ ਗੁਲਕੰਦ ਜਾਂ ਹਰੜ ਦਾ ਮੁਰੱਬਾ। ਜੇ ਗੱਲ ਨਾ ਬਣੇ ਤਾਂ ਜਮਾਲ ਘੋਟਾ ਪੀ ਲੈਣਾ। ਜਲਾਬ ਲੱਗ ਜਾਣ ਤਾਂ ਦਹੀਂ ਵਿੱਚ ਈਸਬਗੋਲ ਦੀ ਫੱਕ ਰਲਾਅ ਕੇ ਖਾਣੀ।

ਸਾਧਾਰਨ ਪੇਟ ਦਰਦ ਲਈ ਅਜਵਾਇਣ ਦੀ ਤਲੀ, ਜ਼ਿਆਦਾ ਪੇਟ ਦਰਦ ਲਈ ਗਰਮ ਪਾਣੀ ਦੀ ਬੋਤਲ ਢਿੱਡ 'ਤੇ ਫੇਰਨੀ। ਜੇ ਢਿੱਡ ਵਿੱਚ ਸੂਲ ਉਠੇ ਤਾਂ ਪਤਾਸੇ ਵਿੱਚ ਅੰਬਰਧਾਰੇ ਦੀਆਂ ਕੁਝ ਬੂੰਦਾਂ ਪਾ ਕੇ ਖਾ ਲੈਣੀਆਂ। ਅੱਖਾਂ ਦੁਖਣੀਆਂ ਆਉਣ ਤਾਂ ਬੱਕਰੀ ਦੇ ਦੁੱਧ ਦੇ ਫੋਹੇ ਰੱਖਣੇ। ਹੱਥਾਂ ਪੈਰਾਂ 'ਤੇ ਸੋਜ ਹੋਵੇ ਤਾਂ ਗਰਮ ਪਾਣੀ ਵਿੱਚ ਲੂਣ ਜਾਂ ਫਟਕੜੀ ਪਾ ਕੇ ਟਕੋਰ ਕਰਨੀ। ਫੋੜੇ-ਫਿਨਸੀ ਪਕਾਉਣ ਲਈ ਪੱਥਰ-ਚੱਟ ਦੀ ਲੁਪਰੀ (ਕੱਪੜੇ ਦੀ ਲੀਰ 'ਤੇ ਪੱਤਾ ਰੱਖ ਕੇ) ਬੰਨ੍ਹਣੀ। ਅੱਖ 'ਤੇ ਗੁਆਂਢਣ ਉੱਠੇ (ਗੁਆਂਜਣੀ) ਤਾਂ ਸੰਧੂਰ ਪਾ ਲੈਣਾ। ਪੈਰਾਂ ਦੀਆਂ ਬਿਆਈਆਂ ਫਟ ਜਾਣ ਤਾਂ ਮੋਮ ਗਰਮ ਕਰ ਕੇ ਭਰਨਾ। ਸਿਰ ਵਿੱਚ ਸਿਕਰੀ ਹੋਵੇ ਤਾਂ ਦਹੀਂ ਨਾਲ ਸਿਰ ਧੋਣਾ। ਜੇ ਕੁੱਤਾ ਮੂੰਹ ਮਾਰ ਜਾਏ ਤਾਂ ਜ਼ਖ਼ਮ 'ਤੇ ਲਾਲ ਮਿਰਚਾਂ ਦਾ ਲੇਪ ਕਰਨਾ। ਚੁੱਕ ਪੈ ਜਾਵੇ ਤਾਂ ਕਿਸੇ ਪੁੱਠੇ ਜੰਮੇ ਬੰਦੇ ਦਾ ਪਿੱਠ 'ਤੇ ਖੱਬਾ ਪੈਰ ਲੁਆ ਲੈਣਾ। ਖੇਤਾਂ ਵਿੱਚ ਕੰਮ ਕਰਦਿਆਂ ਕਿਸੇ ਦੇ ਹੱਥ-ਪੈਰ 'ਤੇ ਖੁਰਪੇ/ਕਹੀ ਨਾਲ ਜ਼ਖ਼ਮ ਹੋ ਜਾਵੇ ਤਾਂ ਖੂਨ ਬੰਦ ਕਰਨ ਲਈ ਤੁਰੰਤ ਰਾਹਤ (ਫਸਟ ਏਡ) ਵਜੋਂ ਜ਼ਖ਼ਮ 'ਤੇ ਪੇਸ਼ਾਬ ਕਰ ਲੈਣ ਵਾਲਾ ਨੁਸਖ਼ਾ ਬਹੁਤ ਕਾਰਗਰ ਸਿੱਧ ਹੁੰਦਾ ਸੀ।

ਕਿਸੇ ਐਮਰਜੈਂਸੀ ਨਾਲ ਨਜਿੱਠਣ ਲਈ ਅਗਲੇ ਪਿੰਡ ਵਿੱਚ ਪੰਨਾ ਲਾਲ ਹਕੀਮ ਦਾ ਕਲਿਨਿਕ ਵੀ ਸੀ। ਮਰੀਜ਼ ਕਿਸੇ ਵੀ ਮਰਜ਼ ਦਾ ਹੋਵੇ, ਹਕੀਮ ਜੀ ਦਾ ਡਾਇਗਨੋਜ਼ ਕਰਨ ਦਾ ਢੰਗ ਇੱਕੋ ਹੀ ਸੀ। ਮਰੀਜ਼ ਦੀ ਨਬਜ਼ ਦੇਖ ਕੇ ਉਸ ਕਹਿਣਾ, "ਪਿੱਤ ਬਾਏ ਦਾ ਝਗੜੈ ਭਾਈ... ਕੱਲ੍ਹ ਖ਼ਾਲੀ ਪੇਟ ਆਉਣਾ ਸਵੇਰ ਦਾ ਕਰੂਰਾ (ਪੇਸ਼ਾਬ) ਲੈ ਕੇ।" ਅਗਲੇ ਦਿਨ ਉਹਨੇ ਕਰੂਰੇ ਵਾਲੀ ਸ਼ੀਸ਼ੀ ਉਪਰ ਕਰ ਕੇ ਸੂਰਜ ਦੀ ਰੌਸ਼ਨੀ ਵਿੱਚ ਦੇਖ ਕੇ ਕਹਿਣਾ, "ਪਿੱਤੇ 'ਚ ਗਰਮੀ ਐ... ਹੱਡਾਂ 'ਚ ਪਾਣੀ ਵੀ ਐ ਤੇ ਰਗਤ (ਅਲਰਜੀ) ਦੀ ਸ਼ਕੈਤ ਵੀ ਲਗਦੀ... ਇੱਕ ਸਾਤੇ (ਹਫ਼ਤੇ) ਦੀਆਂ ਪੁੜੀਆਂ ਦੇਣ ਲੱਗਾਂ... ਸਵੇਰੇ ਸ਼ਾਮ... ਨੇਮ ਨਾਲ ਲੈਣੀਆਂ ਗੋਕੇ (ਗਾਂ) ਦੁੱਧ ਨਾਲ। ਭੋਲੇ ਨਾਥ ਮਿਹਰ ਕਰਨਗੇ...।"

ਉਸ ਵੇਲੇ ਤੱਕ ਅਲਟਰਾਸਾਊਂਡ, ਸੀਟੀ ਸਕੈਨ, ਐਮਆਰਆਈ, ਇੰਡੋਸਕੋਪੀ ਆਦਿ ਦਾ ਨਾਂ ਕਿਸੇ ਨਹੀਂ ਸੀ ਸੁਣਿਆ। ਵੱਡੇ ਤੋਂ ਵੱਡਾ ਟੈਸਟ ਐਕਸ-ਰੇ ਹੁੰਦਾ ਸੀ, ਉਹ ਵੀ ਸਿਰਫ਼ ਵੱਡੇ ਸ਼ਹਿਰਾਂ ਲੁਧਿਆਣੇ, ਜਲੰਧਰ ਜਾਂ ਅੰਮ੍ਰਿਤਸਰ ਵਿਚ ਕੋਈ ਖਾਸ ਡਾਕਟਰ ਹੀ ਕਰਦਾ ਸੀ। ਡਾਕਟਰ ਜਿਸ ਨੂੰ ਐਕਸ-ਰੇ ਕਰਵਾਉਣ ਦੀ ਸਲਾਹ ਦਿੰਦਾ ਸੀ, ਉਹ ਮਰੀਜ਼ ਅਤੇ ਉਸ ਦੇ ਘਰਵਾਲੇ ਪਹਿਲਾਂ ਹੀ ਰੋਣ ਲੱਗ ਪੈਂਦੇ ਸਨ ਤੇ ਜ਼ਿੰਦਗੀ ਦੀ ਆਸ-ਉਮੀਦ ਛੱਡ ਦਿੰਦੇ ਸਨ। ਬਲੱਡ ਪ੍ਰੈੱਸ਼ਰ, ਸ਼ੂਗਰ, ਟੈਨਸ਼ਨ, ਡਿਪਰੈਸ਼ਨ ਆਦਿ ਕਿਸ ਬਲਾਅ ਦਾ ਨਾਂ ਹੈ, ਪਿੰਡ ਦੇ ਲੋਕਾਂ ਨੂੰ ਨਹੀਂ ਸੀ ਪਤਾ।

ਜੇ ਹਕੀਮ ਜੀ ਦੀਆਂ ਪੁੜੀਆਂ ਕੰਮ ਨਾ ਕਰਨ ਤਾਂ ਸ਼ਹਿਰੋਂ ਡਾਕਟਰ ਮੰਗਵਾਇਆ ਜਾਂਦਾ। ਡਾਕਟਰ ਆਪਣੇ ਰਾਜਦੂਤ ਮੋਟਰਸਾਈਕਲ 'ਤੇ ਆਉਂਦਾ। ਪਿੰਡ ਦੇ ਸਾਰੇ ਨਿਆਣੇ-ਸਿਆਣੇ ਡਾਕਟਰ ਦਾ ਮੋਟਰਸਾਈਕਲ ਦੇਖਣ ਕੋਠਿਆਂ 'ਤੇ ਚੜ੍ਹ ਕੇ ਕਿਸੇ ਮੰਤਰੀ ਦੇ ਆਉਣ ਵਾਂਗ ਡਾਕਟਰ ਨੂੰ ਉਡੀਕਦੇ ਸਨ। ਡਾਕਟਰ ਦੀ ਫੀਸ ਪੰਜ ਰੁਪਏ ਹੁੰਦੀ ਸੀ।

ਮਾਨਵ ਚਕਿਤਸਾ ਤੋਂ ਇਲਾਵਾ ਪਿੰਡ ਦੇ ਲੋਕ ਪਸ਼ੂ ਚਕਿਤਸਾ ਦੇ ਵੀ ਮਾਹਿਰ ਸਨ। ਪਸ਼ੂਆਂ ਦੀਆਂ ਬਿਮਾਰੀਆ ਦੇ ਇਲਾਜ ਲਈ ਵੀ ਉਨ੍ਹਾਂ ਕੋਲ ਨੁਸਖ਼ਿਆਂ ਦੀ ਕੋਈ ਘਾਟ ਨਹੀਂ ਸੀ। ਜ਼ਿਆਦਾ ਹਰਾ ਚਰਨ ਨਾਲ ਜੇ ਪਸ਼ੂਆਂ ਨੂੰ ਬਾਇ-ਬਾਦੀ ਹੋ ਜਾਵੇ ਤਾਂ ਗੁੜ, ਮੇਥੇ ਅਤੇ ਸੋਏ ਦੇ ਕਾੜ੍ਹ ਕੇ ਪਿਲਾਉਣ ਨਾਲ ਰਾਹਤ ਮਿਲ ਜਾਂਦੀ ਸੀ। ਸਰਦੀਆਂ ਵਿੱਚ ਪਸ਼ੂਆਂ ਦਾ ਦੁੱਧ ਘਟ ਜਾਣਾ ਤਾਂ ਕਣਕ ਦਾ ਦਲੀਆ ਜਾਂ ਵੜੇਵੇਂ ਉਬਾਲ ਕੇ ਨਾਲ ਗੁੜ ਦੇਣ ਨਾਲ ਦੁੱਧ ਵਧ ਜਾਂਦਾ। ਜੀਰਨ (ਜਿਗਰ ਦੀ ਗਰਮੀ) ਦੀ ਵਜ੍ਹਾ ਕਰ ਕੇ ਜੇ ਪਸ਼ੂ ਪੱਠੇ ਨਾ ਖਾਵੇ ਤਾਂ ਸੌਂਫ਼, ਬੜੀ ਇਲਾਇਚੀ ਕੁੱਟ ਕੇ ਵਿੱਚ ਚੀਨੀ ਮਿਲਾ ਕੇ ਚਾਰ ਦੇਣਾ। ਖੁਰਾਂ ਦੀ ਬਿਮਾਰੀ ਹੋਵੇ ਤਾਂ ਜ਼ਮੀਨ ਅਤੇ ਦਰਵਾਜ਼ੇ ਅੱਗੇ ਚੂਨਾ ਖਿਲਾਰ ਦੇਣਾ। ਥਣ ਫਟ ਜਾਣ ਤਾਂ ਦੇਸੀ ਘਿਓ ਲਗਾ ਦੇਣਾ।

ਤਕਤ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ ਤੇ ਬਦਲਦਾ ਰਹੇਗਾ। ਨੁਸਖ਼ੇ ਦੱਸਣ ਅਤੇ ਵਰਤਣ ਵਾਲੇ ਸਭ ਸਮੇਂ ਦਾ ਖਾਜਾ ਬਣ ਚੁੱਕੇ ਹਨ। ਹੁਣ ਤਾਂ ਪਿੰਡ ਦਾ ਹਰ ਬੰਦਾ ਯੂਟਿਊਬ ਦੇਖ-ਦੇਖ ਕੇ ਡਾਕਟਰ ਬਣੀ ਫਿਰਦਾ ਹੈ। ਸਮੇਂ ਦੀ ਰਫ਼ਤਾਰ ਅਤੇ ਪੰਛੀਆਂ ਦੀ ਪਰਵਾਜ਼ ਨੂੰ ਕੌਣ ਰੋਕੇ...?

# ਬਰਕਤਾਂ

**ਵਲੋਂ : ਜਗਦੀਸ਼ ਕੌਰ ਮਾਨ, ਸੰਪਰਕ:** 78146-98117



ਉਹ ਮੇਰੇ ਖਾਵੰਦ ਦੇ ਕੁਲੀਗ ਸਨ, ਦੋਵੇਂ ਦੋਸਤ ਵੀ ਸਨ। ਇਕ ਦੂਜੇ ਦੇ ਦੁਖ ਸੁਖ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਵਾਲੇ। ਦੋਹਾਂ ਵਿੱਚੋਂ ਕੋਈ ਕਿਸੇ ਦੇ ਪੈਰ ਵਿਚ ਕੰਡਾ ਲੱਗਿਆ ਵੀ ਸੁਣ ਲੈਂਦਾ ਤਾਂ ਪਹੁੰਚਣ ਲੱਗਿਆਂ ਮਿੰਟ ਵੀ ਨਾ ਲਾਉਂਦਾ। ਸਾਡੇ ਦੋਹਾਂ ਪਰਿਵਾਰਾਂ ਦੇ ਘਰੀਂ ਪੁੱਤਰਾਂ ਦੇ ਵਿਆਹ ਦੇ ਦਿਨ ਧਰੇ ਹੋਏ ਸਨ। ਉਨ੍ਹਾਂ ਦੀ ਬਰਾਤ 26 ਜਨਵਰੀ ਅਤੇ ਸਾਡੇ ਪੁੱਤਰ ਦੀ 29 ਜਨਵਰੀ ਦੀ ਸੀ। ਦੋਹੀਂ ਘਰੀਂ ਵਿਆਹ ਦੀ ਦੌੜ ਭੱਜ ਕਾਰਨ ਅਸੀਂ ਇਕ ਦੂਜੇ ਦੇ ਸ਼ਗਨਾਂ ਵਿੱਚ ਸ਼ਾਮਲ ਨਹੀਂ ਸਾਂ ਹੋ ਸਕੇ। ਵਿਆਹ ਸੁੱਖ ਸਬੀਲੀ ਨਾਲ ਹੋ ਗਏ। ਸਜ ਵਿਆਹੀਆਂ ਵਹੁਟੀਆਂ ਦੀਆਂ ਝਾਂਜਰਾਂ ਦੇ ਛਣਕਾਟਿਆਂ ਨੇ ਦੋਹਾਂ ਘਰਾਂ ਦੀਆਂ ਰੌਣਕਾਂ ਤੇ ਖੁਸ਼ੀਆਂ ਵਧਾ ਦਿੱਤੀਆਂ ਸਨ।

ਇੱਕ ਦਿਨ ਅਸੀਂ ਸਲਾਹ ਬਣਾਈ ਕਿ ਉਨ੍ਹਾਂ ਦੇ ਘਰ ਜਾ ਆਈਏ, ਨਾਲੇ ਵਹੁਟੀ ਦੇ ਮੂੰਹ ਦਿਖਾਲੀ ਦਾ ਸ਼ਗਨ ਦੇ ਆਵਾਂਗੇ। ਮੈਂ ਉਨ੍ਹਾਂ ਦੇ ਘਰ ਪਹਿਲੀ ਵਾਰ ਗਈ ਸਾਂ। ਪਹਿਲਾਂ ਤਾਂ ਘਰ ਨੂੰ ਜਾਂਦੀ ਪਹੀ ਦੇ ਸ਼ੁਰੂ ਵਿਚ ਹੀ 'ਫਾਰਮ ਹਾਊਸ' ਦੇ ਚਮਕਦਾਰ ਅੱਖਰਾਂ ਵਿਚ ਲਿਖੇ ਬੋਰਡ ਨੇ ਸਵਾਗਤ ਕੀਤਾ। ਖੇਤਾਂ ਵਿਚ ਲਹਿ-ਲਹਾਉਂਦੀਆਂ ਫਸਲਾਂ ਦੇਖ ਕੇ ਰੂਹ ਸਰਸ਼ਾਰ ਹੋ ਗਈ। ਹਰੀ ਕਚੂਰ ਕਣਕ ਅਤੇ ਵੱਟਾਂ 'ਤੇ ਨਿਸਰੀ ਖੜ੍ਹੀ ਸਰ੍ਹੋਂ ਰਾਹੀਆਂ ਨੂੰ ਸੈਨਤਾਂ ਮਾਰ ਰਹੀ ਸੀ। ਕਣਕ ਦਾ ਖੇਤ ਪਾਰ ਕੀਤਾ ਤਾਂ ਅੱਗੇ ਖੁਸ਼ਬੂਆਂ ਵੰਡਦੇ ਹਲਕੇ ਗੁਲਾਬੀ ਰੰਗ ਦੇ ਫੁੱਲਾਂ ਨਾਲ ਲੱਦਿਆ ਆਲੂਆਂ ਦਾ ਖੇਤ ਬਿੰਦ ਝੱਟ ਪੈਰ ਮਲ ਕੇ ਮਨਮੋਹਕ ਨਜ਼ਾਰਾ ਲੈਣ ਲਈ ਰੁਕਣ ਦਾ ਇਸ਼ਾਰਾ ਕਰ ਰਿਹਾ ਜਾਪਦਾ ਸੀ। ਖੇਤਾਂ ਦੇ ਚਾਰੇ ਪਾਸੇ ਥੋੜ੍ਹੀ-ਥੋੜ੍ਹੀ ਵਿੱਥ ਰੱਖ ਕੇ ਬੋਗਨਵਿਲੀਆ ਦੀਆਂ ਵੇਲਾਂ ਲਾਈਆਂ ਹੋਈਆਂ ਸਨ ਜਿਨ੍ਹਾਂ ਦੇ ਰੰਗ ਬਿਰੰਗੇ ਫੁੱਲਾਂ ਦੇ ਗੁੱਛੇ ਇਉਂ ਲਗਦੇ ਸਨ ਜਿਵੇਂ ਕਾਦਰ ਆਪਣੀ ਕੁਦਰਤ ਰਾਣੀ ਧੀ ਵਾਸਤੇ ਬਸੰਤ ਪੰਚਮੀ ਦਾ ਸਿੰਧਾਰਾ ਪਹਿਲਾਂ ਹੀ ਦੇ ਗਿਆ ਹੋਵੇ। ਅਗਾਂਹ ਘਰ ਸੀ। ਖੇਤ ਵਿਚ ਹੀ ਵੱਡਾ ਸਾਰਾ ਵਾਗਲਾ ਮਾਰ ਕੇ ਉਸਾਰਿਆ ਬਹੁਤ ਖੂਬਸੂਰਤ ਘਰ; ਵਿਚਾਲੇ ਛੋਟੀ-ਛੋਟੀ ਕੰਧ ਕੱਢ ਕੇ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਅੱਧੇ ਹਿੱਸੇ ਵਿੱਚ ਉਸ ਪਰਿਵਾਰ ਦੀ ਰਿਹਾਇਸ਼ ਸੀ, ਦੂਜੇ ਪਾਸੇ ਦੇ ਅੱਧੇ ਹਿੱਸੇ ਵਿੱਚ ਇਕ ਕਮਰਾ ਪਸ਼ੂ ਬੰਨ੍ਹਣ ਵਾਸਤੇ ਤੇ ਦੂਜਾ ਵੱਡਾ ਕਮਰਾ ਤੂੜੀ ਤੰਦ ਸਾਂਭਣ ਵਾਸਤੇ ਸੀ। ਅੱਗੇ ਛੱਡੀ ਹੋਈ ਖੁੱਲ੍ਹੀ ਡੌੜ ਥਾਂ ਵਿਚ ਟਰੈਕਟਰ, ਟਰਾਲੀ ਤੇ ਖੇਤੀਬਾੜੀ ਨਾਲ ਸਬੰਧਿਤ ਹੋਰ ਸੰਦ ਪਏ ਸਨ। ਦੋਹਾਂ ਕਮਰਿਆਂ ਅੱਗੇ ਬਣੇ ਵਰਾਂਡੇ ਵਿਚ ਲੰਮੀ ਸਾਰੀ ਖੁਰਲੀ ਮੂਹਰੇ ਦਸ ਬਾਰਾਂ ਸੋਹਣੀਆਂ ਤੇ ਸਿਹਤਮੰਦ ਲਿਸ਼ਕਵੇਂ ਪਿੰਡੇ ਵਾਲੀਆਂ ਮੱਝਾਂ ਇਕੋ ਕਤਾਰ ਵਿਚ ਖੜ੍ਹੀਆਂ ਦੇਖ ਕੇ ਰੂਹ ਨਸ਼ਿਆ ਗਈ। ਚਿਰਾਂ ਤੋਂ ਸ਼ਹਿਰ ਵਿੱਚ ਰਹਿੰਦੀ ਮੈਂ ਤਾਂ ਇਹੋ ਜਿਹਾ ਨਜ਼ਾਰਾ ਦੇਖਣ ਨੂੰ ਤਰਸੀ ਪਈ ਸਾਂ।

ਸਾਨੂੰ ਦੇਖ ਕੇ ਉਨ੍ਹਾਂ ਦੋਹਾਂ ਜੀਆਂ ਦਾ ਚਾਅ ਚੁੱਕਿਆ ਨਹੀਂ ਸੀ ਜਾ ਰਿਹਾ। ਅਸੀਂ ਬਥੇਰਾ ਕਿਹਾ ਕਿ ਸਾਡੇ ਘਰ ਵੀ ਵਿਆਹ ਦਾ ਖਿਲਾਰਾ ਅਜੇ ਉਵੇਂ ਜਿਵੇਂ ਹੀ ਸਾਂਭਣ ਵਾਲਾ ਪਿਆ ਹੈ, ਘਰੇ ਸੌ ਕੰਮ ਪਏ ਨੇ ਕਰਨ ਵਾਲੇ, ਅਸੀਂ ਬੱਸ ਥੋੜ੍ਹਾ ਸਮਾਂ ਹੀ ਰੁਕਣਾ ਹੈ, ਇਸ ਲਈ ਚਾਹ ਪਾਣੀ ਦੀ ਖੇਚਲ ਨਾ ਹੀ ਕਰੋ ਤਾਂ ਚੰਗਾ ਹੋਵੇਗਾ ਪਰ ਉਹ ਕਿੱਥੇ ਮੰਨਣ ਵਾਲੇ ਸਨ! ਵਧੀਆ ਚਾਹ ਪਾਣੀ ਪਿਲਾਇਆ। ਵਿਆਹ ਮੰਗਣੇ ਦੀ ਚਿਪ ਦਿਖਾਈ। ਜਾਪਦਾ ਸੀ, ਉਹ ਪੁੱਤਰ ਦੇ ਵਿਆਹ ਦੀ ਮੂਵੀ ਗੱਲਾਂਬਾਤਾਂ ਰਾਹੀਂ ਮੂੰਹ ਜ਼ੁਬਾਨੀ ਹੀ ਦਿਖਾ ਦੇਣਗੇ; ਮਤਲਬ, ਸਾਡੇ ਨਾਲ ਵਿਆਹ ਦੀਆਂ ਗੱਲਾਂ ਕਰਨਗੇ ਪਰ ਉਨ੍ਹਾਂ ਵਿਆਹ ਦੀਆਂ ਦੋ ਚਾਰ ਮੋਟੀਆਂ-ਮੋਟੀਆਂ ਗੱਲਾਂ ਦੱਸ ਕੇ ਸਾਡੇ ਨਾਲ ਘਰੇਲੂ ਗੱਲਾਂ ਛੋਹ ਲਈਆਂ, "ਆਹ ਜੀ ਜਿਹੜੀਆਂ ਲਵੇਰੀਆਂ ਤੁਸੀਂ ਕਿੱਲਿਆਂ 'ਤੇ ਖੜ੍ਹੀਆਂ ਦੇਖ ਰਹੇ ਹੋ ਨਾ, ਇਹ ਸਾਰੀ ਹਿੰਮਤ ਤੇ ਮਿਹਨਤ ਇਹਦੀ ਐ।" ਉਹ ਪਤਨੀ ਵੱਲ ਇਸ਼ਾਰਾ ਕਰਦਾ ਬੋਲਿਆ, "ਇਹ ਤਾਂ ਜੀ ਕੋਈ ਭਾਗਾਂ ਵਾਲਾ ਜੀਅ ਹੈ, ਜਦੋਂ ਦਾ ਇਹਦਾ ਇਸ ਘਰ ਵਿਚ ਪੈਰ ਪਿਐ, ਲਹਿਰਾਂ ਬਹਿਰਾਂ ਹੋ ਗਈਆਂ... ਇਹਦੇ ਸਿਰ 'ਤੇ ਭੋਰਾ ਫ਼ਿਕਰ ਨਹੀਂ, ਨਾ ਹੀ ਕਦੇ ਮਲਾਲ ਹੋਇਆ ਕਿ ਨੌਕਰੀਯਾਫ਼ਤਾ ਬੀਵੀ ਨਹੀਂ ਮਿਲੀ। ਖੁੱਲ੍ਹਾ ਵਰਤਣ ਜੋਗਾ ਦੁੱਧ ਘਰੇ ਰੱਖ ਕੇ ਬਾਕੀ ਦਾ ਦੁੱਧ ਅਸੀਂ ਡੇਅਰੀ ਪਾ ਆਈਦੈ। ਬੱਚੇ ਪੜ੍ਹ ਲਿਖ ਗਏ, ਨੌਕਰੀਆਂ 'ਤੇ ਲੱਗ ਗਏ।" ਸਵਾਦਲੀ ਚਾਹ ਦੀ ਘੁੱਟ ਭਰ ਕੇ ਉਹ ਮੁਸਕਰਾਇਆ, "ਹਰ ਮਹੀਨੇ ਹਿਸਾਬ ਕਰ ਕੇ ਦੇਖਦਾਂ, ਇਹ ਆਪਣੀ ਮਿਹਨਤ ਨਾਲ ਸਾਰੇ ਖਰਚੇ ਵਰਚੇ ਕੱਢ ਕੇ ਮੇਰੀ ਤਨਖਾਹ ਨਾਲੋਂ ਵੱਧ ਕਮਾ ਲੈਂਦੀ।"

ਚਾਹ ਦਾ ਖਾਲੀ ਕੱਪ ਮੇਜ਼ 'ਤੇ ਰੱਖ ਕੇ ਉਹ ਫਿਰ ਸ਼ੁਰੂ ਹੋ ਗਿਆ, "ਮੇਰੇ ਪਿਤਾ ਜੀ ਲੰਮਾ ਸਮਾਂ ਬਿਮਾਰ ਰਹੇ, ਥੋੜ੍ਹਾ ਸਮਾਂ ਪਹਿਲਾਂ ਹੀ ਪੂਰੇ ਹੋਏ ਆ, ਉਨ੍ਹਾਂ ਨੂੰ ਤਾਂ ਆਪਣੀਆਂ ਨਿੱਜੀ ਕਿਰਿਆਵਾਂ ਸੋਧਣ ਵਾਸਤੇ ਵੀ ਕਿਸੇ ਹੋਰ ਬੰਦੇ ਦੀ ਮਦਦ ਲੈਣੀ ਪੈਂਦੀ ਸੀ... ਇਸ ਰੱਬ ਦੀ ਬੰਦੀ ਨੇ ਪਤਾ ਨਹੀਂ ਕਿਵੇਂ ਸਾਰਾ ਪ੍ਰਬੰਧ ਸੰਭਾਲਿਆ ਹੋਇਆ ਸੀ। ਪਿਤਾ ਜੀ ਦੀ ਏਨੀ ਸੇਵਾ ਕੀਤੀ ਕਿ ਸਾਰਾ ਸ਼ਰੀਕਾ ਕਬੀਲਾ ਤੇ ਰਿਸ਼ਤੇਦਾਰ ਅਸ਼-ਅਸ਼ ਕਰ ਉਠੇ। ਮੇਰੀ ਸਫਲਤਾ ਦਾ ਰਾਜ਼ ਤਾਂ ਜੀ... ਇਹੀ ਆ।" ਧਰਤੀ 'ਤੇ ਉਸਰੇ ਸਵਰਗ ਨੂੰ ਰੂਹਾਨੀ ਨਜ਼ਰਾਂ ਨਾਲ ਨਿਹਾਰਦਾ ਹੋਇਆ ਉਹ ਖੁਸ਼ੀ ਨਾਲ ਗੜੂੰਦ ਹੋ ਰਿਹਾ ਸੀ।

ਮੈਂ ਉਹਦੀ ਪਤਨੀ ਦੇ ਹਾਵ-ਭਾਵ ਜਾਣਨ ਲਈ ਉਹਦੇ ਚਿਹਰੇ ਵੱਲ ਧਿਆਨ ਨਾਲ ਦੇਖਿਆ। ਉਥੇ ਖੁਸ਼ੀ ਤੇ ਸੰਤੁਸ਼ਟੀ ਦਾ ਨਿਰਮਲ ਚਸ਼ਮਾ ਵਹਿ ਰਿਹਾ ਸੀ। ਮਨ ਵਿੱਚ ਵਿਚਾਰ ਆਇਆ- 'ਇਸ ਆਦਮੀ ਦੇ ਦਿਲ ਵਿਚ ਪਤਨੀ ਵਾਸਤੇ ਕਿੰਨਾ ਪਿਆਰ ਤੇ ਸਤਿਕਾਰ ਹੈ... ਉਹਦੀ ਮਿਹਨਤ ਨੂੰ ਕਿਵੇਂ ਵਡਿਆ ਰਿਹੈ... ਨਹੀਂ ਤਾਂ ਦੁਨੀਆ ਵਿੱਚ ਬਥੇਰੇ ਅਜਿਹੇ ਆਦਮੀ ਹਨ ਜਿਨ੍ਹਾਂ ਨੂੰ ਤੌਖਲਾ ਲੱਗਾ ਰਹਿੰਦੈ ਕਿ ਔਰਤ ਦੀ ਵਡਿਆਈ ਕੀਤਿਆਂ ਕਿਤੇ ਲੋਕ ਉਸ ਨੂੰ 'ਜ਼ੋਰੂ ਦਾ ਗੁਲਾਮ' ਨਾ ਸਮਝਣ ਲੱਗ ਪੈਣ ਸਗੋਂ ਕਈ ਆਦਮੀ ਤਾਂ ਤੀਵੀਂ ਨੂੰ ਜੁੱਤੀ ਥੱਲੇ ਰੱਖਣ ਅਤੇ ਆਪਣੀ ਮਰਦਾਨਗੀ ਦਾ ਕਿਲਾ ਮਜ਼ਬੂਤ ਕਰਨ ਲਈ ਉਸ ਦੁਆਰਾ ਕੀਤੇ ਕੰਮਾਂ ਵਿੱਚ ਐਵੇਂ ਕੀੜੇ ਕੱਢਦੇ ਰਹਿੰਦੇ ਹਨ। ਉਨ੍ਹਾਂ ਨੂੰ ਚੇਤਾ ਹੀ ਭੁੱਲ ਜਾਂਦੈ ਕਿ ਬਿਨਾਂ ਉਜਰਤ ਲਏ ਘਰ ਦੀ ਸੁਆਣੀ ਦੀ ਮਿਹਨਤ ਅਤੇ ਹਿੰਮਤ ਵਾਸਤੇ ਉਹਨੂੰ ਸ਼ਾਬਾਸ਼ ਦੇਣਾ ਉਸ ਵਾਸਤੇ ਮਾਨਸਿਕ ਖੁਰਾਕੀ ਤੱਤ ਦੇਣ ਦੇ ਬਰਾਬਰ ਹੁੰਦਾ ਹੈ ਤੇ ਉਹਨੂੰ ਹੋਰ ਊਰਜਾਵਾਨ ਬਣਾਉਣ ਲਈ ਇਹ ਤੱਤ ਹਰ ਔਰਤ ਦੀ ਜ਼ਰੂਰਤ ਹੁੰਦੀ ਹੈ।

ਸੋਚ ਰਹੀ ਸਾਂ- 'ਔਰਤਾਂ ਨਾਲ ਹੀ ਘਰਾਂ ਵਿੱਚ ਰੌਣਕਾਂ ਤੇ ਬਰਕਤਾਂ ਹੁੰਦੀਆਂ।'

# ਤਿੰਨ ਭਾਸ਼ਾਈ ਫਾਰਮੂਲੇ ਦਾ ਕੱਚ-ਸੱਚ

**ਵਲੋਂ : ਕੁਲਵੰਤ ਰਿਖੀ**
**ਸੰਪਰਕ:** 81463-44112




ਤਾਮਿਲਨਾਡੂ ਅਤੇ ਕੇਂਦਰ ਸਰਕਾਰ ਵਿੱਚ ਹਿੰਦੀ ਭਾਸ਼ਾ ਦੇ ਮਸਲੇ ਨੂੰ ਲੈ ਕੇ ਵਿਵਾਦ ਛਿੜਿਆ ਹੋਇਆ ਹੈ। ਤਾਮਿਲਨਾਡੂ ਸਰਕਾਰ ਵੱਲੋਂ ਕੌਮੀ ਸਿੱਖਿਆ ਨੀਤੀ ਨੂੰ ਇੰਨ ਬਿੰਨ ਨਾ ਮੰਨਣ ਕਰ ਕੇ ਕੇਂਦਰ ਸਰਕਾਰ ਨੇ ਸਮੱਗਰ ਸਿੱਖਿਆ ਅਭਿਆਨ ਤਹਿਤ ਦਿੱਤੇ ਜਾਣ ਵਾਲੇ 2152 ਕਰੋੜ ਰੁਪਏ ਰੋਕ ਲਏ ਹਨ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਸਾਫ਼ ਕਹਿ ਦਿੱਤਾ ਹੈ ਕਿ ਇਹ ਫੰਡ ਤਾਂ ਹੀ ਦਿੱਤੇ ਜਾਣਗੇ, ਜੇ ਰਾਜ ਵਿੱਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਜਾਵੇਗਾ। ਦੂਜੇ ਪਾਸੇ, ਮੁੱਖ ਮੰਤਰੀ ਐੱਮਕੇ ਸਟਾਲਿਨ ਨੇ ਕਿਹਾ ਹੈ ਕਿ ਸਰਕਾਰ ਭਾਵੇਂ 10000 ਕਰੋੜ ਰੁਪਏ ਵੀ ਕਿਉਂ ਨਾ ਦੇਵੇ, ਤਿੰਨ ਭਾਸ਼ਾਈ ਫਾਰਮੂਲਾ ਲਾਗੂ ਨਹੀਂ ਕਰਾਂਗੇ।

ਤਾਮਿਲਨਾਡੂ ਰਾਜ ਵਾਲਾ ਖੇਤਰ ਆਜ਼ਾਦੀ ਵੇਲੇ ਮਦਰਾਸ ਪ੍ਰੈਜ਼ੀਡੈਂਸੀ ਦਾ ਹਿੱਸਾ ਸੀ ਜੋ ਆਜ਼ਾਦੀ ਮਗਰੋਂ ਮਦਰਾਸ ਰਾਜ ਬਣ ਗਿਆ। ਆਪਣੀ ਬੋਲੀ ਅਤੇ ਸੱਭਿਆਚਾਰ ਪ੍ਰਤੀ ਚੇਤਨਾ ਕਾਰਨ ਹੀ ਤਾਮਿਲ ਭਾਸ਼ਾਈ ਖੇਤਰ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਇਸ ਦਾ ਨਾਂ ਤਾਮਿਲਨਾਡੂ ਰੱਖਣ ਦੀ ਮੰਗ ਕੀਤੀ। ਅਣਗੌਲੇ ਕਰਨ ਦੇ ਪ੍ਰਤੀਕਰਮ ਵਜੋਂ ਇਹ ਮੰਗ ਮਰਨ ਵਰਤ ਦਾ ਰੂਪ ਧਾਰਨ ਕਰ ਗਈ ਤਾਂ ਆਖ਼ਿਰ 18 ਜੁਲਾਈ 1967 ਨੂੰ ਇਸ ਦਾ ਨਾਂ ਬਦਲ ਕੇ ਤਾਮਿਲਨਾਡੂ ਰੱਖਿਆ ਗਿਆ।

ਇਸ ਰਾਜ ਦੀ ਸਿੱਖਿਆ ਪ੍ਰਣਾਲੀ ਵਿੱਚ ਸ਼ੁਰੂ ਤੋਂ ਹੀ ਤਾਮਿਲ ਅਤੇ ਅੰਗਰੇਜ਼ੀ ਵਾਲਾ ਦੋ ਭਾਸ਼ਾਈ ਫਾਰਮੂਲਾ ਲਾਗੂ ਹੈ। ਸਿੱਖਿਆ ਦਾ ਪੱਧਰ ਹਰ ਪੱਖੋਂ ਹੀ ਦੇਸ਼ ਦੇ ਦੂਜੇ ਬਹੁਤੇ ਰਾਜਾਂ ਨਾਲੋਂ ਬਿਹਤਰ ਹੈ। ਹਿੰਦੀ ਨੂੰ ਤੀਜੀ ਭਾਸ਼ਾ ਵਜੋਂ ਜ਼ਬਰਦਸਤੀ ਲਾਗੂ ਕਰਨ ਦਾ ਤਾਮਿਲ ਲੋਕ ਮੁੱਢ ਤੋਂ ਹੀ ਵਿਰੋਧ ਕਰ ਰਹੇ ਹਨ। ਜਦੋਂ 1937 ਵਿੱਚ ਸੀ ਰਾਜਗੋਪਾਲਚਾਰੀ ਦੀ ਸਰਕਾਰ ਨੇ ਮਦਰਾਸ ਪ੍ਰੈਜ਼ੀਡੈਂਸੀ ਦੇ ਸੈਕੰਡਰੀ ਸਕੂਲਾਂ ਵਿੱਚ ਹਿੰਦੀ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰ ਦਿੱਤੀ ਸੀ ਤਾਂ 'ਜਸਟਿਸ ਪਾਰਟੀ' ਨੇ ਜ਼ਬਰਦਸਤ ਵਿਰੋਧ ਕੀਤਾ ਸੀ ਅਤੇ ਵੱਡਾ ਸੰਘਰਸ਼ ਸ਼ੁਰੂ ਹੋ ਗਿਆ। ਦੋ ਨੌਜਵਾਨ ਥਲਮੁਥੂ ਅਤੇ ਨਟਾਰਜਨ ਇਸ ਸੰਘਰਸ਼ ਵਿੱਚ ਮਾਰੇ ਗਏ। ਸਿੱਟੇ ਵਜੋਂ ਰਾਜਗੋਪਾਲਚਾਰੀ ਸਰਕਾਰ ਨੂੰ ਅਸਤੀਫਾ ਦੇਣਾ ਪਿਆ ਅਤੇ ਬਰਤਾਨਵੀ ਸਰਕਾਰ ਨੇ ਹਿੰਦੀ ਲਾਗੂ ਕਰਨ ਦਾ ਫੈਸਲਾ ਵਾਪਸ ਲੈ ਲਿਆ।

ਕੇਂਦਰੀ ਸਿੱਖਿਆ ਮੰਤਰੀ ਕਹਿ ਰਹੇ ਹਨ ਕਿ ਤਾਮਿਲਨਾਡੂ ਸਰਕਾਰ ਨੂੰ ਸੰਵਿਧਾਨ ਅਨੁਸਾਰ ਚੱਲਣਾ ਚਾਹੀਦਾ ਹੈ। ਭਾਰਤ ਦਾ ਸੰਵਿਧਾਨ ਲਾਗੂ ਕਰਨ ਵੇਲੇ ਦਫ਼ਤਰੀ ਕੰਮ ਕਾਰ ਦੀ ਭਾਸ਼ਾ ਅੰਗਰੇਜ਼ੀ ਸੀ। ਉਸ ਵੇਲੇ ਇਹ ਤੈਅ ਕੀਤਾ ਗਿਆ ਸੀ ਕਿ ਸੰਵਿਧਾਨ ਲਾਗੂ ਹੋਣ ਤੋਂ ਬਾਅਦ 15 ਸਾਲ ਤੱਕ ਅੰਗਰੇਜ਼ੀ ਭਾਸ਼ਾ ਵਿੱਚ ਕੰਮ ਕਾਰ ਹੋਵੇਗਾ; ਦੂਜੇ ਪਾਸੇ, ਦਫ਼ਤਰੀ ਭਾਸ਼ਾ ਕਾਨੂੰਨ-1963 ਅਨੁਸਾਰ ਇਹ ਕਿਹਾ ਗਿਆ ਕਿ ਹਿੰਦੀ ਦੇ ਨਾਲ-ਨਾਲ ਅੰਗਰੇਜ਼ੀ ਨੂੰ ਵੀ ਦਫ਼ਤਰੀ ਕੰਮਾਂ ਕਾਰਾਂ ਲਈ ਬਿਨਾਂ ਕਿਸੇ ਸਮੇਂ ਦੀ ਹੱਦ ਤੋਂ ਚਾਲੂ ਰੱਖਿਆ ਜਾਵੇਗਾ। ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਰਾਜ ਦੀ ਭਾਸ਼ਾ ਜਾਂ ਹਿੰਦੀ ਨੂੰ ਵਰਤਿਆ ਜਾ ਸਕੇਗਾ।

ਇਸੇ ਤਹਿਤ 1965 ਵਿੱਚ ਜਦੋਂ ਕੇਂਦਰੀ ਸਰਕਾਰ ਨੇ ਹਿੰਦੀ ਨੂੰ ਇੱਕੋ-ਇੱਕ ਦਫ਼ਤਰੀ ਭਾਸ਼ਾ ਵਜੋਂ ਲਾਗੂ ਕਰਨਾ ਚਾਹਿਆ ਤਾਂ ਮੌਜੂਦਾ ਤਾਮਿਲਨਾਡੂ ਵਿੱਚ ਹਿੰਸਾ ਫੈਲ ਗਈ। ਇਸ ਵਿੱਚ ਪੁਲੀਸ ਦੀਆਂ ਗੋਲੀਆਂ ਅਤੇ ਅੱਗ ਲਾ ਕੇ ਸਵੈ-ਘਾਤ ਦੀਆਂ ਘਟਨਾਵਾਂ ਵਿੱਚ 70 ਲੋਕ ਮਾਰੇ ਗਏ। ਜਦੋਂ 1967 ਵਿੱਚ ਦਫ਼ਤਰੀ ਭਾਸ਼ਾ ਸੋਧ ਬਿਲ ਸੰਸਦ ਵਿੱਚ ਲਿਆਂਦਾ ਗਿਆ ਤਾਂ ਫਿਰ ਤੋਂ ਸੰਘਰਸ਼ ਚੱਲ ਪਿਆ। ਦਫ਼ਤਰੀ ਭਾਸ਼ਾ ਮਤਾ 1968 ਵਿੱਚ ਤ੍ਰੈ-ਭਾਸ਼ਾਈ ਫਾਰਮੂਲੇ ਅਨੁਸਾਰ ਹਿੰਦੀ ਲਾਜ਼ਮੀ ਭਾਸ਼ਾ ਕਰਾਰ ਦਿੱਤੀ ਗਈ ਸੀ। ਮਦਰਾਸ ਅਸੈਂਬਲੀ ਨੇ ਤਿੰਨ ਭਾਸ਼ਾਈ ਫਾਰਮੂਲਾ ਰੱਦ ਕਰਨ ਅਤੇ ਹਿੰਦੀ ਨੂੰ ਤਾਮਿਲਨਾਡੂ ਦੇ ਪਾਠਕ੍ਰਮ ਵਿੱਚੋਂ ਕੱਢਣ ਦਾ ਮਤਾ ਪਾਸ ਕੀਤਾ। ਕੇਂਦਰੀ ਸਰਕਾਰ ਨੇ ਉਸੇ ਵੇਲੇ ਤਾਮਿਲ ਅਤੇ ਅੰਗਰੇਜ਼ੀ ਵਾਲੀ ਦੋ ਭਾਸ਼ਾਈ ਨੀਤੀ ਮੰਨ ਲਈ। ਰਾਜ ਸਰਕਾਰ ਨੇ 2019 ਵਿੱਚ ਦੁਬਾਰਾ ਕਸਤੂਰੀਰੰਗਨ ਕਮੇਟੀ ਦਾ ਲਾਜ਼ਮੀ ਹਿੰਦੀ ਵਾਲਾ ਨੁਕਤਾ ਕੌਮੀ ਸਿੱਖਿਆ ਨੀਤੀ ਦੇ ਖਰੜੇ 'ਚੋਂ ਬਾਹਰ ਕਢਵਾਇਆ।

ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਕੌਮੀ ਸਿੱਖਿਆ ਨੀਤੀ-2020 ਵਿੱਚ ਹਿੰਦੀ ਨੂੰ ਜ਼ਬਰਦਸਤੀ ਲਾਗੂ ਕਰਨ ਦਾ ਕੋਈ ਪ੍ਰਸਤਾਵ ਨਹੀਂ ਹੈ। ਸਰਸਰੀ ਨਜ਼ਰ ਮਾਰੀਏ ਤਾਂ ਲਗਦਾ ਹੈ ਕਿ ਇਹ ਨੀਤੀ 1968 ਵਾਲੀ ਕੌਮੀ ਸਿੱਖਿਆ ਨੀਤੀ ਦੇ ਮੁਕਾਬਲੇ ਠੀਕ ਹੈ, ਉਸ ਵਿੱਚ ਹਿੰਦੀ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਦੀ ਗੱਲ ਕੀਤੀ ਗਈ ਸੀ। ਸਿੱਖਿਆ ਨੀਤੀ-2020 ਵਿੱਚ ਕਿਹਾ ਗਿਆ ਹੈ ਕਿ ਤਿੰਨ ਭਾਸ਼ਾਈ ਫਾਰਮੂਲੇ ਵਿੱਚ ਹਿੰਦੀ ਜ਼ਰੂਰੀ ਨਹੀਂ; ਤੀਜੀ ਭਾਸ਼ਾ ਕਿਹੜੀ ਹੋਵੇ, ਇਹ ਰਾਜ, ਖੇਤਰ ਜਾਂ ਵਿਦਿਆਰਥੀਆਂ ਦੀ ਚੋਣ 'ਤੇ ਨਿਰਭਰ ਕਰੇਗਾ ਪਰ ਸਿੱਖੀਆਂ ਜਾਣ ਵਾਲੀਆਂ ਦੋ ਭਾਸ਼ਾਵਾਂ ਭਾਰਤੀ ਹੋਣੀਆਂ ਜ਼ਰੂਰੀ ਹਨ। ਨਾਲ ਹੀ ਤੀਜੀ ਭਾਸ਼ਾ ਵਜੋਂ ਇੱਕ ਚੋਣ ਸੰਸਕ੍ਰਿਤ ਵੀ ਰੱਖੀ ਗਈ ਹੈ। ਤਿੰਨ ਭਾਸ਼ਾਈ ਫਾਰਮੂਲਾ ਜਿਨ੍ਹਾਂ ਰਾਜਾਂ ਵਿੱਚ ਲਾਗੂ ਹੈ, ਉੱਥੇ ਨਜ਼ਰ ਮਾਰੀਏ ਤਾਂ ਸਾਫ਼ ਪਤਾ ਲਗਦਾ ਹੈ ਕਿ ਤਰਜੀਹ ਹਿੰਦੀ ਅਤੇ ਸੰਸਕ੍ਰਿਤ ਨੂੰ ਹੀ ਦਿੱਤੀ ਗਈ ਹੈ।

ਕੌਮੀ ਸਿੱਖਿਆ ਨੀਤੀ ਵਿੱਚ ਭਾਵੇਂ ਕਿਹਾ ਗਿਆ ਹੈ ਕਿ ਖੇਤਰੀ ਭਾਸ਼ਾਵਾਂ ਦੇ ਵਿਕਾਸ ਲਈ ਯਤਨ ਕੀਤੇ ਜਾਣਗੇ ਪਰ ਕੇਂਦਰੀ ਵਿਦਿਆਲਿਆ ਵਿੱਚ ਖੇਤਰੀ ਭਾਸ਼ਾਵਾਂ ਦੇ ਅਧਿਆਪਕ ਭਰਤੀ ਨਹੀਂ ਕੀਤੇ ਗਏ ਜਦਕਿ ਗੈਰ-ਹਿੰਦੀ ਭਾਸ਼ਾਈ ਰਾਜਾਂ ਵਿੱਚ ਹਿੰਦੀ ਅਧਿਆਪਕ ਭਰਤੀ ਕਰਨ ਲਈ ਪਿਛਲੇ ਸਾਲ ਦੇ ਬਜਟ ਵਿੱਚ 50 ਕਰੋੜ ਰੁਪਏ ਰੱਖੇ ਗਏ ਸਨ। ਇੱਕ ਹੋਰ ਤਾਜ਼ਾ ਮਿਸਾਲ ਸੀਬੀਐੱਸਸੀ ਸਕੂਲਾਂ ਵਿੱਚੋਂ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਹਟਾਉਣ ਦੀ ਹੈ (ਭਾਵੇਂ ਪੰਜਾਬ ਸਰਕਾਰ ਦੇ ਵਿਰੋਧ ਮਗਰੋਂ ਇਹ ਫੈਸਲਾ ਵਾਪਸ ਲੈ ਲਿਆ)। ਇਸੇ ਚਰਚਾ ਦੌਰਾਨ ਆਰਐੱਸਐੱਸ ਆਗੂ ਅਰੁਣ ਕੁਮਾਰ ਨੇ ਬਿਆਨ ਦਿੱਤਾ ਕਿ ਹੌਲੀ-ਹੌਲੀ ਹਿੰਦੀ ਨੂੰ ਸਾਰੇ ਦੇਸ਼ ਦੀ ਕੌਮੀ ਭਾਸ਼ਾ ਬਣਾਉਣਾ ਚਾਹੀਦਾ ਹੈ।

ਕੇਂਦਰ ਸਰਕਾਰ ਦਾ ਲੁਕਵੇਂ ਰੂਪ ਵਿੱਚ ਹਿੰਦੀ ਲਾਗੂ ਕਰਨ ਦਾ ਏਜੰਡਾ ਜਾਰੀ ਹੈ। ਹਿੰਦੀ ਭਾਸ਼ਾ ਸਿੱਖਣਾ ਜਾਂ ਇਸ ਵਿੱਚ ਕੰਮ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਇਹ ਮਾਤ ਭਾਸ਼ਾ ਅਤੇ ਹੋਰ ਖੇਤਰੀ ਭਾਸ਼ਾਵਾਂ ਦੀ ਕੀਮਤ 'ਤੇ ਪ੍ਰਵਾਨ ਨਹੀਂ। ਯੂਟੀ ਖੇਤਰਾਂ ਵਿੱਚ ਖੇਤਰੀ ਭਾਸ਼ਾਵਾਂ ਬੰਦ ਕਰਨ ਜਾਂ ਅਣਗੌਲੀਆਂ ਕਰਨ ਦੀ ਉਦਾਹਰਨ ਹੈ: ਅੰਡੇਮਾਨ ਤੇ ਨਿਕੋਬਾਰ ਵਿੱਚ ਤਾਮਿਲ ਭਾਸ਼ਾ ਉੱਥੇ ਵੀ ਖ਼ਤਮ ਹੋ ਗਈ ਜਿੱਥੇ ਰਹਿਣ ਵਾਲੇ ਤਾਮਿਲ ਹਨ। ਇਸ ਤਰ੍ਹਾਂ ਦੇ ਵਰਤਾਰੇ ਵਿੱਚ ਹਿੰਦੀ ਬਹੁਤ ਸਾਰੀਆਂ ਮਾਤ ਭਾਸ਼ਾਵਾਂ ਨੂੰ ਨਿਗਲ ਗਈ ਹੈ। ਭੋਜਪਰੀ, ਮੈਥਿਲੀ, ਅਵਧੀ, ਬ੍ਰਜ, ਬੁੰਧੇਲੀ, ਗੜ੍ਹਵਾਲੀ, ਕਮਾਉਨੀ, ਮਗਧੀ, ਮਾਰਵਾੜੀ, ਮਾਲਵੀ, ਛੱਤੀਸਗੜ੍ਹੀ, ਸੰਥਾਲੀ, ਅੰਗਿਕਾ, ਹੋ, ਖਾਰੀਆ, ਖੋਰਠਾ, ਕੁਰਮਾਨੀ, ਕੁਰੁਖ, ਮੰਡਾਰੀ ਭਾਸ਼ਾਵਾਂ ਹਿੰਦੀ ਵਿੱਚ ਹੀ ਲੀਨ ਹੋ ਚੁੱਕੀਆਂ ਹਨ। ਜੇਕਰ ਹਿੰਦੀ, ਖੇਤਰੀ ਮਾਤ ਭਾਸ਼ਾਵਾਂ ਉੱਪਰ ਗਲਬਾ ਪਾਉਂਦੀ ਹੈ ਤਾਂ ਇਹ ਦਰਖ਼ਤ ਉੱਤੇ ਚੜ੍ਹੀ ਅਮਰ ਵੇਲ ਵਾਂਗ ਹੈ ਜਿਹੜੀ ਉਸ ਦਾ ਵਿਕਾਸ ਰੋਕ ਕੇ ਹੌਲੀ-ਹੌਲੀ ਉਸ ਨੂੰ ਖਾ ਜਾਂਦੀ ਹੈ। ਇਸ ਲਈ ਜਿੱਥੇ ਵੀ ਖੇਤਰੀ ਭਾਸ਼ਾਵਾਂ 'ਤੇ ਖ਼ਤਰੇ ਦੀ ਘੰਟੀ ਵੱਜੇ, ਜਮਹੂਰੀਅਤ ਪਸੰਦ ਲੋਕਾਂ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।

---

# ਝੋਲਿਆਂ ਦੀ ਹੱਟੀ

**ਵਲੋਂ : ਸੁਰਿੰਦਰ ਅਤੈ ਸਿੰਘ**
**ਸੰਪਰਕ:** 98781-09063



ਅੱਠਵੇਂ ਦਹਾਕੇ 'ਚ ਕਾਲਜੀਏਟ, ਕਾਮਰੇਡ, ਕਵੀ, ਕਲਾਕਾਰ ਮੋਢੇ 'ਤੇ ਇਕ ਤਣੀ ਵਾਲਾ ਝੋਲਾ ਪਾਉਣ ਲੱਗ ਪਏ। ਇਹ ਘਰਾਂ ਵਿਚ ਵਰਤੇ ਜਾਣ ਵਾਲੇ ਆਮ ਥੈਲੇ ਦਾ ਨਵਾਂ ਰੂਪ ਸੀ। ਪੜ੍ਹਾਕੂ ਦਸੂਤੀ ਦੀ ਕਢਾਈ ਵਾਲੇ ਜਾਂ ਸੂਟਾਂ ਪਜਾਮਿਆਂ ਨਾਲੋਂ ਵਧੇ ਕੱਪੜੇ ਦੇ, ਮਾਵਾਂ ਦੇ ਹੱਥਾਂ ਦੇ ਸਿਉਂਤੇ ਥੈਲੇ ਹੱਥਾਂ ਵਿਚ ਫੜਨ ਤੋਂ ਇਨਕਾਰੀ ਹੋ ਗਏ। ਹਰ ਇਕ ਘਰ ਵਿਚ ਬੈਗ ਹੁੰਦੇ ਨਹੀਂ ਸਨ। ਦੂਰ ਦੁਰਾਡੇ ਜਾਣ ਵਾਸਤੇ ਵੱਡਾ ਸਾਰਾ ਬੈਗ ਤਾਂ ਇਕ ਅੱਧਾ ਹੁੰਦਾ ਸੀ ਜਾਂ ਆਢੋਂ-ਗੁਆਢੋਂ ਮੰਗ ਕੇ ਲੋਕੀਂ ਵੇਲਾ ਸਾਰ ਲੈਂਦੇ ਸਨ। ਰੋਜ਼ ਹੀ ਘਰੋਂ ਬਾਹਰ ਜਾਣ ਵਾਲਿਆਂ ਨੂੰ ਆਪਣੀਆਂ ਲੋੜਾਂ ਦਾ ਸਮਾਨ ਪਾ ਕੇ ਨਾਲ ਲਿਜਾਣ ਵਾਸਤੇ ਛੋਟੇ ਜਿਹੇ ਬੈਗ ਦੀ ਜਾਂ ਥੈਲੇ ਦੀ ਲੋੜ ਪੈਂਦੀ ਸੀ। ਆਪਣੇ ਕਾਗਜ਼ ਪੱਤਰ, ਕਾਪੀ, ਡਾਇਰੀ ਜਾਂ ਨ੍ਹੇਰੇ-ਸਵੇਰੇ ਕੋਈ ਕੱਪੜਾ ਕਾਹਦੇ ਵਿਚ ਪਾਵੇ। ਇਸੇ ਮਸਲੇ ਦਾ ਹੱਲ ਸੀ ਇਹ ਇਕ ਤਣੀ ਵਾਲਾ ਝੋਲਾ। ਨਵੇਂ ਅੰਦਾਜ਼ ਨਾਲ ਮੋਢੇ 'ਤੇ ਲਟਕਾ ਕੇ ਤੁਰਦਿਆਂ ਬੰਦੇ ਨੂੰ ਸੁਖ ਦਾ ਸਾਹ ਆਇਆ ਤੇ ਤੁਰਦਿਆਂ ਭੀੜ ਨਾਲੋਂ ਅਲੱਗ ਜਾਪਣ ਵਾਲਾ ਅਹਿਸਾਸ ਵੀ।

ਫਿਰ ਮਾਰਕੀਟ ਵਿੱਚ ਕੁੜੀਆਂ ਦੇ ਵਰਤਣ ਵਾਸਤੇ ਵੀ ਡਿਜ਼ਾਇਨਰ ਝੋਲੇ/ਬੈਗ ਆ ਗਏ, ਵੰਨ-ਸਵੰਨੇ। ਮੈਂ ਵੀ ਵੈੱਲਵਿਟ ਦਾ ਬੜਾ ਸੋਹਣਾ ਇੱਕ ਤਣੀ ਵਾਲਾ ਝੋਲਾ ਖਰੀਦ ਲਿਆ। ਇਸ ਤੋਂ ਪਹਿਲਾਂ ਆਮ ਘਰਾਂ ਵਿਚ ਕੱਪੜੇ ਦੇ ਝੋਲੇ ਹੁੰਦੇ ਸਨ। ਬੱਚਿਆਂ ਦੇ ਸਕੂਲ ਵਾਸਤੇ ਝੋਲੇ ਵੀ ਔਰਤਾਂ ਘਰੇ ਹੀ ਕਿਸੇ ਮੋਟੇ ਜਿਹੇ ਕੱਪੜੇ ਦੇ ਬਣਾ ਦਿੰਦੀਆਂ ਸਨ। ਕਦੇ ਕਿਸੇ ਬਜ਼ੁਰਗ ਨੇ ਸ਼ਹਿਰ, ਕੋਰਟ ਕਚਹਿਰੀ ਜਾਂ ਕਿਤੇ ਮੱਸਿਆ ਪੁੰਨਿਆ ਜਾਣਾ ਹੁੰਦਾ, ਉਹ ਰੋਟੀ ਪਰਨਾ ਕਿਸੇ ਮੈਲੇ ਜਿਹੇ ਥੈਲੇ ਵਿਚ ਪਾ ਲੈਂਦਾ।

ਆਪਣੇ ਮਾਪਿਆਂ ਦੇ ਘਰ ਮੈਨੂੰ ਥੈਲਿਆਂ ਝੋਲਿਆਂ ਦੀ ਕੋਈ ਖਾਸ ਯਾਦ ਨਹੀਂ ਆ ਰਹੀ। ਪਿਤਾ ਕੋਲ ਚਮੜੇ ਦਾ ਭੂਰਾ ਬੈਗ ਤੇ ਮਾਂ ਦੀ ਵਾਂਢੇ ਜਾਣ ਆਉਣ ਵਾਲੀ ਪਲਾਸਟਿਕ ਦੀ ਹਰੀ ਟੋਕਰੀ ਹੂ-ਬਹੂ ਚੇਤੇ ਹੈ। ਹਾਂ, ਮੇਰੀ ਭੂਆ ਕੋਲ ਕੱਪੜੇ ਦਾ ਘਰ ਦਾ ਸਿਉਂਤਾ ਥੈਲਾ ਜ਼ਰੂਰ ਹੁੰਦਾ ਸੀ।

1975-76 ਤੱਕ ਤਾਂ ਨਹੀਂ ਪਰ ਉਸ ਤੋਂ ਬਾਅਦ ਸਾਡੇ ਦੇਸ਼ ਵਿਚ ਪਲਾਸਟਿਕ ਦੇ ਲਿਫਾਫੇ ਵਰਤੇ ਜਾਣ ਲੱਗ ਪਏ ਤੇ ਥੈਲੇ ਝੋਲੇ ਹੌਲੀ-ਹੌਲੀ ਲੋਪ ਹੋਣ ਲੱਗ ਪਏ।

ਮੇਰਾ ਵਿਆਹ ਹੋ ਗਿਆ। ਸਹੁਰੇ ਘਰ ਝੋਲਿਆਂ ਦਾ ਅਹਿਮ ਰੋਲ ਸੀ। ਪਿਤਾ ਜੀ ਹਰ ਰੋਜ਼ ਸ਼ਹਿਰ ਜਾਂਦੇ ਤੇ ਝੋਲਾ ਭਰ ਕੇ ਤਾਜ਼ੀਆਂ ਸਬਜ਼ੀਆਂ ਤੇ ਬ੍ਰੈੱਡ ਵਗੈਰਾ ਲੈ ਕੇ ਆਉਂਦੇ। ਸਫਰ ਵਿੱਚ ਵੀ ਉਨ੍ਹਾਂ ਦਾ ਝੋਲੇ ਬਿਨਾਂ ਨਾ ਸਰਦਾ। ਮੇਰੇ ਜੇਠ ਕਾਮਰੇਡ ਸਨ, ਉਹ ਵੀ ਇੱਕ ਤਣੀ ਵਾਲਾ ਝੋਲਾ ਮੋਢੇ 'ਤੇ ਪਾਉਂਦੇ ਸਨ। ਮੇਰੇ ਸਾਥੀ ਪ੍ਰੋਫੈਸਰ ਸਾਹਿਬ ਵੀ ਇਹ ਸ਼ੁਕੀਨੀ ਲਾਉਂਦੇ ਸਨ। ਦਹਾਕਿਆਂ ਤੋਂ ਝੋਲਿਆਂ ਥੈਲਿਆਂ ਦੀ ਕਦੇ ਲੋੜ ਹੀ ਨਹੀਂ ਸੀ ਪਈ। ਵੰਨ-ਸਵੰਨੇ ਹਰ ਸਾਈਜ਼ ਦੇ ਹਰ ਵਰਗ ਲਈ ਰੈਕਸਿਨ, ਚਮੜੇ ਅਤੇ ਪਲਾਸਟਿਕ ਦੇ ਬੈਗ, ਪਰਸ ਮਾਰਕੀਟ ਵਿੱਚ ਵਿਕਣ ਲੱਗ ਪਏ ਸਨ; ਇਥੋਂ ਤੱਕ ਕਿ ਸਕੂਲ ਦੇ ਬੱਚਿਆਂ ਵਾਸਤੇ ਵੀ ਜਿੱਪਾਂ ਵਾਲੇ ਬੈਗ ਚੱਲ ਪਏ। ਫਿਰ ਵੀ ਬਾਹਰ ਅੰਦਰ ਗਿਆਂ ਕਦੇ-ਕਦੇ ਝੋਲਾ ਖਰੀਦਣ ਨੂੰ ਦਿਲ ਕਰ ਆਉਂਦਾ। ਪਿਛਲੇ ਸਾਲ ਵੱਡੇ ਵੀਰ ਜੀ ਸਾਡੇ ਘਰ ਆਏ ਤਾਂ ਉਨ੍ਹਾਂ ਨਿੱਕੇ ਜਿਹੇ ਝੋਲੇ ਵਿੱਚੋਂ ਕਿਤਾਬਾਂ ਕੱਢ ਕੇ ਫੜਾਈਆਂ। ਮੇਰਾ ਧਿਆਨ ਉਸ ਝੋਲੇ ਵਿੱਚ ਸੀ। ਮੈਂ ਤਾਰੀਫ ਕੀਤੀ- ਝੋਲਾ ਬਹੁਤ ਸੋਹਣਾ...। ਇਹ ਕਰੀਮ ਰੰਗਾ ਦਾ ਨਿੱਕਾ ਜਿਹਾ ਝੋਲਾ (ਉਪਰ ਪੇਂਟਿੰਗ ਬਣੀ ਹੋਈ) ਮੈਨੂੰ ਹੀ ਦੇ ਗਏ। ਕਹਿੰਦੇ- ਇਹ ਜਰਮਨ ਤੋਂ ਆਇਆ।

ਚਾਰ ਕੁ ਮਹੀਨੇ ਪਹਿਲਾਂ ਆਸਟਰੇਲੀਆ ਵਾਪਸੀ ਵੇਲੇ ਮੇਰੇ ਲਈ ਕੁਆਲਾਲੰਪਰ ਤੋਂ ਚਿੱਟਾ ਝੋਲਾ ਲੈ ਆਏ।

ਧੀ ਜਦੋਂ ਆਉਂਦੀ ਹੈ, ਇੱਕ ਅੱਧਾ ਥੈਲਾ ਜ਼ਰੂਰ ਲੈ ਆਉਂਦੀ ਹੈ; ਪਤਾ ਨਹੀਂ ਉਹਨੂੰ ਕੀ ਵਹਿਮ ਹੈ ਕਿ ਮੇਰੇ ਮਾਪਿਆਂ ਨੂੰ ਝੋਲੇ ਬਹੁਤ ਚੰਗੇ ਲੱਗਦੇ। ਥੋੜ੍ਹੇ ਦਿਨ ਪਹਿਲਾਂ ਨਾਰਵੇ ਤੋਂ ਆਇਆ ਮੇਰੀ ਸਹੇਲੀ ਦਾ ਵੀਰ ਥੋੜ੍ਹਾ ਬਿਮਾਰ ਸੀ। ਮੈਂ ਉਨ੍ਹਾਂ ਦਾ ਪਤਾ ਲੈਣ ਘਰ ਗਈ। ਆਉਣ ਲੱਗੀ ਨੂੰ ਵੀਰ ਨੇ ਨੀਲੇ ਰੰਗ ਦਾ ਬੜਾ ਸੋਹਣਾ ਥੈਲਾ ਅੰਦਰੋਂ ਲਿਆ ਫੜਾਇਆ। ਅਣਮੰਨੇ ਚਿੱਤ ਨਾਲ ਮੈਂ ਝੋਲਾ ਲੈ ਆਈ। ਕੁਝ ਦਿਨ ਬਾਅਦ ਮੇਰੇ ਨਨਾਣ ਪੰਜ ਛੇ ਮਹੀਨੇ ਬਾਅਦ ਸਿਡਨੀ ਤੋਂ ਵਾਪਸ ਆਏ। ਮਿਲ ਗਿਲ ਲਿਆ। ਹਰ ਕਿਸੇ ਲਈ ਕੋਈ ਨਾ ਕੋਈ ਛੋਟਾ ਮੋਟਾ ਤੋਹਫ਼ਾ ਉਹ ਲਿਆਏ ਹੀ ਸਨ। ਇੱਕ ਦਿਨ ਉਨ੍ਹਾਂ ਦੇ ਘਰ ਉਨ੍ਹਾਂ ਦਾ ਪਤਾ ਲੈਣ ਗਈ ਹੋਈ ਸਾਂ, ਉੱਥੇ ਹੀ ਜੇਠ ਵੀਰ ਜੀ ਵੀ ਆਏ ਹੋਏ ਸਨ। ਮੈਂ ਹੱਸਦਿਆਂ-ਹੱਸਦਿਆਂ ਭੈਣ ਜੀ ਨੂੰ ਪੁੱਛਿਆ, "ਮੇਰੇ ਲਈ ਕੀ ਲਿਆਏ ਹੋ?" ਕਹਿੰਦੇ: "ਤੇਰੇ ਲਈ ਝੋਲਾ ਲਿਆਈ ਹਾਂ।" ਇੰਨਾ ਕਹਿ ਕੇ ਉਹ ਮਖ਼ਸੂਸ ਹਾਸਾ ਹੱਸੇ, ਨਾਲ ਹੀ ਵੀਰ ਜੀ ਵੀ। ਸੁਣ ਕੇ ਮੈਨੂੰ ਭੋਰਾ ਖੁਸ਼ੀ ਨਾ ਹੋਈ। ਮੈਂ ਖਿੱਲਰ ਹੀ ਗਈ, "ਮੈਂ ਨਹੀਂ ਲੈਣਾ ਝੋਲਾ। ਹੱਦ ਹੋ ਗਈ... ਜਿਹੜਾ ਬਾਹਰੋਂ ਆਉਂਦਾ, ਮੇਰੇ ਲਈ ਝੋਲਾ ਹੀ ਲੈ ਕੇ ਆਉਂਦਾ... ਤੁਸੀਂ ਵੀ ਮੇਰੇ ਲਈ ਝੋਲਾ ਹੀ ਲਿਆਏ ਹੋ। ਤੁਹਾਨੂੰ ਹੋਰ ਕੁਝ ਨਹੀਂ ਲੱਭਾ? ਮੈਂ ਝੋਲਿਆਂ ਦੀ ਹੱਟੀ ਪਾਉਣੀ?" ਭੈਣ ਜੀ ਉੱਠੇ, ਅਲਮਾਰੀ ਖੋਲ੍ਹੀ ਤੇ ਮੈਨੂੰ ਚੰਗਾ ਲੱਗਣ ਵਾਲਾ ਨਿੱਕਾ ਪਰਸ ਫੜਾਉਂਦਿਆਂ ਕਹਿੰਦੇ, "ਤੇਰੇ ਆਉਣ ਤੋਂ ਪਹਿਲਾਂ ਮੈਂ ਤੇ ਵੀਰ ਜੀ ਇਹੋ ਗੱਲਾਂ ਕਰ ਰਹੇ ਸਾਂ। ਉਹ ਦੱਸ ਰਹੇ ਸਨ ਕਿ ਸੁਰਿੰਦਰ ਲਈ ਮੈਂ ਥੈਲਾ ਲਿਆਇਆ ਸੀ, ਹੁਣ ਤੂੰ ਨਾ ਕਿਤੇ ਝੋਲਾ ਹੀ ਕੱਢ ਕੇ ਫੜਾ ਦੇਵੀਂ। ਮੈਂ ਤਾਂ ਤੈਨੂੰ ਛੇੜ ਰਹੀ ਸੀ ਕਿ ਤੇਰੇ ਲਈ ਥੈਲਾ ਲਿਆਂਦਾ। ਮੈਂ ਤਾਂ ਤੇਰੇ ਲਈ ਪਰਸ ਲਿਆਈ ਆਂ। ਨਿੱਕਾ ਜਿਹਾ।"... ਸੱਚੀਂ ਮੇਰੀ ਤਾਂ ਥੈਲਿਆਂ/ਝੋਲਿਆਂ ਨਾਲ ਝੋਲੀ ਭਰੀ ਪਈ ਹੈ। ਬੱਸ ਹੋਰ ਨਹੀਂ।






## ਬਹੁਤ ਗੁਣਕਾਰੀ ਹੈ ਅਦਰਕ

**ਅਪਚ ਅਤੇ ਕਬਜ਼** : ਅਨੇਕਾਂ ਰੋਗਾਂ ਦਾ ਘਰ ਪੇਟ ਹੈ। ਖਾਦਾ-ਪੀਤਾ ਪਚਿਆ ਨਹੀਂ ਤਾਂ ਅਪਚ ਹੋ ਗਈ। ਅਪਚ ਨਾਲ ਕਬਜ਼ ਅਤੇ ਫਿਰ ਕਈ ਰੋਗ। ਭੋਜਨ ਤੋਂ ਪਹਿਲਾਂ ਇਕ ਚਮਚ ਅਦਰਕ, ਨਿੰਬੂ ਅਤੇ ਸੇਂਧਾ ਨਮਕ ਛਿੜਕ ਕੇ ਖਾਓ। ਕਬਜ਼ ਦੀ ਹਾਲਤ ਵਿਚ ਅਦਰਕ ਨੂੰ ਪਤਲੇ-ਪਤਲੇ ਚਿਪਸ ਵਿਚ ਕੱਟ ਕੇ ਸਵੇਰੇ-ਸ਼ਾਮ ਗੁੜ ਦੇ ਨਾਲ ਖਾਓ।

**ਅਰੁਚੀ** : ਬੁਖਾਰ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਭੁੱਖ ਲੱਗਣ ਦੇ ਬਾਵਜੂਦ ਖਾਧਾ ਨਾ ਜਾਵੇ, ਮੂੰਹ ਫਿੱਕਾ ਲੱਗੇ, ਭੋਜਨ ਵਿਚ ਕੋਈ ਦਿਲਚਸਪੀ ਨਾ ਲੱਗੇ ਤਾਂ 5 ਗ੍ਰਾਮ ਅਦਰਕ ਨੂੰ ਬਰਾਬਰ ਸ਼ਹਿਦ ਦੇ ਨਾਲ ਲਓ। ਅਦਰਕ ਨੂੰ ਹਲਕਾ ਭੁੰਨ ਕੇ ਚੂਸਦੇ ਵੀ ਰਹਿ ਸਕਦੇ ਹੋ।

**ਖੰਘ** : ਅਦਰਕ ਅਤੇ ਪਿਆਜ਼ ਦਾ ਰਸ ਇਕ-ਇਕ ਚਮਚ ਮਿਲਾ ਕੇ ਹਲਕਾ ਗਰਮ ਕਰਕੇ 2-3 ਵਾਰ ਲਓ। ਸੌਣ ਸਮੇਂ ਜ਼ਰੂਰ ਲਓ। ਦਵਾਈ ਲੈਣ ਤੋਂ ਬਾਅਦ ਕੁਝ ਵੀ ਖਾਓ-ਪੀਓ ਨਾ। ਹੋਰ ਉਪਾਵਾਂ ਨਾਲ ਨਾ ਹਟਣ ਵਾਲੀ ਖੰਘ ਵੀ 2-3 ਦਿਨ ਵਿਚ ਹਟ ਜਾਵੇਗੀ। ਸਰਦੀ-ਜ਼ੁਕਾਮ ਤੋਂ ਮੁਕਤੀ ਲਈ ਦਿਨ ਵਿਚ 3-4 ਵਾਰ ਅਦਰਕ ਦਾ ਕਾੜ੍ਹਾ ਗਰਮ-ਗਰਮ ਪੀਓ। ਉਸ ਦੀ ਭਾਫ ਵੀ ਲਓ।

**ਸਵਰ ਵਿਕਾਰ** : ਅਦਰਕ ਦੀ ਇਕ ਗੰਢੀ ਛਿਦਰ ਕਰਕੇ ਉਸ ਵਿਚ 2 ਗ੍ਰਾਮ ਹਿੰਗ ਪਾ ਦਿਓ। ਹੁਣ ਉਸ 'ਤੇ ਪਾਨ ਦਾ ਪੱਤਾ ਲਪੇਟ ਕੇ ਗਿੱਲੀ ਮਿੱਟੀ ਦਾ ਲੇਪ ਲਗਾਓ ਅਤੇ ਅੱਗ 'ਤੇ ਰੱਖ ਕੇ ਉਲਟ-ਪੁਲਟ ਕਰਕੇ ਪਕਾ ਲਓ। ਜਦੋਂ ਮਿੱਟੀ ਲਾਲ ਹੋ ਜਾਵੇ ਤਾਂ ਉਸ ਨੂੰ ਖੁਰਚ ਕੇ ਲਾਹ ਦਿਓ ਅਤੇ ਅਦਰਕ ਨੂੰ ਪੀਸ ਲਓ। 5-5 ਗ੍ਰਾਮ ਦੀਆਂ ਗੋਲੀਆਂ ਬਣਾ ਲਓ। ਦਿਨ ਵਿਚ 5-6 ਵਾਰ ਚੂਸਣ 'ਤੇ ਆਵਾਜ਼ ਬੈਠਣਾ, ਖੁਰਦਰੀ ਹੋਣਾ ਜਾਂ ਫਟੀ-ਫਟੀ ਹੋਣ ਦੀ ਸਮੱਸਿਆ ਠੀਕ ਹੋ ਜਾਵੇਗੀ।

ਅਦਰਕ ਦੀ ਇਹ ਖੂਬੀ ਹੈ ਕਿ ਇਹ ਆਲਸ ਅਤੇ ਸੁਸਤੀ ਨੇੜੇ ਨਹੀਂ ਆਉਣ ਦਿੰਦਾ। ਕੰਮ ਕਰਨ ਦੀ ਸਮਰੱਥਾ ਵਧਾਉਂਦਾ ਹੈ। ਸਮਰਣ ਸ਼ਕਤੀ ਅਤੇ ਹੋਰ ਆਮ ਕਿਰਿਆਵਾਂ ਨੂੰ ਸੱਤ ਗਤੀਸ਼ੀਲ ਰੱਖਦਾ ਹੈ। ਖੂਨ ਸੰਚਾਰ ਸਹੀ ਢੰਗ ਨਾਲ ਹੁੰਦਾ ਹੈ।

ਸਾਡੇ ਬਜ਼ੁਰਗਾਂ ਦੇ ਸਮੇਂ ਵਿਚ ਜਨਮ ਦੇ ਨਾਲ ਹੀ ਇਸ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ। ਬੱਚੇ ਨੂੰ ਜੰਮਦੇ ਹੀ ਸੁੰਢ ਮਿਲੇ ਪਾਣੀ ਨਾਲ ਨਹਾਇਆ-ਧੋਇਆ ਜਾਂਦਾ ਸੀ।

**ਵਿਕਾਸ ਮਾਨਵ**

## ਸਾਵਧਾਨੀ ਵਰਤੋ ਪਰਫਿਊਮ ਦੀ ਵਰਤੋਂ ਵੇਲੇ

ਪੁਰਾਤਨ ਕਾਲ ਤੋਂ ਹੀ ਮਰਦ-ਔਰਤ ਦੋਵਾਂ ਨੂੰ ਹੀ ਕਿਸੇ ਨਾ ਕਿਸੇ ਰੂਪ ਵਿਚ ਸੁਗੰਧਿਤ ਚੀਜ਼ਾਂ ਹਰਮਨ ਪਿਆਰੀਆਂ ਰਹੀਆਂ ਹਨ। ਆਦਿ ਮਾਨਵ ਦੇ ਯੁਗਾਂ ਵਿਚ ਕੋਸ਼ਿਸ਼ ਕਰਕੇ ਕੁਦਰਤ ਦੀਆਂ ਸਾਰੀਆਂ ਖੁਸ਼ਬੂਆਂ ਨੂੰ ਬੋਤਲਾਂ ਵਿਚ ਕੈਦ ਕਰਨ ਵਿਚ ਸਫ਼ਲਤਾ ਪਾਈ ਹੈ। ਖੁਸ਼ਬੂਆਂ ਦੀ ਵਰਤੋਂ ਸੁੰਦਰਤਾ ਵਾਲੇ ਸਾਧਨਾਂ ਦੇ ਰੂਪ ਵਿਚ ਵਰਤੋਂ ਹੁੰਦੀ ਆ ਰਹੀ ਹੈ।

ਪਰਫਿਊਮ ਲਗਾਉਣਾ ਵੀ ਇਕ ਕਲਾ ਹੈ। ਕਦੀ ਵੀ ਪਰਫਿਊਮ ਦੀ ਵਰਤੋਂ ਸਿੱਧੇ ਚਮੜੀ 'ਤੇ ਨਹੀਂ ਕਰਨੀ ਚਾਹੀਦੀ। ਇਹ ਖ਼ਤਰਨਾਕ ਸਿੱਧ ਹੋ ਸਕਦਾ ਹੈ। ਜਿਥੋਂ ਤੱਕ ਹੋਵੇ, ਪਰਫਿਊਮ ਦੀ ਵਰਤੋਂ ਸਫੈਦ ਕੱਪੜਿਆਂ ਦੀ ਬਜਾਏ ਰੰਗਦਾਰ ਤੇ ਪ੍ਰਿੰਟ ਵਾਲੇ ਕੱਪੜਿਆਂ 'ਤੇ ਹੀ ਕਰੋ। ਸਪਰੇਅ ਕਰਦੇ ਸਮੇਂ ਵਿਸ਼ੇਸ਼ ਧਿਆਨ ਦਿਓ ਕਿ ਪਰਫਿਊਮ ਅੱਖਾਂ ਵਿਚ ਨਾ ਜਾਵੇ। ਇਨ੍ਹਾਂ ਨਾਲ ਅੱਖਾਂ ਵਿਚ ਜਲਣ ਤੇ ਖਾਰਸ਼ ਤਾਂ ਹੁੰਦੀ ਹੀ ਹੈ, ਕਦੀ-ਕਦੀ ਅੱਖਾਂ ਦੀ ਰੋਸ਼ਨੀ ਵੀ ਜਾ ਸਕਦੀ ਹੈ। ਜੇਕਰ ਗ਼ਲਤੀ ਨਾਲ ਪਰਫਿਊਮ ਮੂੰਹ ਵਿਚ ਚਲਿਆ ਜਾਵੇ ਤਾਂ ਉਲਟੀ ਤੇ ਚੱਕਰ ਆਉਣਾ ਆਮ ਗੱਲ ਹੈ। ਔਰਤਾਂ ਨੂੰ ਹਮੇਸ਼ਾ ਆਪਣੇ ਕੀਮਤੀ ਗਹਿਣੇ ਪਾਉਣ ਤੋਂ ਪਹਿਲਾਂ ਪਰਫਿਊਮ ਲਗਾ ਲੈਣਾ ਚਾਹੀਦਾ ਨਹੀਂ ਤਾਂ ਉਨ੍ਹਾਂ ਵਿਚ ਮਿਲੇ ਰਸਾਇਣਾਂ ਨਾਲ ਗਹਿਣਿਆਂ ਵਿਚ ਚਮਕ ਪ੍ਰਭਾਵਿਤ ਹੋ ਸਕਦੀ ਹੈ। ਪਾਰਟੀ ਜਾਂ ਬਾਹਰ ਜਾਣ ਤੋਂ 10-15 ਮਿੰਟ ਪਹਿਲਾਂ ਪਰਫਿਊਮ ਲਗਾ ਲੈਣਾ ਚਾਹੀਦਾ ਹੈ। ਇਸ ਨਾਲ ਉਹ ਚੰਗੀ ਤਰ੍ਹਾਂ ਸੈੱਟ ਹੋ ਜਾਂਦਾ ਹੈ।



ਜਿਨ੍ਹਾਂ ਲੋਕਾਂ ਨੂੰ ਪਸੀਨੇ ਦੀ ਬਦਬੂ ਆਉਂਦੀ ਹੈ, ਉਨ੍ਹਾਂ ਨੂੰ ਤੇਜ਼ ਮਹਿਕ ਵਾਲੇ ਪਰਫਿਊਮ ਦੀ ਵਰਤੋਂ ਕਰਨੀ ਚਾਹੀਦੀ ਹੈ। ਘੱਟ ਉਮਰ ਦੀਆਂ ਕੁੜੀਆਂ ਨੂੰ ਹਲਕੇ ਪਰਫਿਊਮ ਦੀ ਵਰਤੋਂ ਕਰਨੀ ਚਾਹੀਦੀ ਹੈ। ਚੰਗਾ ਹੋਵੇਗਾ ਜੇਕਰ ਪਰਿਫਊਮ ਦੀ ਮਹਿਕ ਬਾਕੀ ਸੁੰਦਰਤਾ ਸਮੱਗਰੀ ਦੀ ਖੁਸ਼ਬੂ ਤੋਂ ਵੱਖ ਹੋਵੇ। ਜੇਕਰ ਤੁਹਾਡੇ ਕੋਲ ਇਕ ਕਿਸਮ ਦਾ ਪਰਫਿਊਮ ਲਗਾਇਆ ਹੈ ਤਾਂ ਉਸ ਦੇ ਉੱਡਣ ਦੇ ਬਾਅਦ ਹੀ ਦੂਜੀ ਕਿਸਮ ਦਾ ਲਗਾਓ। ਮਿਲੀਆਂ-ਜੁਲੀਆਂ ਸੁਗੰਧਾਂ ਚੰਗੀਆਂ ਨਹੀਂ ਲਗਦੀਆਂ।

ਉਂਜ ਭਾਰਤੀ ਪਰਫਿਊਮ ਦਾ ਅਸਰ ਆਮ ਤੌਰ 'ਤੇ 8 ਤੋਂ 12 ਘੰਟੇ ਰਹਿੰਦਾ ਹੈ ਪਰ ਇਹ ਅਸਰ ਪਰਫਿਊਮ ਦੀ ਤੇਜ਼ੀ ਅਤੇ ਚਮੜੀ ਦੇ ਪ੍ਰਕਾਰ 'ਤੇ ਵੀ ਨਿਰਭਰ ਕਰਦਾ ਹੈ। ਖੁਸ਼ਕ ਚਮੜੀ 'ਤੇ ਖੁਸ਼ਬੂ ਜਲਦੀ ਉੱਡ ਜਾਂਦੀ ਹੈ ਉਂਜ ਤੇਲੀ ਚਮੜੀ 'ਤੇ ਪਰਫਿਊਮ ਦੇਰ ਤਕ ਟਿਕਿਆ ਰਹਿੰਦਾ ਹੈ।

ਪਰਫਿਊਮ 'ਤੇ ਵਾਤਾਵਰਨ ਦਾ ਵੀ ਪ੍ਰਭਾਵ ਪੈਂਦਾ ਹੈ। ਠੰਢ ਅਤੇ ਨਮੀ ਵਾਲੇ ਵਾਤਾਵਰਨ ਵਿਚ ਖੁਸ਼ਕ ਵਾਤਾਵਰਨ ਦੀ ਤੁਲਨਾ ਵਿਚ ਜ਼ਿਆਦਾ ਸਮੇਂ ਤੱਕ ਸੁਗੰਧ ਰਹਿੰਦੀ ਹੈ।

ਨਵੀਂ ਸ਼ੀਸ਼ੀ ਖੋਲ੍ਹਦੇ ਸਾਰ ਜਲਦੀ ਹੀ ਉਸ ਦੀ ਵਰਤੋਂ ਕਰ ਲੈਣੀ ਚਾਹੀਦੀ। ਜ਼ਿਆਦਾ ਦਿਨ ਤਕ ਰੱਖਣ 'ਤੇ ਪਰਫਿਊਮ ਨਾ ਸਿਰਫ਼ ਉੱਡ ਜਾਂਦਾ ਹੈ, ਬਲਕਿ ਉਸ ਦੀ ਸੁਗੰਧ ਵੀ ਬਦਲ ਜਾਂਦੀ ਹੈ।

ਚਮੜੀ ਰੋਗ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਪਰਫਿਊਮ ਦੀ ਲਗਾਤਾਰ ਵਰਤੋਂ ਨਾਲ ਸਿਹਤ ਸਬੰਧੀ ਸਮੱਸਿਆਵਾਂ ਵੀ ਪੈਦਾ ਹੋ ਜਾਂਦੀਆਂ ਹਨ। ਕੁਝ ਮਾਹਿਰ ਤਾਂ ਇਸ ਹੱਦ ਤੱਕ ਕਹਿੰਦੇ ਹਨ ਕਿ ਕਿਸੇ ਵੀ ਸਿੰਥੈਟਿਕ ਚੀਜ਼ ਦੀ ਜ਼ਿਆਦਾ ਵਰਤੋਂ ਨਾਲ ਕੈਂਸਰ ਹੋਣ ਤੱਕ ਦਾ ਖ਼ਤਰਾ ਰਹਿੰਦਾ ਹੈ।

ਚੰਗਾ ਇਹੀ ਹੋਵੇਗਾ ਕਿ ਕਿਸੇ ਪਰਫਿਊਮ ਦੇ ਖਰੀਦਦੇ ਸਮੇਂ ਉਸ ਦੇ ਵਿਸ਼ੇ ਵਿਚ ਦੁਕਾਨਦਾਰ ਤੋਂ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ ਅਤੇ ਦਿੱਤੇ ਗਏ ਨਿਰਦੇਸ਼ਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ ਦੇ ਬਾਅਦ ਹੀ ਉਸ ਦੀ ਵਰਤੋਂ ਕਰਨਾ ਚਾਹੀਦਾ ਹੈ।

**ਨਵਤੇਜ ਖੜਤੋਲ**

## ਜ਼ਰੂਰੀ ਹੋ ਗਈ ਹੈ ਦੰਦਾਂ ਦੀ ਸੰਭਾਲ

ਵਿਸ਼ਵ ਮੌਖਿਕ ਸਿਹਤ ਦਿਵਸ 20 ਮਾਰਚ, 2021 ਵਾਲੇ ਦਿਨ ਤੰਦਰੁਸਤ ਜ਼ਿੰਦਗੀ ਲਈ ਮੌਖਿਕ ਸਿਹਤ ਸੰਬੰਧੀ ਜਾਗਰੂਕਤਾ ਅਤੇ ਮਹੱਤਤਾ ਬਾਰੇ ਗੱਲ ਕੀਤੀ ਗਈ। ਅੱਜ 530 ਮਿਲੀਅਨ ਤੋਂ ਵੱਧ ਬੱਚੇ ਦੰਦਾਂ ਦੇ ਰੋਗਾਂ ਦੇ ਸ਼ਿਕਾਰ ਹਨ ਅਤੇ ਵਿਸ਼ਵ ਦੀ 15% ਆਬਾਦੀ ਮੌਖਿਕ ਰੋਗਾਂ ਦੇ ਘੇਰੇ ਵਿਚ ਆ ਚੱਕੇ ਹਨ। ਸਰੀਰ ਅੰਦਰ ਹੋਣ ਵਾਲੇ ਕੈਂਸਰ ਵਿੱਚੋਂ ਮੂੰਹ ਯਾਨਿ ਮੌਖਿਕ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਓਰਲ ਯਾਨਿ ਲਿੱਪ, ਮੂੰਹ ਦੇ ਦੂਜੇ ਹਿਸਿਆਂ ਅਤੇ ਓਰੋਫੈਨਿਕਸ ਕੈਂਸਰ ਔਰਤਾਂ-ਮਰਦਾਂ ਵਿਚ ਦੇਖਿਆ ਜਾ ਰਿਹਾ ਹੈ। ਕੁੱਝ ਏਸ਼ਿਆਈ ਮੁਲਕਾਂ ਵਿਚ ਨੌਜਵਾਨਾਂ ਵਿਚ ਮੂੰਹ ਦੇ ਕੈਂਸਰ ਦਾ ਆਂਕੜਾ ਵੱਧਿਆ ਹੈ।

ਵਿਸ਼ਵ ਭਰ ਵਿਚ ਮੂੰਹ ਦਾ ਕੈਂਸਰ, ਦੰਦਾਂ ਦੀ ਇਨਫੈਕਸ਼ਨ, ਕੈਵਿਟੀ, ਸੂਜਨ, ਵਰਗੀ ਬਿਮਾਰੀਆਂ ਦਾ ਪ੍ਰਤੀਸ਼ਤ ਘਰੋ-ਘਰੀ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ ਸਕੂਲੀ ਬੱਚੇ 65-85%, ਅਤੇ ਕਰੀਬਨ 90-95% ਬਾਲਗ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ। ਹਰ ਸਾਲ ਕਨੇਡਾ ਵਿਚ ਅੰਦਾਜ਼ਨ 2.3 ਮਿਲੀਅਨ ਬੱਚਿਆਂ ਨੂੰ ਦੰਦਾਂ ਦੀ ਤਕਲੀਫ ਕਾਰਨ ਸਕੂਲ ਤੋਂ ਛੁੱਟੀ ਕਰਨੀ ਪੈਂਦੀ ਹੈ। ਅਮਰੀਕਾ ਵਿਚ ਬੱਚੇ ਦਮੇ ਨਾਲੋਂ ਜ਼ਿਆਦਾ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ।

ਵਿਸ਼ਵ ਸਿਹਤ ਸੰਸਥਾ ਨੇ ਓਰਲ ਸਿਹਤ ਪ੍ਰੋਗਰਾਮਾਂ ਵਿਚ ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਪ੍ਰਭਾਵਸ਼ਾਲੀ ਵਰਤੋਂ, ਪੌਸ਼ਟਿਕ ਖੁਰਾਕ ਦੁਆਰਾ ਓਰਲ ਬਿਮਾਰੀ ਦੀ ਰੋਕਥਾਮ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਮੌਖਿਕ ਸਿਹਤ ਬਾਰੇ ਦੇਖਭਾਲ, ਤੰਬਾਕੂ ਸੰਬੰਧੀ ਰੋਗਾਂ 'ਤੇ ਕੰਟ੍ਰੋਲ, ਸਕੂਲੀ ਪੱਧਰ'ਤੇ ਮੌਖਿਕ ਸਿਹਤ ਨੂੰ ਉਤਸ਼ਾਹਤ ਕਰਨਾ, ਜ਼ੁਬਾਨੀ ਸਿਹਤ ਪ੍ਰਣਾਲੀਆਂ ਦਾ ਵਿਕਾਸ ਅਤੇ ਰੋਕਥਾਮ'ਤੇ ਸਿਹਤ ਨੂੰ ਉਤਸ਼ਾਹਤ ਕਰਨ ਲਈ ਸੇਵਾਵਾਂ ਦਾ ਰੁਝਾਨ, ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ' ਤੇ ਮੌਖਿਕ ਸਿਹਤ ਪ੍ਰਤੀ ਅਵੇਅਰਨੈਸ ਨੂੰ ਅੱਗੇ ਰੱਖਿਆ ਹੈ।

ਪੀਰੀਓਡੋਂਟਿਲ ਬਿਮਾਰੀ ਵਿੱਚ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਤ ਕਰਦੇ ਹਨ। ਖੂਨ ਵਗਣ ਦੇ ਨਾਲ ਦਰਦ ਅਤੇ ਸਾਹ ਬਦਬੂਦਾਰ ਆਉਂਦਾ ਹੈ। ਗੰਭੀਰ ਹਾਲਤ ਵਿਚ ਦੰਦ ਲੂਜ਼ ਹੋ ਕੇ ਬਾਹਰ ਵੀ ਅ ਜਾਂਦੇ ਹਨ। ਗੰਭੀਰ ਪੀਰੀਅਡੋਂਟਲ ਬਿਮਾਰੀਆਂ ਨੇ ਵਿਸ਼ਵ ਦੀ ਅਦਾਜ਼ਨ 15% ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ। ਮੁੱਖ ਕਾਰਨ ਤੰਬਾਕੂ ਦੀ ਜ਼ਿਆਦਾ ਵਰਤੋਂ ਜ਼ੁਬਾਨ ਦੀ ਸਫਾਈ ਪ੍ਰਤੀ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਤੰਬਾਕੂ, ਅਲਕੋਹਲ, ਖੰਡ (ਚੀਨੀ) ਦਾ ਜ਼ਿਆਦਾ ਇਸਤੇਮਾਲ, ਮੂਹ ਦੀ ਸਫਾਈ ਪ੍ਰਤੀ ਲਾਪ੍ਰਵਾਹੀ, ਆਰਥਿਕ ਤੰਗੀ, ਕਾਰਨ ਮੌਖਿਕ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।

- ਕਾਰਬੋਹਾਈਡ੍ਰੇਟਸ ਦਾ ਜ਼ਿਆਦਾ ਸੇਵਨ, ਬੈਕਟੀਰੀਆ 'ਚ ਐਸਿਡ ਦੰਦਾਂ ਦੀ ਬਾਹਰੀ ਪਰਤ ਜਾਂ ਜੜ੍ਹਾਂ ਤੋਂ ਤੋੜ ਸਕਦੇ ਹਨ।
- ਦੰਦਾਂ ਦੀ ਆਮ ਸ਼ਿਕਾਇਤ ਦਾ ਇਲਾਜ਼ ਨਾ ਕੀਤੇ ਜਾਣ ਨਾਲ ਮਸੂੜਿਆਂ ਦੇ ਹੇਠ ਗੰਭੀਰ ਇਨਫੈਕਸ਼ਨ ਜੋ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲ ਸਕਦੇ ਹਨ। ਨਤੀਜਾ ਖਤਰਨਾਕ ਹੋ ਸਕਦਾ ਹੈ।
- ਸ਼ੂਗਰ-ਫ੍ਰੀ ਪੌਸ਼ਟਿਕ ਖੁਰਾਕ ਅਤੇ ਸਨੈਕਸ ਰੂਟੀਨ ਵਿਚ ਸ਼ਾਮਿਲ ਕਰੋ।
- ਵਾਈਨ ਲੀਮਿਟ ਵਿਚ ਲਵੋ।
- ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਦੇ ਅਨੁਕੂਲ ਪੱਧਰ ਲਈ ਫਲੋਰਿਡੇਟਿਡ ਪੀਣ ਵਾਲਾ ਪਾਣੀ, ਨਮਕ, ਦੁੱਧ, ਦੀ ਵਰਤੋਂ ਦੇ ਨਾਲ ਇੱਕ ਹਜਾਰ ਤੋਂ 1500 ਪੀਪੀਐਮ ਫਲੋਰਾਈਡ ਵਾਲੀ ਟੂੱਥਪੇਸਟ ਨਾਲ ਸਵੇਰੇ-ਸ਼ਾਮ ਦੰਦਾਂ ਨੂੰ ਕਲੀਨ ਕਰੋ।
- ਦੰਦ ਦੇ ਆਮ ਰੋਗਾਂ ਤੋਂ ਬਚਣ ਲਈ ਹਰ ਖਾਣੇ ਤੋਂ ਬਾਅਦ ਗਰਮ ਪਾਣੀ ਨਾਲ ਕੁਰਲੀ ਕਰਨ ਦੀ ਆਦਤ ਪਾ ਲਵੋ। ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਕੱਢਣ ਲਈ ਡੇਲੀ ਫਲਾਸ ਕਰੋ।
- ਟੂੱਥ-ਬੁਰਸ਼ ਨੂੰ ਹਰ 2 ਮਹੀਨੇ ਬਾਅਦ ਜਰੂਰ ਬਦਲੋ। ਆਪਣੇ ਦੰਦਾਂ ਦੇ ਮੁਤਾਬਿਕ ਨਰਮ ਜਾਂ ਸਖਤ ਬ੍ਰਿਸਟਲ ਵਾਲਾ ਟੂੱਥ-ਬੁਰਸ਼ ਇਸਤੇਮਾਲ ਕਰੋ।
- ਦੰਦਾਂ ਨੂੰ ਹੇਲਦੀ ਰੱਖਣ ਲਈ ਸਾਲ ਵਿਚ 1 ਬਾਰ ਡੈਂਟਿਸਟ ਤੋਂ ਚੈਕ-ਅਪ ਕਰਾਉਣ ਦੀ ਆਦਤ ਪਾ ਲਵੋ।
- ਮੂੰਹ ਦੀ ਬਦਬੂ ਲਈ ਨਮਕ ਵਾਲੇ ਪਾਣੀ ਦੇ ਗਰਾਰੇ ਡੇਲੀ 2-3 ਬਾਰ ਕਰੋ। ਘਰੇਲੂ ਮਾਊਥ-ਬਾਸ਼ ਲਈ 1 ਕੱਪ ਘੱਟ ਗਰਮ ਪਾਣੀ ਵਿਚ 3 ਬੂੰਦਾਂ ਟੀ-ਟ੍ਰੀ ਆਇਲ ਪਾਕੇ ਇਸਤੇਮਾਲ ਕਰਨਾ ਚਾਹੀਦਾ ਹੈ।
- ਰਾਤ ਨੂੰ ਬੈਡ 'ਤੇ ਜਾਣ ਤੋਂ ਪਹਿਲਾਂ 1-2 ਬੂੰਦਾਂ ਲੌਂਗ ਦਾ ਤੇਲ ਲਗਾਓ।



# ਕਿਸਾਨਾਂ ਨੂੰ ਐਮ.ਐਸ.ਪੀ. ਦੇ ਕੇ ਕਰਜ਼ੇ ਦੇ ਜਾਲ 'ਵਿਚੋਂ ਕੱਢਿਆ ਜਾਵੇ

ਲੇਖਕ : ਡਾਕਟਰ ਦਰਸ਼ਨ ਪਾਲ
ਮੋਬਾਈਲ -94172-69294

ਸੰਨ 1925 ਵਿਚ ਅੰਗਰੇਜ਼ ਲੇਖਕ ਐਮ.ਐਲ. ਡਾਰਲਿੰਗ ਨੇ ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦੀ ਮਾੜੀ ਸਥਿਤੀ ਦੀ ਵਿਆਖਿਆ ਕਰਦਿਆਂ ਲਿਖਿਆ ਸੀ, "ਕਿ ਪੰਜਾਬ ਦਾ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ 'ਚ ਜਵਾਨ ਹੁੰਦਾ ਤੇ ਕਰਜ਼ਾ ਛੱਡ ਕੇ ਮਰ ਜਾਂਦਾ ਹੈ" ਅੱਜ 100 ਸਾਲ ਬੀਤ ਜਾਣ ਤੋਂ ਬਾਅਦ ਸਥਿਤੀ ਪਹਿਲਾਂ ਨਾਲੋਂ ਵੀ ਭਿਆਨਕ ਹੋ ਗਈ ਹੈ। ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ ਭਾਰਤ ਵਿਚ 31 ਮਾਰਚ 2024 ਤੱਕ ਕਿਸਾਨੀ ਸਿਰ ਕੁੱਲ ਸੰਸਥਾਗਤ ਕਰਜ਼ਾ 33,52,646 ਕਰੋੜ ਰੁਪਏ ਦਾ ਹੈ, ਜਿਸ ਵਿਚੋਂ ਮਹਾਰਾਸ਼ਟਰ ਦੇ ਕਿਸਾਨਾਂ ਸਿਰ ਸਭ ਤੋਂ ਵੱਧ 8,38,249 ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਤੋਂ ਬਾਅਦ ਤਾਮਿਲਨਾਡੂ ਵਿਚ 3,84,139 ਕਰੋੜ, ਆਂਧਰਾ ਪ੍ਰਦੇਸ਼ ਵਿਚ 3,09,809 ਕਰੋੜ, ਉੱਤਰ ਪ੍ਰਦੇਸ਼ ਵਿਚ 2,29,887 ਕਰੋੜ ਅਤੇ ਰਾਜਸਥਾਨ ਵਿਚ 1,74,798 ਕਰੋੜ ਰੁਪਏ ਹੈ। ਪੰਜਾਬ ਦੇ ਕਿਸਾਨਾਂ ਉੱਪਰ 1,04,064 ਕਰੋੜ ਰੁਪਏ ਦਾ ਖੇਤੀ ਕਰਜ਼ਾ ਹੈ, ਜਦੋਂ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਦੇ ਕਿਸਾਨਾਂ ਸਿਰ 96,855 ਕਰੋੜ ਰੁਪਏ ਦਾ ਕਰਜ਼ਾ ਹੈ। ਕਿਸਾਨਾਂ ਦਾ ਪ੍ਰਤੀ ਖਾਤਾ ਕਰਜ਼ਾ ਦੇਖਣ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਪ੍ਰਤੀ ਖਾਤਾ ਕਰਜ਼ਾ 2.71 ਲੱਖ ਰੁਪਏ ਹੈ, ਜਦਕਿ ਹਰਿਆਣੇ 'ਚ ਇਹ ਕਰਜ਼ਾ 2.40 ਲੱਖ ਰੁਪਏ, ਮਹਾਰਾਸ਼ਟਰ 'ਚ 5.73 ਲੱਖ ਰੁਪਏ, ਤਾਮਿਲਨਾਡ 'ਚ 1.33 ਲੱਖ ਰੁਪਏ, ਰਾਜਸਥਾਨ 'ਚ 1.66 ਲੱਖ ਰੁਪਏ, ਉੱਤਰ ਪ੍ਰਦੇਸ਼ ਵਿਚ 1.22 ਲੱਖ ਰੁਪਏ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਪ੍ਰਤੀ ਖਾਤਾ ਕਰਜ਼ੇ ਵਿਚ ਉਪਰਲੇ ਦੇ ਸਥਾਨਾਂ 'ਤੇ ਹੈ। ਇਸ ਰਿਪੋਰਟ ਤੋਂ ਇਹ ਵੀ ਸਾਫ਼ ਹੁੰਦਾ ਹੈ ਕਿ ਕਰਜ਼ੇ ਦੇ ਸੰਕਟ ਨਾਲ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਪੂਰਾ ਦੇਸ਼ ਜੱਦੋ-ਜਹਿਦ ਕਰ ਰਿਹਾ ਹੈ। ਇਸ ਨਾਲ ਉਨ੍ਹਾਂ ਅਖੌਤੀ ਵਿਦਵਾਨਾਂ ਦੇ ਮੂੰਹਾਂ 'ਤੇ ਤਾਲੇ ਲੱਗੇ ਹਨ, ਜੋ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਸਾਰਾ ਭਾਂਡਾ ਕੋਠੀਆਂ/ਕਾਰਾਂ ਦੀ ਫਜ਼ੂਲ ਖਰਚੀ ਸਿਰ ਭੰਨਦੇ ਸਨ।

ਪੰਜਾਬ ਵਿਚ ਤੇਜ਼ੀ ਨਾਲ ਵੱਧ ਰਹੇ ਖੇਤੀ ਕਰਜ਼ੇ ਦੇ ਆਖਿਰ ਕੀ ਕਾਰਨ ਹਨ? ਵੱਧ ਰਹੇ ਕਰਜ਼ੇ ਦਾ ਪਹਿਲਾ ਵੱਡਾ ਕਾਰਨ ਖੇਤੀ ਦੀਆਂ ਲਾਗਤਾਂ ਵਿਚ ਲਗਾਤਾਰ ਹੋ ਰਿਹਾ ਵਾਧਾ ਹੈ, ਕਿਉਂਕਿ ਖੇਤੀ ਉਤਪਾਦਨ ਲਈ ਕੰਮ ਆਉਣ ਵਾਲੀਆਂ ਵਸਤਾਂ ਬਣਾਉਣ ਵਾਲੇ ਅਦਾਰਿਆਂ ਨੂੰ ਦੇਸ਼ ਦੇ ਹੁਕਮਰਾਨਾਂ ਨੇ ਨਿੱਜੀ ਹੱਥਾਂ ਵਿਚ ਸੌਂਪ ਦਿੱਤਾ ਹੈ। ਖੇਤੀ ਲਾਗਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਦਕਿ ਕਿਸਾਨਾਂ ਦੀ ਆਮਦਨ ਜਾਂ ਤਾਂ ਵਧ ਨਹੀਂ ਰਹੀ ਜਾਂ ਉਸ ਵਿਚ ਬਹੁਤ ਨਿਗੂਣਾ ਜਿਹਾ ਵਾਧਾ ਹੋਇਆ ਹੈ। ਕਿਸਾਨਾਂ ਨੂੰ ਅਗਲੀ ਫ਼ਸਲ ਬੀਜਣ ਅਤੇ ਉਸ ਦੀ ਸਾਂਭ-ਸੰਭਾਲ ਲਈ ਕਰਜ਼ਾ ਲੈਣਾ ਹੀ ਪੈਂਦਾ ਹੈ। ਇਸ ਦੇ ਨਾਲ ਹੀ ਹਰੇ ਇਨਕਲਾਬ ਮਾਡਲ ਨੇ ਪੰਜਾਬ ਦੀ ਖੇਤੀ ਨੂੰ ਹੱਥੀਂ ਕਿਰਤ ਵਾਲੀ ਖੇਤੀ ਤੋਂ ਤੋੜ ਕੇ ਮਸ਼ੀਨੀ ਖੇਤੀ ਵਿਚ ਬਦਲ ਦਿੱਤਾ ਹੈ। ਇਸ ਨਾਲ ਇੱਕ ਪਾਸੇ ਖੇਤੀ ਵਿਚ ਰੁਜ਼ਗਾਰ ਬਹੁਤ ਹੀ ਘੱਟ ਗਿਆ, ਦੂਜੇ ਪਾਸੇ ਮਸ਼ੀਨੀਕਰਨ ਦੀ ਜ਼ਰੂਰਤ ਕਾਰਨ ਕਿਸਾਨੀ ਨੂੰ ਭਾਰੀ ਪੈਸਾ ਨਿਵੇਸ਼ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਕਰਜ਼ੇ ਦੇ ਬੋਝ ਵਿਚ ਵਾਧਾ ਹੋਇਆ ਹੈ।

ਖੇਤੀ ਵਿਚ ਵਰਤੀ ਜਾਣ ਵਾਲੀ ਬਹੁਤੀ ਮਸ਼ੀਨਰੀ ਛੋਟੀਆਂ ਤੇ ਮੱਧਮ ਜੋਤਾਂ ਲਈ ਵਿੱਤੀ ਤੌਰ 'ਤੇ ਵਿਵਹਾਰਿਕ ਨਹੀਂ ਹੈ, ਪਰ ਛੋਟੀ ਕਿਸਾਨੀ ਨੂੰ ਇਸ ਦਾ ਕੋਈ ਵੀ ਹੱਲ ਨਹੀਂ ਸੁਝਾਇਆ ਗਿਆ। ਪੰਜਾਬ ਦੇ ਹਾਲਾਤ ਦੇ ਅਨੁਕੂਲ ਨਾ ਤਾਂ ਮਸ਼ੀਨਰੀ ਵਿਕਸਿਤ ਕੀਤੀ ਗਈ ਅਤੇ ਨਾ ਹੀ ਸਹਿਕਾਰੀ ਖੇਤਰ ਰਾਹੀਂ ਮਸ਼ੀਨੀਕਰਨ ਨੂੰ ਕਿਸਾਨਾਂ ਤੱਕ ਪਹੁੰਚਦਾ ਕੀਤਾ ਗਿਆ। ਜਿਸ ਕਾਰਨ ਵਿੱਤੀ ਕਮੀ ਦੇ ਬਾਵਜੂਦ ਵੱਡਾ ਨਿਵੇਸ਼ ਕਰਨ ਦੀ ਮਜਬੂਰੀ ਨੇ ਕਿਸਾਨੀ ਨੂੰ ਕਰਜ਼ੇ ਦੇ ਬੋਝ ਵੱਲ ਧੱਕ ਦਿੱਤਾ।

ਹੁਣ ਵੀ ਪੰਜਾਬ ਦੀ ਨਵੀਂ ਖੇਤੀ ਨੀਤੀ ਦੀਆਂ ਤਜਵੀਜ਼ਾਂ ਨੂੰ ਤਵੱਜੋਂ ਦਿੰਦੇ ਹੋਏ ਸਰਕਾਰ ਸਹਿਕਾਰੀ ਖੇਤਰ ਰਾਹੀਂ ਮਸ਼ੀਨੀਕਰਨ ਦੀ ਪਹੁੰਚ ਵਧਾ ਕੇ ਕਿਸਾਨਾਂ ਦੇ ਵੱਡੇ ਖਰਚੇ ਘਟਾ ਸਕਦੀ ਹੈ, ਪਰ ਸਰਕਾਰਾਂ ਦੇ ਕਾਰਪੋਰੇਟ ਪੱਖੀ ਮਾਡਲਾਂ ਨੇ ਇਸ ਤਰ੍ਹਾਂ ਦੀਆਂ ਨੀਤੀਆਂ ਨੂੰ ਲਾਂਭੇ ਕਰਨ ਦੇ ਬਹਾਨੇ ਲੱਭਣੇ ਹਨ। ਇਸੇ ਤਰ੍ਹਾਂ ਖੇਤੀ ਉਤਪਾਦਨ ਵਿਚ ਕੰਮ ਆਉਣ ਵਾਲੀਆਂ ਵਸਤਾਂ ਦਾ ਉਤਪਾਦਨ ਤੇ ਵੰਡ ਸਿਰਫ਼ ਜਨਤਕ ਖੇਤਰ ਰਾਹੀਂ ਹੋਣੀ ਚਾਹੀਦੀ ਹੈ, ਤਾਂ ਕਿ ਕਿਸਾਨਾਂ ਨੂੰ ਮਿਆਰੀ ਤੇ ਸਸਤੀਆਂ ਖੇਤੀ ਵਸਤਾਂ ਸਮੇਂ ਸਿਰ ਮਿਲ ਸਕਣ। ਦੇਸ਼ 'ਚ ਖੇਤੀ ਨਾ ਸਿਰਫ਼ ਕਰੋੜਾਂ ਲੋਕਾਂ ਦੇ ਜੀਵਨ ਬਸਰ ਦਾ ਸਾਧਨ ਹੈ, ਬਲਕਿ ਦੇਸ਼ ਦੀ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੀ ਇਹ ਜ਼ਰੂਰੀ ਹੈ ਕਿ ਨਿੱਜੀ ਖੇਤਰ/ਕਾਰੋਬਾਰੀ ਘਰਾਣਿਆਂ ਨੂੰ ਖੇਤੀ 'ਚੋਂ ਲਾਂਭੇ ਰੱਖਿਆ ਜਾਵੇ। ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਦੂਜਾ ਵੱਡਾ ਕਾਰਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣਾ ਹੈ। ਇਸ ਲਈ ਸਵਾਮੀਨਾਥਨ ਕਮਿਸ਼ਨ ਦੀ ਸੀ2+50 ਫ਼ੀਸਦੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ। ਸਰਕਾਰ ਦੇ ਮੌਜੂਦਾ ਐਮ.ਐਸ.ਪੀ. ਦੇਣ ਦੇ ਤਰੀਕੇ ਵਿਚ ਸਾਰੇ ਖੇਤੀ ਖਰਚੇ ਸ਼ਾਮਿਲ ਨਹੀਂ ਹੁੰਦੇ, ਜਿਸ ਨੂੰ ਸੀ2 ਲਾਗਤ ਵਾਲਾ ਫਾਰਮੂਲਾ ਅਪਣਾ ਕੇ ਹੀ ਦਰੁਸੱਤ ਕੀਤਾ ਜਾ ਸਕਦਾ ਹੈ। ਇਕ ਅਧਿਐਨ ਅਨੁਸਾਰ ਜੇਕਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ 2006 ਵਿਚ ਲਾਗੂ ਕੀਤਾ ਜਾਂਦਾ ਤਾਂ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਕੁਝ ਹਲਕਾ ਹੋ ਸਕਦਾ ਸੀ। ਕਈ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਜਿੰਨਾ ਘਾਟਾ ਸੀ2+50 ਫ਼ੀਸਦੀ 'ਤੇ ਐਮ.ਐਸ.ਪੀ. ਨਾ ਮਿਲਣ ਕਰਕੇ ਹੋਇਆ ਹੈ, ਪੰਜਾਬ ਦੀ ਕਿਸਾਨੀ ਉਪਰ ਬੱਸ ਉਨਾਂ ਕੁ ਹੀ ਕਰਜ਼ਾ ਹੈ। ਭਾਵ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਸ਼ ਦੇ ਕਿਸਾਨਾਂ ਦੀ ਆਮਦਨ, ਫ਼ਸਲੀ ਵਿਭਿੰਨਤਾ ਅਤੇ ਕਰਜ਼ੇ ਦੇ ਹੱਲ ਵੱਲ ਇੱਕ ਵੱਡਾ ਤੇ ਮਹੱਤਵਪੂਰਨ ਕਦਮ ਹੋਵੇਗਾ।

ਖੇਤੀ ਕਰਜ਼ੇ ਦਾ ਤੀਜਾ ਕਾਰਨ ਸ਼ਾਹੂਕਾਰਾਂ ਤੇ ਹੋਰ ਨਿੱਜੀ ਰਿਣਦਾਤਿਆਂ ਦੁਆਰਾ ਉੱਚੇ ਵਿਆਜ ਰਾਹੀਂ ਕੀਤੀ ਜਾਂਦੀ ਲੁੱਟ ਹੈ। ਦੱਸਣਯੋਗ ਹੈ ਕਿ 'ਨਾਬਾਰਡ' ਦੀ ਰਿਪੋਰਟ ਅਨੁਸਾਰ 1,04,064 ਕਰੋੜ ਦਾ ਖੇਤੀ ਕਰਜ਼ਾ ਸਿਰਫ਼ ਸੰਸਥਾਗਤ ਸਰੋਤਾਂ ਤੋਂ ਲਿਆ ਗਿਆ ਹੈ। ਇਸ ਵਿਚ ਸ਼ਾਹੂਕਾਰਾਂ, ਆੜਤੀਆਂ ਤੇ ਫਾਈਨਾਂਸ ਕੰਪਨੀਆਂ ਵਰਗੇ ਸਰੋਤਾਂ ਤੋਂ ਲਿਆ ਕਰਜ਼ਾ ਸ਼ਾਮਿਲ ਨਹੀਂ ਹੈ। ਇੱਕ ਅਧਿਐਨ ਦੇ ਅਨੁਸਾਰ ਪੰਜਾਬ ਵਿਚ ਕਿਸਾਨ ਪਰਿਵਾਰਾਂ ਦੇ ਕੁੱਲ ਕਰਜ਼ੇ ਦਾ 21.3 ਫ਼ੀਸਦੀ ਕਰਜ਼ਾ ਗੈਰ-ਸੰਸਥਾਗਤ ਸਰੋਤਾਂ ਤੋਂ ਲਿਆ ਗਿਆ ਹੈ, ਜਿਸ ਨਾਲ ਪੰਜਾਬ 'ਚ ਖੇਤੀ ਦਾ ਕੁੱਲ ਕਰਜ਼ਾ 1,26,229 ਕਰੋੜ ਰੁਪਏ ਹੋ ਜਾਂਦਾ ਹੈ ਅਤੇ ਇਹ ਬਹੁਤ ਹੀ ਚਿੰਤਾਜਨਕ ਹੈ। ਖਾਸ ਕਰਕੇ ਛੋਟੀ ਕਿਸਾਨੀ ਤੇ ਖੇਤ ਮਜ਼ਦੂਰ ਇਸ ਲੁੱਟ ਦਾ ਸ਼ਿਕਾਰ ਬਣਦੇ ਹਨ, ਕਿਉਂਕਿ ਇਨ੍ਹਾਂ ਵਰਗਾਂ ਦੀ ਸੰਸਥਾਗਤ ਕਰਜ਼ੇ ਤੱਕ ਪਹੁੰਚ ਬਿਲਕੁਲ ਘੱਟ ਹੁੰਦੀ ਹੈ। ਜਿਸ ਕਾਰਨ ਪ੍ਰਾਈਵੇਟ ਕਰਜ਼ੇ ਦੀਆਂ ਉੱਚੀਆਂ ਵਿਆਜ ਦਰਾਂ ਇਨ੍ਹਾਂ ਲੋਕਾਂ ਨੂੰ ਕਰਜ਼ੇ ਦੇ ਜਾਲ ਵਿਚ ਫਸਾਈ ਰੱਖਦੀਆਂ ਹਨ। ਇਸ ਲਈ ਅਜਿਹੇ ਪਰਿਵਾਰਾਂ ਲਈ ਘੱਟ ਵਿਆਜ ਦਰਾਂ 'ਤੇ ਸੰਸਥਾਗਤ ਕਰਜ਼ੇ ਦੀ ਪਹੁੰਚ ਵਧਾਈ ਜਾ ਸਕਦੀ ਹੈ।

ਖੇਤੀ ਕਰਜ਼ੇ ਦਾ ਅਗਲਾ ਕਾਰਨ ਹੈ ਬਾਕੀ ਸਮਾਜਿਕ ਖੇਤਰਾਂ ਦਾ ਮਹਿੰਗਾ ਹੋਣਾ। ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਣ ਕਾਰਨ ਕਿਸਾਨਾਂ ਦੀ ਸਿਹਤ-ਸੰਭਾਲ, ਬੱਚਿਆਂ ਦੀ ਪੜ੍ਹਾਈ ਅਤੇ ਰੋਜ਼ਾਨਾ ਦੇ ਖਰਚਿਆਂ ਵਿਚ ਕਈ ਗੁਣਾ ਵਾਧਾ ਹੋਇਆ ਹੈ, ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਕਰਜ਼ੇ ਲੈਣੇ ਪੈਂਦੇ ਹਨ। ਇਸ ਦੇ ਨਾਲ ਹੀ ਪੇਂਡੂ ਨੌਜਵਾਨਾਂ ਦਾ ਉੱਚ ਸਿੱਖਿਆ ਪ੍ਰਾਪਤ ਕਰਕੇ ਵੀ ਬੇਰੁਜ਼ਗਾਰੀ ਨਾਲ ਜੂਝਣਾ ਤੇ ਚੰਗੀ ਜ਼ਿੰਦਗੀ ਦੀ ਤਲਾਸ਼ ਵਿਚ ਪ੍ਰਵਾਸ ਦਾ ਰਾਹ ਫੜਨਾ ਵੀ ਕਰਜ਼ੇ ਵਧਣ ਦਾ ਵੱਡਾ ਕਾਰਨ ਹੈ। ਪਿਛਲੇ ਦਿਨੀਂ ਅਮਰੀਕਾ ਤੋਂ ਅਪਰਾਧੀਆਂ ਵਾਂਗ ਹੱਥਕੜੀਆਂ ਨਾਲ ਬੰਨ੍ਹ ਕੇ ਵਾਪਸ ਭੇਜੇ ਪੰਜਾਬੀ ਇਸ ਖਿੱਤੇ ਦੀ ਤ੍ਰਾਸਦੀ ਨੂੰ ਸਪੱਸ਼ਟ ਬਿਆਨ ਕਰਦੇ ਹਨ। ਪੰਜਾਬ 'ਚ ਖੇਤੀਬਾੜੀ ਧੰਦੇ ਨੂੰ ਲਾਹੇਵੰਦ ਬਣਾ ਕੇ ਚੰਗਾ ਜੀਵਨ ਬਸਰ ਕਰਨ ਜੋਗੀ ਆਮਦਨ ਤੇ ਖੇਤੀ ਵਿਚ ਰੁਜ਼ਗਾਰ ਦਿੱਤਾ ਜਾ ਸਕਦਾ ਹੈ ਤਾਂ ਕਿ ਪੰਜਾਬੀਆਂ ਨੂੰ ਆਪਣੀ ਜਾਨ ਖਤਰੇ ਵਿਚ ਪਾ ਕੇ ਵਿਦੇਸ਼ਾਂ ਦਾ ਰਾਹ ਫੜਨ ਲਈ ਮਜਬੂਰ ਨਾ ਹੋਣਾ ਪਵੇ।

ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਦੇ ਦਬਾਅ ਥੱਲੇ ਆ ਕੇ ਭਾਰਤ ਸਰਕਾਰ ਖੇਤੀ ਸਬਸਿਡੀਆਂ ਨੂੰ ਖਤਮ ਕਰਨ ਤੇ ਖੇਤੀ ਨੂੰ ਕਾਰਪੋਰੇਟਾਂ ਦੇ ਹੱਥੀਂ ਸੌਂਪਣ ਲਈ ਕਾਹਲੀ ਪਈ ਹੋਈ ਹੈ। ਭਾਵੇਂ 2021 ਵਿਚ ਲੋਕ ਸੰਘਰਸ਼ ਦੇ ਦਬਾਅ ਹੇਠ ਤਿੰਨ ਕਾਲੇ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਸਨ, ਪਰ 2024 ਵਿਚ ਘੜੀ ਗਈ ਨਵੀਂ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਇਸੇ ਲੜੀ ਦਾ ਹਿੱਸਾ ਹੈ। ਹੁਣ ਜ਼ਰੂਰਤ ਹੈ ਕਿ ਕਿਸਾਨ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਪੰਜਾਬ ਦੀ ਨਵੀਂ ਖੇਤੀ ਨੀਤੀ ਨੂੰ ਲਾਗੂ ਕੀਤਾ ਜਾਵੇ, ਜਿਸ ਤਹਿਤ ਫ਼ਸਲ ਬੀਮਾ, ਮਜ਼ਦੂਰਾਂ ਲਈ ਰੁਜ਼ਗਾਰ ਵਧਾਉਣਾ, ਖੁਦਕੁਸ਼ੀ ਦਾ ਮੁਆਵਜ਼ਾ, ਕਿਸਾਨਾਂ ਨੂੰ ਪੈਨਸ਼ਨ ਦੇਣ ਦੇ ਨਾਲ-ਨਾਲ ਖੇਤੀ ਨੂੰ ਸਹਿਕਾਰਤਾ ਮਾਡਲ ਦੇ ਤਹਿਤ ਵਿਕਸਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕਿਸਾਨੀ ਦੀ ਦਸ਼ਾ, ਦੇਸ਼ ਦੇ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਅਤੇ ਕਿਸਾਨਾਂ ਦੇ ਰੋਹ ਨੂੰ ਸਮਝਦੇ ਹੋਏ ਕਿਸਾਨਾਂ/ਮਜ਼ਦੂਰਾਂ ਨੂੰ ਕਰਜ਼ੇ ਦੇ ਭਾਰ ਤੋਂ ਮੁਕਤ ਕਰਨਾ ਅੱਜ ਦੇ ਅਰਥਚਾਰੇ ਦੀ ਅਹਿਮ ਜ਼ਰੂਰਤ ਹੈ।

ਇਸ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਵਿਸ਼ਵ ਵਪਾਰ ਸੰਸਥਾ ਤੇ ਕਾਰਪੋਰੇਟਾਂ ਦਾ ਹੱਥਕੰਡਾ ਬਣਨ ਤੋਂ ਗੁਰੇਜ਼ ਕਰਕੇ ਖੇਤੀ ਲਈ ਲੋਕ ਪੱਖੀ ਨੀਤੀਆਂ ਘੜਨੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਫਸਲਾਂ ਲਈ ਐਮ.ਐਸ.ਪੀ. ਦੇ ਕੇ ਕਰਜ਼ੇ ਦੇ ਜਾਲ 'ਚੋਂ ਕੱਢਿਆ ਜਾਵੇ, ਤਾਂ ਜੋ ਦੇਸ਼ ਨੂੰ ਖੁਸ਼ਹਾਲੀ ਦੇ ਰਸਤੇ 'ਤੇ ਅੱਗੇ ਵਧਾਇਆ ਜਾ ਸਕੇ।

ਸਫ਼ਾ 12 ਦਾ ਬਾਕੀ

## ਕਸ਼ਮੀਰ ਹਿੰਸਾ ਦਾ ਸਿਆਸੀ...

ਬੇਕਸੂਰ ਲੋਕਾਂ ਦੀਆਂ ਜਾਨਾਂ ਲਈਆਂ ਜਾ ਰਹੀਆਂ ਸਨ। ਇਸ ਵਾਰ ਨਸਲੀ ਹਮਲਿਆਂ ਦਾ ਸ਼ਿਕਾਰ ਘੱਟ-ਗਿਣਤੀ ਮੁਸਲਮਾਨ ਹੋ ਰਹੇ ਸਨ।'ਛੱਟੀਸਿੰਘਪੁਰਾ ਦਾ ਕਤਲੇਆਮ' ਇਨਸਾਫ਼ -ਪਸੰਦ ਜਥੇਬੰਦੀਆਂ ਨੂੰ ਅੱਗੇ ਆ ਕੇ, ਬੇਕਸੂਰਾਂ ਦੇ ਕਤਲੇਆਮ ਖ਼ਿਲਾਫ਼ ਆਵਾਜ਼ ਉਠਾਉਣ ਲਈ ਸੱਦਾ ਦਿੰਦਾ ਹੈ। ਜੇ ਅਜਿਹੀਆਂ ਜ਼ਾਲਮਾਨਾ ਤਾਕਤਾਂ ਖ਼ਿਲਾਫ਼ ਲੋਕ ਇਕੱਠੇ ਨਾ ਹੋਏ, ਤਾਂ ਅਜਿਹੇ ਖ਼ੂਨੀ ਸਾਕੇ ਸਦਾ ਹੀ ਦੁਹਰਾਏ ਜਾਂਦੇ ਰਹਿਣਗੇ।

ਜੇਕਰ 1984 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਅਗਵਾਈ ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹੁੰਦੀਆਂ, ਤਾਂ ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਮੌਕੇ ਮੁਸਲਿਮ ਕਤਲੇਆਮ ਨਾ ਹੁੰਦਾ ਅਤੇ ਜੇ ਗੁਜਰਾਤ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਦੀਆਂ, ਤਾਂ ਇਹ ਮਾਡਲ ਅੱਜ ਭਾਰਤ ਦੇ ਕੋਨੇ-ਕੋਨੇ ਵਿੱਚ ਨਾ ਦੁਹਰਾਇਆ ਜਾਂਦਾ। ਛੱਟੀਸਿੰਘਪੁਰਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਵੀ ਇਸੇ ਕੌੜੀ ਹਕੀਕਤ ਨੂੰ ਬਿਆਨ ਕਰਦਾ ਹੈ। ਜਦੋਂ ਤੱਕ ਲੋਕ ਚੁੱਪ ਰਹਿਣਗੇ, ਉਦੋਂ ਤੱਕ ਫਾਸ਼ੀਵਾਦੀ ਤਾਕਤਾਂ ਜ਼ੁਲਮ ਕਰਦੀਆਂ ਰਹਿਣਗੀਆਂ। ਕਸ਼ਮੀਰ ਘਾਟੀ ਦੇ ਸਿੱਖਾਂ ਵੱਲੋਂ ਲਗਾਤਾਰ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਛੱਟੀਸਿੰਘਪੁਰਾ ਦਾ ਕਤਲੇਆਮ ਭਾਰਤੀ ਫ਼ੌਜੀਆਂ ਜਾਂ ਉਨ੍ਹਾਂ ਅਧੀਨ ਕੰਮ ਕਰਨ ਵਾਲੇ ਮੁਖ਼ਬਰਾਂ ਤੇ ਸਰਕਾਰੀ ਦਹਿਸ਼ਤਗਰਦਾਂ ਵੱਲੋਂ ਸਿੱਖਾਂ ਨੂੰ ਡਰਾਉਣ ਅਤੇ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਰਵਾਇਆ ਗਿਆ, ਜਿਸ ਦੀ ਕਦੇ ਵੀ ਭਾਰਤ ਸਰਕਾਰ ਜਾਂ ਸੂਬਾਈ ਸਰਕਾਰ ਵੱਲੋਂ, ਜਾਣ ਬੁੱਝ ਕੇ ਜਾਂਚ ਨਹੀਂ ਕਰਵਾਈ ਗਈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਕਦੇ ਸਿੱਖ ਰਾਜ ਦਾ ਹਿੱਸਾ ਰਹੀ ਭਾਰਤ ਦਾ ਸਵਰਗ ਕਹੀ ਜਾਣ ਵਾਲੀ ਕਸ਼ਮੀਰ ਘਾਟੀ ਭਿਆਨਕ ਹਿੰਸਾ ਦੀ ਲਪੇਟ ਵਿੱਚ ਹੈ। ਕਸ਼ਮੀਰ ਦੀ ਧਰਤੀ 'ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੀ ਅਗਵਾਈ ਵਿੱਚ ਕਸ਼ਮੀਰੀ ਅਵਾਮ ਸ਼ਾਂਤਮਈ ਸੁਖੀ ਜੀਵਨ ਬਸਰ ਕਰ ਰਿਹਾ ਸੀ। ਜਦੋਂ ਡੋਗਰੇ ਭਰਾਵਾਂ ਦੀ ਗੱਦਾਰੀ ਤੇ ਸਾਜ਼ਿਸ਼ਾਂ ਕਾਰਨ ਸਿੱਖ ਰਾਜ ਅੰਗਰੇਜ਼ਾਂ ਵੱਲੋਂ ਧੋਖੇ ਨਾਲ ਖੋਹ ਲਿਆ ਗਿਆ ਤਾਂ 16 ਮਾਰਚ 1846 ਨੂੰ ਅੰਗਰੇਜ਼ ਹਕੂਮਤ ਨੇ ਗ਼ੁਲਾਬ ਸਿੰਘ ਡੋਗਰੇ ਨੂੰ ਕਸ਼ਮੀਰ 68 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ, ਜਿਸ ਉਪਰੰਤ ਉੱਥੇ ਵੱਸਦੇ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਦੌਰ ਸ਼ੁਰੂ ਹੋ ਗਿਆ।

ਸੱਚ ਤਾਂ ਇਹ ਹੈ ਕਿ ਕਸ਼ਮੀਰ ਘਾਟੀ ਵਿੱਚ ਹੋਏ ਛੱਟੀਸਿੰਘਪੁਰਾ ਦੇ ਸਿੱਖ ਕਤਲੇਆਮ ਲਈ ਤਤਕਾਲੀ ਭਾਰਤ ਸਰਕਾਰ ਤਾਂ ਦੋਸ਼ੀ ਹੈ ਹੀ, ਪਰ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਵੀ ਦੋਸ਼-ਮੁਕਤ ਨਹੀਂ ਹੋ ਸਕਦੇ, ਜਿਨ੍ਹਾ ਜੇ ਇਹ ਮੰਨ ਲਿਆ ਸੀ ਕਿ ਉਨ੍ਹਾਂ ਦੇ ਭਾਰਤ ਜਾਣ ਕਾਰਨ ਬੇਗੁਨਾਹ ਸਿੱਖ ਮਾਰੇ ਗਏ ਸਨ, ਤਾਂ ਫਿਰ ਅਜਿਹੇ ਕਤਲੇਆਮ ਦੀ ਜਾਂਚ ਦੀ ਮੰਗ ਕਿਉਂ ਨਹੀਂ ਕੀਤੀ? ਛੱਟੀਸਿੰਘਪੁਰਾ ਦੇ ਸਿੱਖ ਕਤਲੇਆਮ ਦਾ ਕਲੰਕ ਭਾਰਤ ਦੀ ਵਾਜਪਾਈ ਸਰਕਾਰ ਅਤੇ ਅਮਰੀਕਾ ਦੀ ਕਲਿੰਟਨ ਸਰਕਾਰ ਦੇ ਮੱਥੇ ਤੋਂ ਕਦੇ ਨਹੀਂ ਮਿਟੇਗਾ।

ਛੱਟੀਸਿੰਘਪੁਰਾ ਸਿੱਖ ਕਤਲੇਆਮ ਦੇ 25ਵੇਂ ਵਰ੍ਹੇ ਤੇ ਸਿੱਖਸ ਫਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂੰ ਨੇ ਇੱਕ ਭਾਰਤੀ ਫ਼ੌਜੀ ਅਧਿਕਾਰੀ ਦੀ ਗਵਾਹੀ ਪੇਸ਼ ਕਰਦਿਆਂ ਦਾਅਵਾ ਕੀਤਾ ਹੈ ਕਿ ਸਿੱਖ ਕਤਲੇਆਮ ਪਿੱਛੇ ਅਜੀਤ ਡੋਵਾਲ ਸੀ। ਮੀਡੀਆ ਰਿਲੀਜ਼ ਰਾਹੀਂ ਵਕੀਲ ਪੰਨੂੰ ਨੇ ਦਾਅਵਾ ਕੀਤਾ ਹੈ ਕਿ ਛੱਟੀਸਿੰਘਪੁਰਾ ਸਿੱਖ ਕਤਲੇਆਮ ਨੂੰ ਅੰਜਾਮ ਦੇਣ ਵਾਲਾ 'ਕੈਪਟਨ ਰਾਠੌਰ' ਭਗੌੜਾ ਹੋ ਗਿਆ, ਕਿਉਂਕਿ ਉਸਦੇ ਸਾਰੇ ਨਾਲ ਦੇ ਸਾਥੀ ਇੱਕ-ਇੱਕ ਕਰ ਕਰਕੇ ਮਾਰ ਦਿੱਤੇ ਗਏ। 'ਕੈਪਟਨ ਰਾਠੌਰ' ਖੁਦ ਇਸ ਵੀਡੀਓ ਵਿੱਚ ਦੱਸਦਾ ਹੈ ਕਿ ਕਿਵੇਂ ਉਹ ਯੂਰਪ ਹੁੰਦਾ ਹੋਇਆ ਅਮਰੀਕਾ ਪੁੱਜਾ। "ਗਵਾਹਾਂ ਦੀ ਕਤਲੋਗਾਰਤ ਤਹਿਤ, ਮੇਰੀ ਫੌਜੀ ਟੁਕੜੀ ਦੇ ਹਰ ਫ਼ੌਜੀ ਨੂੰ ਯੋਜਨਾਬੱਧ ਤਰੀਕੇ ਨਾਲ ਕਤਲ ਕਰ ਦਿੱਤਾ ਸੀ, ਸਿਰਫ ਮੈਂ ਹੀ ਬਚਿਆ ਹਾਂ" ਭਾਰਤੀ 'ਕੈਪਟਨ ਰਾਠੌਰ' ਵੀਡੀਓ ਵਿੱਚ ਕਬੂਲ ਕਰਦਾ ਹੈ ਕਿ ਉਹ ਉਸ ਟੁਕੜੀ ਨੂੰ ਲੀਡ ਕਰ ਰਿਹਾ ਸੀ, ਜਿਸਨੇ ਬੇਰਹਿਮੀ ਨਾਲ ਛੱਟੀਸਿੰਘਪੁਰਾ ਵਿੱਚ ਸਿੱਖਾਂ ਨੂੰ ਕਤਲ ਕੀਤਾ ਸੀ।

ਭਾਰਤੀ ਫ਼ੌਜੀ ਅਧਿਕਾਰੀ ਇਸ ਵੀਡੀਓ ਵਿੱਚ ਦੱਸਦਾ ਹੈ ਕਿ ਸਿੱਖ ਕਤਲੇਆਮ ਦੀ ਵਿਉਂਤਬੰਦੀ ਰਾਸ਼ਟਰੀ ਰਾਈਫਲ ਹੈੱਡਕੁਆਟਰ ਵਿਚ ਕੀਤੀ ਗਈ ਸੀ। ਸਿੱਖ ਕਤਲੇਆਮ ਦਾ ਹੁਕਮ ਬ੍ਰਿਗੇਡੀਅਰ ਜੇ.ਐੱਸ ਵੱਲੋਂ ਦਿੱਤਾ ਗਿਆ ਸੀ। ਇਸ ਹਮਲੇ ਪਿੱਛੇ ਭਾਰਤ ਦਾ ਹੱਥ ਲੁਕਾਉਣ ਲਈ ਫ਼ੌਜ ਵੱਲੋਂ 5 ਬੇਕਸੂਰ ਕਸ਼ਮੀਰੀਆਂ ਨੂੰ 'ਪਾਕਿਸਤਾਨੀ ਅਤਿਵਾਦੀ' ਦੱਸ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸਨੂੰ 2006 ਵਿੱਚ ਸੀ.ਬੀ.ਆਈ ਨੂੰ ਝੂਠਾ ਮੁਕਾਬਲਾ ਐਲਾਨ ਦਿੱਤਾ ਸੀ। ਵਕੀਲ ਪੰਨੂੰ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਇਹ ਹਮਲਾ ਕਰਕੇ ਅਤੇ ਪਾਕਿਸਤਾਨ ਨੂੰ ਅਤਿਵਾਦੀ ਦੇਸ਼ ਐਲਾਨ ਕੇ, ਅਮਰੀਕਾ ਦੀ ਕਸ਼ਮੀਰ ਦੇ ਮਸਲੇ 'ਤੇ ਭਾਰਤ ਦੇ ਪੱਖ ਵਿੱਚ, ਸਹਿਮਤੀ ਲੈਣ ਦੀ ਸਾਜਿਸ਼ ਸੀ। ਉਹਨਾਂ ਦੀ ਮੰਗ ਹੈ ਕਿ ਸਰਕਾਰੀ ਅਤਿਵਾਦ ਫੈਲਾਉਣ ਲਈ ਹੁਣ ਗਲੋਬਲ ਇੰਟੈਲੀਜੈਂਸ ਕਮਿਊਨਟੀ ਡੋਭਾਲ ਅਤੇ ਭਾਰਤ ਨੂੰ ਜਵਾਬਦੇਹ ਕਰੇ।

ਦਿਲਚਸਪ ਗੱਲ ਹੈ ਕਿ ਜਦੋਂ ਸਿਖਸ ਫਾਰ ਜਸਟਿਸ ਵੱਲੋਂ ਸਿੱਖ ਕਤਲੇਆਮ ਇਨਸਾਫ ਦੀ ਮੰਗ ਕੀਤੀ ਗਈ ਹੈ, ਉਸੇ ਹੀ ਮੌਕੇ ਦਿੱਲੀ ਵਿੱਚ ਭਾਰਤ ਸਰਕਾਰ ਨੇ ਅਮਰੀਕਾ ਦੀ ਇੰਟੈਲੀਜੈਂਸ ਡਾਇਰੈਕਟਰ ਤੁਲਸੀ ਗਵਾਰਡ ਨੂੰ ਸਿਖਸ ਫਾਰ ਜਸਟਿਸ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਹੈ। ਇਸ ਮੌਕੇ 'ਤੇ ਚਾਹੀਦਾ ਸੀ ਕਿਇੰਟੈਲੀਜੈਂਸ ਮੁਖੀ ਤੁਲਸੀ ਗਵਾਰਡ ਛੱਟੀਸਿੰਘਪੁਰਾ ਦੇ ਕਤਲੇਆਮ ਦੇ ਲਈ ਭਾਰਤ ਸਰਕਾਰ ਨੂੰ ਸਵਾਲ ਕਰਦੀ, ਪਰ ਦੁਖਦਾਈ ਗੱਲ ਇਹ ਹੈ ਤੁਲਸੀ ਗਵਾਰਡ ਨੇ ਅਜਿਹਾ ਨਹੀਂ ਕੀਤਾ। ਅੱਜ ਲੋੜ ਹੈ ਕਿ ਅਮਰੀਕਨ ਰਾਸ਼ਟਰਪਤੀ ਟਰੰਪ ਇਸ ਮਾਮਲੇ 'ਚ ਚੁੱਪ ਤੋੜਨ ਅਤੇ ਸਿੱਖ ਕਤਲੇਆਮ ਦੇ ਮੁੱਦੇ ਤੇ ਅਮਰੀਕਾ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਭਾਰਤ ਨੂੰ ਜਵਾਬਦੇਹ ਕਰਨ। ਅਮਰੀਕਾ ਵਿੱਚ ਸਿੱਖ ਜਥੇਬੰਦੀਆਂ ਨੂੰ ਵੀ, ਇਸ ਮਸਲੇ 'ਤੇ ਇੱਕ-ਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।



# ਮੂਰਖ ਲੂੰਬੜੀ



ਇਕ ਲੂੰਬੜੀ ਸਵੇਰ ਦੀ ਭੁੱਖੀ-ਭਾਣੀ ਆਪਣੇ ਸ਼ਿਕਾਰ ਦੀ ਭਾਲ ਵਿਚ ਨਿਕਲੀ ਹੋਈ ਸੀ। ਦੁਪਹਿਰ ਢਲਣ 'ਤੇ ਆ ਗਈ ਪਰ ਉਸ ਨੂੰ ਕਿਧਰੋਂ ਵੀ ਸ਼ਿਕਾਰ ਨਾ ਮਿਲਿਆ। ਹੁਣ ਉਹ ਤਲਾਅ ਵੱਲ ਤੁਰ ਪਈ ਕਿ ਥੋੜ੍ਹਾ ਪਾਣੀ ਪੀ ਕੇ ਘੱਟੋ-ਘੱਟ ਪਿਆਸ ਤਾਂ ਬੁਝਾਈ ਜਾਵੇ। ਲੂੰਬੜੀ ਜਦੋਂ ਤਲਾਅ ਦੇ ਨੇੜੇ ਪਹੁੰਚੀ ਤਾਂ ਉਸ ਨੇ ਦੇਖਿਆ ਕਿ ਤਲਾਅ ਦੇ ਕੰਢੇ ਇਕ ਕੱਛੂਕੁੰਮਾ ਅਤੇ ਇਕ ਡੱਡੂ ਆਪਸ ਵਿਚ ਗੱਪਾਂ ਮਾਰ ਰਹੇ ਸਨ। ਲੂੰਬੜੀ ਨੂੰ ਪਾਣੀ ਪੀਣਾ ਭੁੱਲ ਗਿਆ। ਉਸ ਨੇ ਸੋਚਿਆ ਕਿ ਵੱਡਾ ਨਹੀਂ ਤਾਂ ਛੋਟਾ ਜਿਹਾ ਸ਼ਿਕਾਰ ਤਾਂ ਮਿਲ ਹੀ ਗਿਆ ਹੈ। ਇਸ ਨਾਲ ਮੇਰੀ ਭਾਵੇਂ ਭੁੱਖ ਨਹੀਂ ਮਿਟਣੀ ਪਰ ਥੋੜ੍ਹਾ ਜਿਹਾ ਆਸਰਾ ਤਾਂ ਜ਼ਰੂਰ ਹੋ ਜਾਵੇਗਾ। ਇਹ ਸੋਚ ਕੇ ਉਹ ਕੱਛੂਕੁੰਮੇ ਤੇ ਡੱਡੂ ਵੱਲ ਤੁਰ ਪਈ। ਲੂੰਬੜੀ ਨੂੰ ਦੇਖਦੇ ਹੀ ਕੱਛੂਕੁੰਮਾ ਤੇ ਡੱਡੂ ਤਲਾਅ ਵੱਲ ਵਧੇ। ਡੱਡੂ ਤਾਂ ਛਾਲ ਮਾਰ ਕੇ ਤਲਾਅ ਵਿਚ ਚਲਾ ਗਿਆ ਪਰ ਕੱਛੂਕੁੰਮਾ ਲੂੰਬੜੀ ਦੇ ਹੱਥ ਆ ਗਿਆ। ਲੂੰਬੜੀ ਉਸ ਨੂੰ ਆਪਣੇ ਪੰਜੇ ਨਾਲ ਰੇੜ੍ਹਦੀ ਹੋਈ ਤਲਾਅ ਤੋਂ ਥੋੜ੍ਹੀ ਦੂਰ ਲੈ ਗਈ। ਕੱਛੂਕੁੰਮੇ ਨੇ ਸਿਰੀ ਆਪਣੇ ਖੋਲ ਅੰਦਰ ਲੁਕਾ ਲਈ ਸੀ ਤੇ ਉਹ ਪੱਥਰ ਵਾਂਗ ਹੀ ਲੂੰਬੜੀ ਦੇ ਪੰਜਿਆਂ ਨਾਲ ਇਧਰ-ਉਧਰ ਰਿੜ੍ਹ ਰਿਹਾ ਸੀ। ਹੁਣ ਲੂੰਬੜੀ ਨੇ ਉਸ ਨੂੰ ਖਾਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਉਪਰਲੀ ਚਮੜੀ ਇਕ ਸੁਰੱਖਿਆ ਕਵਚ ਦਾ ਕੰਮ ਕਰ ਰਹੀ ਸੀ। ਲੂੰਬੜੀ ਦੀ ਕੋਸ਼ਿਸ਼ ਨਾਕਾਮ ਰਹੀ। ਕੱਛੂਕੁੰਮੇ ਦੀ ਵੀ ਜਾਨ 'ਤੇ ਬਣੀ ਹੋਈ ਸੀ। ਉਸ ਨੂੰ ਆਪਣੀ ਮੌਤ ਨਜ਼ਰ ਆ ਰਹੀ ਸੀ।

ਇਸ ਦੇ ਬਾਵਜੂਦ ਉਸ ਨੇ ਆਪਣੇ ਦਿਮਾਗ ਦਾ ਸੰਤੁਲਨ ਕਾਇਮ ਰੱਖਿਆ ਤੇ ਆਪਣੀ ਥੋੜ੍ਹੀ ਜਿਹੀ ਸਿਰੀ ਖੋਲ ਵਿਚੋਂ ਬਾਹਰ ਕੱਢ ਕੇ ਬੋਲਿਆ, 'ਮਾਸੀ, ਬਾਹਰ ਧੁੱਪ ਵਿਚ ਫਿਰਨ ਨਾਲ ਮੇਰੀ ਚਮੜੀ ਸਖਤ ਹੋ ਗਈ ਹੈ। ਤੂੰ ਮੈਨੂੰ ਥੋੜ੍ਹੀ ਦੇਰ ਲਈ ਪਾਣੀ ਵਿਚ ਛੱਡ ਦੇ ਤਾਂ ਕਿ ਮੇਰੀ ਚਮੜੀ ਨਰਮ ਹੋ ਜਾਵੇ। ਫਿਰ ਤੂੰ ਮੈਨੂੰ ਆਰਾਮ ਨਾਲ ਖਾ ਲਵੀਂ। ਕੱਛੂਕੁੰਮੇ ਦੀ ਗੱਲ ਸੁਣ ਕੇ ਲੂੰਬੜੀ ਖੁਸ਼ ਹੋ ਗਈ ਤੇ ਸੋਚਣ ਲੱਗੀ ਕਿ ਅੱਜ ਤਾਂ ਸ਼ਿਕਾਰ ਆਪ ਤਰੀਕਾ ਦੱਸ ਰਿਹਾ ਹੈ ਕਿ ਮੈਂ ਉਸ ਨੂੰ ਕਿਵੇਂ ਖਾਵਾਂ? ਇਹ ਸੋਚਦਿਆਂ ਹੀ ਲੂੰਬੜੀ ਉਸ ਨੂੰ ਆਪਣੇ ਪੰਜਿਆਂ ਨਾਲ ਰੇੜ੍ਹਦੀ ਹੋਈ ਤਲਾਅ ਲਾਗੇ ਲੈ ਗਈ ਤੇ ਉਸ ਨੂੰ ਪਾਣੀ ਵਿਚ ਪਾ ਦਿੱਤਾ। ਪਾਣੀ ਵਿਚ ਜਾਣ ਦੀ ਦੇਰ ਸੀ ਕਿ ਕੱਛੂਕੁੰਮਾ ਤੈਰਦਾ ਹੋਇਆ ਤਲਾਅ ਦੇ ਵਿਚਕਾਰ ਪਹੁੰਚ ਗਿਆ। ਜਦੋਂ ਕੱਛੂਕੁੰਮੇ ਨੇ ਦੇਖਿਆ ਕਿ ਹੁਣ ਉਹ ਸੁਰੱਖਿਅਤ ਹੈ ਤਾਂ ਲੂੰਬੜੀ ਵੱਲ ਮੂੰਹ ਕਰਕੇ ਬੋਲਿਆ, 'ਮਾਸੀ, ਤੂੰ ਆਪਣੇ-ਆਪ ਨੂੰ ਜ਼ਿਆਦਾ ਚਲਾਕ ਸਮਝਦੀ ਹੈਂ ਪਰ ਮੈਂ ਤੈਨੂੰ ਮੂਰਖ ਬਣਾ ਕੇ ਆਪਣੀ ਜਾਨ ਬਚਾਅ ਲਈ ਹੈ। ਹੁਣ ਤੂੰ ਤਲਾਅ 'ਚੋਂ ਪਾਣੀ ਪੀ ਕੇ ਹੀ ਆਪਣਾ ਢਿੱਡ ਭਰ ਲਈਂ।' ਇਹ ਕਹਿੰਦਾ ਹੋਇਆ ਉਹ ਆਪਣੇ ਦੋਸਤ ਡੱਡੂ ਕੋਲ ਚਲਾ ਗਿਆ।

**-ਗੁਰਜੀਤ ਸਿੰਘ**

## ਰਸਤਾ ਲੱਭੋ



## ਬਿੰਦੂ ਮਿਲਾਓ





# ਅਫ਼ਰੀਕਾ ਮਹਾਦੀਪ ਦੀਆਂ ਨਦੀਆਂ

ਪਿਆਰੇ ਬੱਚਿਓ! ਕਾਜ਼ਿੰਗਾਪੂਰਬੀ ਅਫਰੀਕਾ ਦੀ ਇਕ ਨਦੀ ਹੈ। ਇਹ ਨਦੀ ਯੂਗਾਂਡਾ ਦੇਸ਼ ਵਿਚ ਵਹਿਣ ਵਾਲੀ ਇਕ ਨਦੀ ਹੈ। ਇਸ ਨਦੀ ਦੀ ਲੰਬਾਈ 34 ਕਿਲੋਮੀਟਰ ਦੇ ਲਗਭਗ ਹੈ। ਇਸ ਨਦੀ ਦੀ ਚੌੜਾਈ 2.5 ਕਿਲੋਮੀਟਰ ਤੋਂ ਉੱਪਰ ਹੈ। ਬੱਚਿਓ! ਇਸ ਨਦੀ ਦੀ ਡੂੰਘਾਈ ਲਗਭਗ 2.5 ਮੀਟਰ ਹੈ। ਇਸ ਨਦੀ ਦਾ ਕੁੱਲ ਖੇਤਰਫਲ 900 ਕਿਲੋਮੀਟਰ ਹੈ। ਇਸ ਨਦੀ 'ਤੇ ਦੋ ਝੀਲਾਂ ਅਡਵਾਰਡ ਤੇ ਜੌਰਜ ਆਦਿ ਕਾਫੀ ਮਹੱਤਵਪੂਰਨ ਹਨ। ਇਨ੍ਹਾਂ ਝੀਲਾਂ 'ਤੇ ਬਹੁਤ ਸਾਰੀਆਂ ਪ੍ਰਜਾਤੀਆਂ ਦੇ ਪੰਛੀ ਆਮ ਦੇਖਣ ਨੂੰ ਮਿਲਦੇ ਹਨ। ਕਈ ਪੰਛੀ ਤਾਂ ਪ੍ਰਵਾਸੀ ਪੰਛੀ ਕਹਿਲਾਉਂਦੇ ਹਨ। ਇਨ੍ਹਾਂ ਝੀਲਾਂ ਉੱਤੇ 80 ਤੋਂ ਵੱਧ ਪ੍ਰਜਾਤੀਆਂ ਦੇ ਪੰਛੀ ਦੇਖਣ ਨੂੰ ਮਿਲਦੇ ਹਨ।

ਇਸ ਨਦੀ ਵਿਚ ਕਈ ਕਿਸਮ ਦੀਆਂ ਮੱਛੀਆਂ ਵੀ ਮਿਲਦੀਆਂ ਹਨ। ਬਹੁਤ ਸਾਰੇ ਮਛੇਰੇ ਇਨ੍ਹਾਂ ਮੱਛੀਆਂ ਨੂੰ ਫੜਦੇ ਆਮ ਦੇਖੇ ਜਾ ਸਕਦੇ ਹਨ। ਇਸ ਨਦੀ ਵਿਚ ਮਗਰਮੱਛ, ਕੱਛੂਕੁੰਮੇ, ਗੈਂਡੇ ਆਦਿ ਵੀ ਬਹੁਤ ਜ਼ਿਆਦਾ ਦੇਖੇ ਜਾ ਸਕਦੇ ਹਨ। 2005 ਵਿਚ ਇਸ ਨਦੀ ਵਿਚਲੇ ਜੀਵ-ਜੰਤੂਆਂ ਉੱਤੇ ਕਹਿਰ ਢਾਹਿਆ ਗਿਆ। ਬਹੁਤ ਸਾਰੇ ਜੀਵ-ਜੰਤੂ ਮਾਰੇ ਗਏ ਪਰ ਹੁਣ ਇਨ੍ਹਾਂ ਦੇ ਸ਼ਿਕਾਰ ਉੱਤੇ ਰੋਕ ਲਗਾਈ ਹੈ, ਜੋ ਇਕ ਸਾਰਥਿਕ ਕਦਮ ਹੈ।

**ਕੁੰਦਨ ਲਾਲ ਭੱਟੀ**

## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 5 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?





# ਪੰਛੀ ਖੰਭਾਂ ਵਿਚ ਚੁੰਝ ਕਿਉਂ ਮਾਰਦੇ ਹਨ ?

ਦੋਸਤੋ, ਅਕਸਰ ਤੁਸਾਂ ਨੇ ਪੰਛੀਆਂ ਨੂੰ ਆਪਣੇ ਖੰਭਾਂ ਵਿਚ ਚੁੰਝ ਮਾਰਦੇ ਹੋਏ ਜ਼ਰੂਰ ਦੇਖਿਆ ਹੋਵੇਗਾ। ਕੀ ਤੁਹਾਨੂੰ ਪਤਾ ਹੈ ਕਿ ਪੰਛੀ ਇਹੋ ਜਿਹਾ ਕਾਹਦੇ ਲਈ ਕਰਦੇ ਹਨ? ਆਓ, ਇਸ ਬਾਰੇ ਜਾਣੀਏ-

ਪੰਛੀ ਆਪਣੇ ਖੰਭਾਂ ਵਿਚ ਚੁੰਝ ਇਸ ਲਈ ਮਾਰਦੇ ਹਨ ਤਾਂ ਕਿ ਉਨ੍ਹਾਂ ਦੇ ਖੰਭ ਆਪਣਾ ਕੰਮ ਸਹੀ ਢੰਗ ਨਾਲ ਕਰਦੇ ਰਹਿਣ। ਬਹੁਤ ਸਾਰੇ ਪੰਛੀਆਂ ਦੀ ਪੂਛ ਦੇ ਓਰੀਜਿਨ 'ਤੇ ਇਕ ਪ੍ਰੀਨ ਗਲੈਂਡ (ਗ੍ਰੰਥੀ) ਹੁੰਦੀ ਹੈ। ਇਸ ਗ੍ਰੰਥੀ 'ਚੋਂ ਤੇਲ ਪਦਾਰਥ ਨਿਕਲਦਾ ਹੈ। ਇਹ ਬੜੇ ਕੰਮ ਦਾ ਹੁੰਦਾ ਹੈ। ਚੁੰਝ ਦੀ ਮਦਦ ਨਾਲ ਪੰਛੀ ਇਸ ਤੇਲ ਨੂੰ ਆਪਣੇ ਖੰਭਾਂ 'ਤੇ ਫੈਲਾਅ ਦਿੰਦੇ ਹਨ। ਅਜਿਹਾ ਕਰਨ 'ਤੇ ਉਨ੍ਹਾਂ ਦੇ



ਖੰਭ ਪਾਣੀ ਵਿਚ ਗਿੱਲੇ ਹੋਣ ਤੋਂ ਬਚੇ ਰਹਿੰਦੇ ਹਨ ਅਤੇ ਪਾਣੀ ਉਨ੍ਹਾਂ ਦੇ ਖੰਭਾਂ ਤੋਂ ਉੱਪਰੋਂ ਤਿਲਕ ਜਾਂਦਾ ਹੈ। ਜੇਕਰ ਅਜਿਹਾ ਨਾ ਹੋਵੇ ਤਾਂ ਪਾਣੀ ਵਿਚ ਭਿੱਜਣ ਨਾਲ ਖੰਭ ਭਾਰੀ ਹੋ ਜਾਣਗੇ, ਇਸ ਨਾਲ ਪੰਛੀਆਂ ਨੂੰ ਉਡਣ ਵਿਚ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ।ਇਲਾਕੇ ਦੇ ਵਾਤਾਵਰਨ ਅਨੁਸਾਰ ਜਿਨ੍ਹਾਂ ਪੰਛੀਆਂ ਨੂੰ ਇਸ ਤਰ੍ਹਾਂ ਦੀ ਸੁਰੱਖਿਆ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ, ਉਨ੍ਹਾਂ ਵਿਚ ਇਹ ਗ੍ਰੰਥੀ ਵੱਡੀ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਘੱਟ ਸੁਰੱਖਿਆ ਦੀ ਲੋੜ ਹੁੰਦੀ ਹੈ, ਉਨ੍ਹਾਂ ਵਿਚ ਛੋਟੀ ਹੁੰਦੀ ਹੈ। ਆਪਣੇ ਖੰਭਾਂ ਦੀ ਸਫਾਈ ਕਰਕੇ ਪੰਛੀ ਬੈਕਟੀਰੀਆ ਅਤੇ ਪਰਜੀਵੀਆਂ ਤੋਂ ਵੀ ਛੁਟਕਾਰਾ ਪਾਉਂਦੇ ਹਨ। ਪੰਛੀ ਆਪਣੇ ਖੰਭਾਂ ਦੀ ਸਫਾਈ ਕਰਦੇ ਰਹਿੰਦੇ ਹਨ ਤਾਂ ਕਿ ਉਨ੍ਹਾਂ ਨੂੰ ਉਡਣ ਵਿਚ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਾ ਹੋਵੇ।

**ਨਿਰਮਲ ਪ੍ਰੇਮੀ, ਮੋਬਾ: 94631-61691**



# ਕਾਵਿ-ਲਹਿਰਾਂ

## ਗ਼ਜ਼ਲ

ਲਾ ਬੁੱਲ੍ਹਾਂ ਤੇ ਚੁੱਪ ਦਾ ਤਾਲਾ,
ਦੱਸ ਤੂੰ ਫੇਰੇਂ ਕਿਹੜੀ ਮਾਲਾ?

ਕਰ ਦੇਵੇ ਬੰਦੇ ਨੂੰ ਰੋਗੀ,
ਜਾਂਦਾ ਜਾਂਦਾ ਚੰਦਰਾ ਪਾਲਾ।

ਉਹ ਹਰ ਇਕ ਤੋਂ ਅੱਖ ਬਚਾਵੇ,
ਕਰਦਾ ਹੈ ਜੋ ਘਾਲਾ ਮਾਲਾ।

ਉਸ ਦਾ ਕੋਈ ਯਾਰ ਨਾ ਹੁੰਦਾ,
ਜਿਹੜਾ ਹੋਵੇ ਦਿਲ ਦਾ ਕਾਲਾ।

ਇਸ ਦਾ ਪਾਣੀ ਬਹੁਤੇ ਗੰਦਾ,
ਕੋਈ ਸਾਫ ਨਾ ਕਰਦਾ ਨਾਲਾ।

ਉਸ ਤੀਵੀਂ ਨੇ ਖੁਸ਼ ਕੀ ਰਹਿਣਾ,
ਨਸ਼ਈ ਹੈ ਜਿਸ ਦੇ ਘਰ ਵਾਲਾ।

ਹੋ ਜਾਵੇ ਹੰਕਾਰੀ ਇੱਥੇ,
ਬੰਦਾ ਬਹੁਤੇ ਪੈਸੇ ਵਾਲਾ।

**ਲਿਖਤ : ਮਹਿੰਦਰ ਸਿੰਘ ਮਾਨ**
**ਫੋਨ** 9915803554

## ਇਹ ਕੇਹੀ ਦੇਸ਼ ਭਗਤੀ ਹੈ

ਸੱਚ ਲਿਖਦੀਆਂ ਕਲਮਾਂ 'ਤੇ
ਲਾ ਦਿਓ ਇਲਜ਼ਾਮ ਦੇਸ਼ਧ੍ਰੋਹ ਦਾ

ਕਿਸਾਨਾਂ ਨੂੰ ਲਿਖ ਦੇਵੋ ਅਤਿਵਾਦੀ
ਮਜ਼ਦੂਰਾਂ ਨੂੰ ਆਖੋ ਨਕਸਲਵਾਦੀ

ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ
ਐਲਾਨ ਦਿਉ ਗੁਆਂਢੀ ਮੁਲਕਾਂ ਦੇ ਜਾਸੂਸ

ਵੱਢ ਦਿਉ ਬਗ਼ਾਵਤ ਕਰਦੇ ਹੱਥਾਂ ਨੂੰ
ਇਨਸਾਫ਼ ਮੰਗਦੀਆਂ ਜੀਭਾਂ ਨੂੰ...

ਸ਼ਾਸਕ ਦਾ ਫੁਰਮਾਨ ਹੈ
ਮੁਹੱਬਤ ਤੇ ਸ਼ਾਂਤੀ ਦਾ ਪੈਗ਼ਾਮ ਫੈਲਾਅ ਰਹੇ

ਕਬੂਤਰਾਂ ਮਗਰ ਲਾ ਦੇਵੋ ਬਾਜ਼ਾਂ ਨੂੰ...
ਹਕੂਮਤ ਨੇ ਦੇ ਦਿੱਤਾ ਏ ਸਰਟੀਫਿਕੇਟ

ਟੀ.ਵੀ. ਚੈਨਲਾਂ ਦੇ ਐਂਕਰਾਂ ਨੂੰ
ਸੱਚੇ ਦੇਸ਼ ਭਗਤ ਹੋਣ ਦਾ

ਤੇ ਹੁਣ ਉਹ ਕਿਸੇ ਨੂੰ
ਵੀ ਆਖ ਸਕਦੇ ਨੇ

ਦੇਸ਼ਧ੍ਰੋਹੀ...ਅਤਿਵਾਦੀ...
ਨਕਸਲਵਾਦੀ...ਮਾਓਵਾਦੀ...

ਇਹ ਕੇਹੀ ਦੇਸ਼ ਭਗਤੀ ਹੈ
ਜਿੱਥੇ ਪੁਲੀਸ ਦੀ ਕੁੱਟ
ਤੇ ਇੰਟੈਰੋਗੇਸ਼ਨ ਤੋਂ ਜ਼ਿਆਦਾ

ਮੀਡੀਆ ਤੋਂ ਡਰ ਲੱਗਦਾ ਹੈ
ਇਹ ਕੈਸਾ ਦੇਸ਼ ਹੈ

ਜਿੱਥੇ ਟੀ.ਵੀ. ਦਾ ਝੂਠ ਵੀ
ਸੱਚ ਮੰਨਿਆ ਜਾਂਦਾ ਹੈ...।

**ਲਿਖਤ : ਜਸਵੰਤ ਗਿੱਲ ਸਮਾਲਸਰ**
**ਸੰਪਰਕ:** 97804-51878

## ਮਾਡਰਨ ਪੰਜਾਬੀ

ਅਸੀਂ ਬੱਬਰ ਸ਼ੇਰ ਪੰਜਾਬੀ ਹਾਂ,
ਸਾਡੀ ਕੋਈ ਵੀ ਜ਼ਾਤ ਨਹੀਂ ਹੈ।

ਅੱਖੀਆਂ 'ਚੋਂ ਲਹੂ ਤਾਂ ਚੋ ਸਕਦੈ,
ਪਰ ਹੰਝੂਆਂ ਦੀ ਬਰਸਾਤ ਨਹੀਂ ਹੈ।

ਜੇ ਸਾਡੀ ਕਿਤੇ ਜ਼ਮੀਰ ਵਿਕੇ ਨਾ,
ਜੇ ਮਨ ਵਿੱਚ ਨਾ ਲਾਲਚ ਆਵੇ;

ਸਾਨੂੰ ਕਿਸੇ ਤਰ੍ਹਾਂ ਹੋਰ ਹਰਾਉਣਾ,
ਵੈਰੀ ਦੀ ਔਕਾਤ ਨਹੀਂ ਹੈ।

**ਲਿਖਤ : ਮੂਲ ਚੰਦ ਸ਼ਰਮਾ**
**ਸੰਪਰਕ:** 99148-36037

## ਨਸ਼ਿਆਂ ਤੋਂ ਬਚ ਕੇ ਰਹੀਏ

ਨਸ਼ੇ ਨਸ਼ੇ ਦੀ ਗੱਲ ਹੈ ।
ਨਸ਼ਾ ਅੱਜ ਤੇ ਨਾਸ਼ ਕੱਲ੍ਹ ਹੈ ।

ਕੁਝ ਨਸ਼ੇ ਦੇ ਵੱਡੇ ਵਪਾਰੀ ।
ਜੋ ਸਾਰੇ ਜੱਗ ਤੇ ਭਾਰੀ ।

ਜਦ ਵੀ ਗੱਲ ਨਸ਼ੇ ਦੀ ਕਰੀਏ ।
ਸੱਭ ਤੋਂ ਪਹਿਲਾਂ ਉਨ੍ਹਾਂ ਤੋਂ ਡਰੀਏ ।

ਜੋ ਇਹ ਨਸ਼ਾ ਬੇਚਦੇ ਨੇ ।
ਉਹ ਹੀ ਗੱਦਾਰ ਦੇਸ਼ ਦੇ ਨੇ ।

ਫਿਰ ਡਰੀਏ ਉਨ੍ਹਾਂ ਲੋਕਾਂ ਤੋਂ ।
ਬੱਚ ਕੇ ਰਹੀਏ ਜੋਕਾਂ ਤੋਂ ।

ਜੋ ਖਰੀਦ ਨਸ਼ੇ ਕਰਦੇ ਨੇ ।
ਨਿੱਤ ਤਿਲ ਤਿਲ ਕਰਕੇ ਮਰਦੇ ਨੇ ।

ਉਹ ਵੀ ਗੱਦਾਰ ਕਹਾਉਂਦੇ ਆ ।
ਜੋ ਕਲੰਕ ਦੇਸ਼ ਨੂੰ ਲਾਉਂਦੇ ਆ ।

ਹੱਥੀਂ ਕੰਮ ਨਾ ਕੋਈ ਕਮਾਉਂਦੇ ।
ਕਤਲ ਚੋਰੀਆਂ ਡਾਕੇ ਲਾਉਂਦੇ ।

ਲੋਕਾਂ ਤੋਂ ਪੈਸੇ ਲੁੱਟ ਲੁੱਟ ਖਾਵਣ ।
ਅਮਨ ਚੈਨ ਮਾਰ ਮੁਕਾਵਣ ।

ਫਿਰ ਡਰੀਏ ਯਾਰਾਂ ਦੋਸਤਾਂ ਤੋਂ ।
ਭੰਗੀ ਅਫ਼ੀਮੀ ਪੋਸਟਾਂ ਤੋਂ ।

ਜੋ ਨਸ਼ੇ ਕਰਨੇ ਸਿਖਾਉਂਦੇ ਆ ।
ਪਾ ਜਾਲ਼ ਬੰਦੇ ਫਸਾਉਂਦੇ ਆ ।

ਇਹ ਬੀਜਣ ਬੀਜ ਨਸ਼ਿਆਂ ਦੇ ।
ਹੁੰਦੇ ਦੁਸ਼ਮਣ ਘਰ ਵਸਿਆਂ ਦੇ ।

ਫਿਰ ਭੋਰਾ ਇਸ ਮਨ ਤੋਂ ਡਰੀਏ ।
ਇਸ ਨੂੰ ਆਪਣੇ ਵੱਸ ਵਿੱਚ ਕਰੀਏ ।

ਮੰਦਾ ਵਾਕ ਮੂੰਹੋਂ ਨਾ ਕਹੀਏ ।
ਨਸ਼ਿਆਂ ਤੋਂ ਸਦਾ ਬੱਚ ਕੇ ਰਹੀਏ ।

**ਲਿਖਤ : ਸੁਰਜੀਤ ਸਿੰਘ**

## ਅਕਲ ਦੀ ਗੱਲ

ਹਰਨ ਹੋਏ ਵਾਂਗ ਦੂਜਿਆਂ ਦੇ,
ਬੇਸ਼ਰਮੀ ਤੂੰ ਵੀ ਕਿਤੇ ਜੇ ਧਾਰ ਲੈਂਦਾ।
ਵਿੰਗਾ ਤੇਰਾ ਵੀ ਨਾ ਵਾਲ਼ ਹੁੰਦਾ,
ਭਗਵਾਂ ਪਾ ਜੇ ਨੀਲਾ ਉਤਾਰ ਲੈਂਦਾ।

ਮਨੋ ਉੱਤਲੇ ਰਹਿ ਕੇ ਨਾਲ ਫੋਕਾ,
ਔਖਾ ਸੌਖਾ ਹੋ ਕੇ ਸਾਰ ਲੈਂਦਾ।
ਸਮਾਂ ਮਿਲਦਿਆਂ ਜਾਂਦਾ ਪਲਟ ਬਾਜੀ,
ਮੁੜ ਫੇਰ ਤੋਂ ਲੁੱਟ ਬਹਾਰ ਲੈਂਦਾ।

ਵੇਲਾ ਬੀਤਿਆ ਮੁੜ ਨਾ ਹੱਥ ਆਉਂਦਾ,
ਗੱਲ ਦਿਲ ਦੇ ਨਾਲ ਵਿਚਾਰ ਲੈਂਦਾ।
ਫੁੱਲ ਕਮਲ ਦਾ ਜੇਬ੍ਹ 'ਤੇ ਟਹਿਕਣਾ ਸੀ,
ਕੱਢ ਮਨ 'ਚੋਂ ਜੇ ਹੰਕਾਰ ਲੈਂਦਾ।

ਨਾਲ ਮਲਾਹ ਜੇ ਲੈਂਦਾ ਪਾ ਯਾਰੀ,
ਬੇੜੀ 'ਭਗਤਾ' ਕਰ ਪਾਰ ਲੈਂਦਾ।
ਲੰਘ ਟੇਸ਼ਨੋ ਹੁਣ ਤਾਂ ਗਈ ਗੱਡੀ,
ਸੀ ਚੰਗਾ ਜੇ ਹੋ ਸਵਾਰ ਲੈਂਦਾ।

**ਲਿਖਤ : ਬਰਾੜ-ਭਗਤਾ ਭਾਈ ਕਾ**
**ਸੰਪਰਕ :** 001-604-751-1113

## ਦੁੱਖ ਚੋਂ ਸੁੱਖ

ਦੁੱਖ ਚੋਂ ਟਪਕਣ ਲੱਗਾ ਸੁੱਖ ਹੈ।
ਹੁਣ ਆਪਾਂ ਨੂੰ ਕਾਹਦਾ ਦੁੱਖ ਹੈ।

ਜਿਉਂ ਜਿਉਂ ਨੀਯਤ ਰੱਜਦੀ ਜਾਂਦੀ,
ਅਰਥ ਗੁਆਂਦੀ ਜਾਂਦੀ ਭੁੱਖ ਹੈ।

ਧੀਰਜਵਾਨ ਗਿਆਨੀ ਬੰਦਾ,
ਦੂਜਿਆਂ ਹਿਤ ਘਣਛਾਵਾਂ ਰੁੱਖ ਹੈ।

ਕਾਲੇ ਅਮਲਾਂ ਦੇ ਜਮਘਟ ਵਿੱਚ,
ਵਿਰਲਾ ਟਾਵਾਂ, ਉੱਜਲਾ ਮੁੱਖ ਹੈ।

ਜਾਣ ਲਈ ਜੋ ਆਇਆ ਜਗ ਤੇ,
ਐਸਾ ਮਨੁੱਖ ਵੀ ਕੈਸਾ ਮਨੁੱਖ ਹੈ।

ਜਣਦੀ ਹੈ ਜੋ ਜੁੱਗ – ਪਰਿਵਰਤਕ,
ਨਿਸਚੈ ਹੀ ਉਹ ਮੁਬਾਰਕ, ਕੁੱਖ ਹੈ।

ਜੀਵਣ ਅੰਦਰ ਦੁੱਖ ਸੁੱਖ ਦੋਵੇਂ,
ਉਸ ਉਪਰੰਤ ਤਾਂ ਸੁੱਖ ਹੀ ਸੁੱਖ ਹੈ।

**ਲਿਖਤ : ਸੁਭਾਸ਼ 'ਦੀਵਾਨਾ'**

## ਬਸੰਤ ਸੁਹਾਵੀ

ਜਿਨ੍ਹਾਂ ਦੇ ਸੰਗ ਯਾਰ ਵਸੇਂਦਾ
ਤਿਨਾ ਬਸੰਤ ਸੁਹਾਵੇ ਹੂ
ਖਿੜਿਆ ਦਿਸੇ ਚਾਰ ਚੁਫ਼ੇਰਾ
ਡਾਢੀ ਰੂਹ ਨਸ਼ਿਆਵੇ ਹੂ

ਰੰਗ ਬਸੰਤੀ ਚੜ੍ਹਿਆ ਪੂਰਾ
ਜਿੱਧਰ ਨਜ਼ਰ ਘੁੰਮਾਵੇ ਹੂ
ਆਸਾਂ ਦੀਆਂ ਕਰੂੰਬਲਾਂ ਫੁੱਟੀਆਂ
ਕੁਦਰਤ ਮਹਿਕਾਂ ਲਾਵੇ ਹੂ

ਮਨ ਦੇ ਪੰਛੀ ਉੱਡ ਉੱਡ ਪੈਂਦੇ
ਅੰਬਰ ਸੋਹਲੇ ਗਾਵੇ ਹੂ
ਬਿਰਹੋਂ ਪੱਤਝੜ ਚੰਦਰੀ ਡਾਢੀ
ਹੁਣ ਨਾ ਕਦੇ ਸਤਾਵੇ ਹੂ

ਦੀਨੇ ਪਿੰਡ ਦੇ ਫ਼ੌਜੀ ਵਾਂਗੂੰ
ਧਰਤੀ ਪੈਰ ਨਾ ਲਾਵੇ ਹੂ।

**ਲਿਖਤ : ਅਮਰਜੀਤ ਸਿੰਘ ਫ਼ੌਜੀ**
**ਸੰਪਰਕ:** 95011-27033

## ਹੁਣ ਵਕਤ

ਹੁਣ ਵਕਤ ਚਾਲ ਐਸੀ ਕੋਈ ਹੋਰ ਚਲ ਗਿਆ ਹੈ
ਮੇਰੀ ਨਜ਼ਮ ਤੋਂ ਗ਼ਜ਼ਲ ਤੋਂ ਅੱਗੇ ਨਿਕਲ ਗਿਆ ਹੈ

ਸਭ ਲੋਕ ਚੁੱਕੀ ਫਿਰਦੇ ਹੁਣ ਆਪਣੇ ਆਪਣੇ ਲਾਂਬੂ,
ਉਹ ਤੇਰੀ ਰੌਸ਼ਨੀ ਦਾ ਸੂਰਜ ਹੀ ਢਲ ਗਿਆ ਹੈ

ਮੇਰੀ ਗੱਲ ਹੁਣ ਸੁਣੇਗਾ, ਕੋਈ ਉਗਦਾ ਬੀਜ ਸ਼ਾਇਦ,
ਜੰਗਲ ਤਾਂ ਹੁਣ ਹਵਾ ਦੀ ਸਾਜ਼ਿਸ਼ 'ਚ ਰਲ ਗਿਆ ਹੈ

ਉਂਜ ਤੇਰੇ ਕੋਲ 'ਪਾਤਰ' ਹੁਣ ਕਹਿਣ ਨੂੰ ਵੀ ਕੀ ਹੈ,
ਇਕ ਖ਼ਾਬ ਸੀ ਨਾ, ਉਹ ਵੀ ਹੰਝੂ 'ਚ ਢਲ ਗਿਆ ਹੈ

ਕਿੱਥੇ ਨੇ ਤੇਰੇ ਨੈਣੀਂ ਉਹ ਸੰਦਲੀ ਸਵੇਰੇ,
ਕਿੱਥੇ ਉਹ ਤੇਰੇ ਦਿਲ ਦਾ ਖਿੜਿਆ ਕੰਵਲ ਗਿਆ ਹੈ

ਬੀਤੇ ਸਮੇਂ ਦੀ ਮੂਰਤ ਬਣ ਲਟਕ ਜਾ ਖ਼ਿਲਾਅ ਵਿਚ,
ਪੈਰੋਂ ਜ਼ਮੀਨ ਹੱਥੋਂ ਵੇਲਾ ਨਿਕਲ ਗਿਆ ਹੈ

ਮੁਜਰਿਮ ਹੀ ਬਹਿ ਗਿਆ ਹੈ, ਮੁਨਸਿਫ ਦੀ ਥਾਂ ਤੇ ਆ ਕੇ,
ਇਨਸਾਫ ਦਾ ਤਰੀਕਾ ਕਿੰਨਾ ਬਦਲ ਗਿਆ ਹੈ

**ਲਿਖਤ : ਸੁਰਜੀਤ ਪਾਤਰ**

## ਤਕਾਜ਼ਾ ਵਕਤ ਦਾ

ਤਕਾਜ਼ਾ ਵਕਤ ਦਾ ਯਾਰੋ,
ਨੁਕੀਲੀ ਧਾਰ ਬਣ ਜਾਵਾਂ।
ਦਿਲਾਂ ਦੀ ਪੀੜ ਬਣ ਜਾਵਾਂ
ਜਲਣ ਦੀ ਠਾਰ ਬਣ ਜਾਵਾਂ।
ਕਿ ਵਹਿੰਦੀ ਕੂਲ੍ਹ ਬਣਕੇ ਫਿਰ,
ਤਪਸ਼ ਨੂੰ ਡੀਕ ਲਾਂ ਸਾਰੀ
ਮੈਂ ਜੀਵਨ ਗੀਤ ਬਣ ਜਾਵਾਂ,
ਮਰਨ ਦੀ ਹਾਰ ਬਣ ਜਾਵਾਂ।
ਥਲਾਂ ਦੀ ਰੇਤ ਹਾਂ ਨਾ ਹੀ
ਕਿਸੇ ਦੇ ਰੜਕ ਜਾਂ ਨੈਣੀਂ
ਕੁਠਾਲੀ ਚਾੜ੍ਹ ਕੇ ਵੇਖੋ,
ਖਰਾ ਸ਼ਿੰਗਾਰ ਬਣ ਜਾਵਾਂ।
ਨਦੀ ਦੇ ਵੇਗ ਨੂੰ ਡਕਣਾ,
ਤਿਰੀ ਔਕਾਤ ਵਿੱਚ ਨਾ ਹੀ
ਹੜ੍ਹਾਂ ਦਾ ਜੋਸ਼ ਬਣਕੇ ਤੇ,
ਗ਼ਜ਼ਬ ਦੀ ਖਾਰ ਬਣ ਜਾਵਾਂ।
ਅਸਾਂ ਦੇ ਰਾਹ ਦੇ ਪੈਰੀਂ,
ਛੁਰੀਆਂ ਬੀਜਦਾ ਰਹਿਣੈ
ਤਿਰੇ ਸਭ ਵਾਰ ਲੈ ਸੀਨੇ,
ਕਿ ਮੈਂ ਤਲਵਾਰ ਬਣ ਜਾਵਾਂ।
ਨਿਸ਼ਾਨਾ ਢੂੰਡਣਾ ਮੇਰੀ,
ਨਜ਼ਰ ਦਾ ਲਕਸ਼ ਹੈ ਨੰਗਲ
ਭੱਥੇ ਦਾ ਤੀਰ ਬਣ ਜਾਵਾਂ
ਧਨੁੱਖ ਦੀ ਤਾਰ ਬਣ ਜਾਵਾਂ।

**ਲਿਖਤ : ਬਲਰਾਜ ਸਿੰਘ ਨੰਗਲ**
**ਸੰਪਰਕ:** 98157-18619

## ਦਰਦਾਂ ਭਰਿਆ ਦਿਲ

ਦਰਦਾਂ ਭਰਿਆ ਦਿਲ ਓਏ ਮੱਲਾ ।
ਤੜਫੇ ਜਿਉਂ ਬਿਸਮਿਲ ਓਏ ਮੱਲਾ ।
ਵਿਛੜੇ ਆਂ 'ਤੇ ਵਿਛੜੇ ਰਹੀਏ,
ਲੋਕੀ ਲਾਉਂਦੇ ਟਿੱਲ ਓਏ ਮੱਲਾ ।

ਸ਼ੋਰ ਭਾਵੇਂ ਤੂਫ਼ਾਨੀ ਹੋਵੇ,
ਨਾਲ ਇਰਾਦੇ ਠਿੱਲ ਓਏ ਮੱਲਾ ।
ਜ਼ਬੇ ਹੋਣ ਜਵਾਨ ਜੇ ਅਪਣੇ,
ਮੰਜ਼ਲ ਜਾਂਦੀ ਮਿਲ ਓਏ ਮੱਲਾ ।

ਵੇਲਾ ਘੱਟ ਤੇ ਮੰਜ਼ਲ ਦੂਰ ਏ,
ਨਾ ਕਰ ਐਡੀ ਢਿੱਲ ਓਏ ਮੱਲਾ ।
ਅੱਖੀਆਂ ਦੇ ਵਿੱਚ ਸਾਵਣ ਭਾਦੋਂ,
ਡੁੱਬ ਡੁੱਬ ਜਾਵੇ ਦਿਲ ਓਏ ਮੱਲਾ ।

ਇਕ ਦੂਜੇ ਦੀ ਸੁਣੇ ਨਾ ਕੋਈ,
ਲੋਕ ਬੜੇ ਸੰਗ-ਦਿਲ ਓਏ ਮੱਲਾ ।

'ਰਾਹਤ' ਨੂੰ ਇਕ ਪਲ ਨਾ ਮਿਲਿਆ,
ਉੱਜੜ ਗਈ ਮਹਿਫ਼ਿਲ ਓਏ ਮੱਲਾ ।

**ਲਿਖਤ : ਇਕਬਾਲ ਰਾਹਤ**

## ਮਾਂ! ਇਹ ਕੌਣ ਨੇ?

ਹੱਥ 'ਚ ਹੱਕ ਦਾ ਝੰਡਾ ਚੁੱਕੀ ਫਿਰਦੇ ਨੇ,
ਚਹੁੰ-ਪਾਸੀਂ ਹੀ ਨਾਕੇ ਦੇ ਵਿੱਚ ਘਿਰਦੇ ਨੇ।
ਪਾਣੀ ਦੀਆਂ ਬੁਛਾੜਾਂ ਪਿੰਡੇ ਝਲਦੇ ਨੇ,
ਅੱਥਰੂ ਗੈਸ ਦੇ ਗੋਲ਼ੇ ਨੈਣੀਂ ਮਲਦੇ ਨੇ।
ਗੋਲੀਆਂ ਵੀ ਇਨ੍ਹਾਂ ਉੱਤੇ ਵਰ੍ਹ ਰਹੀਆਂ,
ਪਿੰਡੇ ਨੂੰ ਜੋ ਛਲਣੀ-ਛਲਣੀ ਕਰ ਰਹੀਆਂ।
ਧੀਏ! ਇਹ ਤਾਂ ਲੋਕਾਂ ਦੀ ਵਹੀਰ ਹੈ,
ਮਿਹਨਤ ਨਾਲ ਲਿਖੀ ਜੀਹਨੇ ਤਕਦੀਰ ਹੈ।
ਪੂੰਜੀਵਾਦ ਲੁਟੇਰਾ ਬਣ ਕੇ ਆਇਆ ਹੈ,
ਇਨ੍ਹਾਂ ਦੇ ਹੱਕਾਂ 'ਤੇ ਸੰਕਟ ਛਾਇਆ ਹੈ।
ਤੁਰ ਪਏ 'ਕੱਠੇ ਹੋ ਕੇ ਹੱਕ-ਹਕੂਕ ਲਈ,
ਧੁਰ ਅੰਦਰ ਤੋਂ ਨਿਕਲੀ ਹੋਈ ਹੂਕ ਲਈ।
ਪੂੰਜੀਵਾਦ ਤੇ ਸੱਤਾ, ਦੋਵੇਂ ਰਲ ਗਏ ਨੇ,
ਮਿਹਨਤਕਸ਼ ਲੋਕਾਂ ਨੂੰ ਦੋਵੇਂ ਛਲ ਗਏ ਨੇ।

ਹੁਣ ਉਨ੍ਹਾਂ ਦੀ ਅੱਖ ਨੂੰ ਇਹ ਚੁਭਦੇ ਨੇ,
ਖੰਜਰ ਵਾਂਗੂੰ ਸੀਨੇ ਦੇ ਵਿੱਚ ਖੁਭਦੇ ਨੇ।
ਸਿਆਸਤ ਨੂੰ ਸਰਮਾਏਦਾਰੀ ਭਾਉਂਦੀ ਹੈ,
ਆਮ ਲੋਕਾਈ ਨੂੰ ਨਾ ਉਹ ਚਾਹੁੰਦੀ ਹੈ।
ਦੋਵੇਂ ਬਣੀਆਂ ਇੱਕ ਦੂਜੇ ਦੀ ਢਾਲ ਨੇ,
ਤਾਹੀਓਂ ਹੁਣ ਲੋਕਾਂ ਦੇ ਬੁਰੇ ਹਾਲ ਨੇ।
ਮੇਰੇ ਮਨ ਵਿੱਚ ਉੱਠੇ ਕੁਝ ਸਵਾਲ ਨੇ,
ਜੋ ਉੱਤਰ ਦੀ ਕਰਦੇ ਫਿਰਦੇ ਭਾਲ ਨੇ।
ਹੱਕਾਂ ਦੇ ਰਾਖਿਆਂ ਨੂੰ ਮਿਲਣ ਤਸੀਹੇ ਕਿਉਂ?
ਜ਼ੁਲਮ ਦੀ ਚੱਕੀ ਵਿੱਚ ਉਹ ਜਾਂਦੇ ਪੀਹੇ ਕਿਉਂ?
ਸ਼ਾਂਤਮਈ ਧਰਨੇ 'ਤੇ ਵੀ ਪਾਬੰਦੀ ਕਿਉਂ?
ਲੋਕਰਾਜ ਦੀ ਹਾਲਤ ਐਨੀ ਮੰਦੀ ਕਿਉਂ?

ਕਿਉਂ ਨੀਤੀ ਹੈ ਬਣਦੀ ਸਿਰਫ਼ ਉਚੇਰੇ ਲਈ?
ਕਿਉਂ ਮੰਗੇ ਇਹ ਖ਼ੈਰਾਂ ਸਿਰਫ਼ ਹਨੇਰੇ ਲਈ?
ਹੁਣ ਤੱਕ ਜਨਰਲ ਡਾਇਰ ਨੂੰ, ਮੈਂ ਰਹੀ ਕੋਸਦੀ,
ਨਿਹੱਥਿਆਂ ਨੂੰ ਮਰਵਾ ਗਿਆ, ਮੈਂ ਰਹੀ ਸੋਚਦੀ।
ਜਾਣ ਲਿਆ ਮੈਂ, ਡਾਇਰ ਸਿਰਫ਼ ਅੰਗਰੇਜ਼ ਨਹੀਂ,
ਬੁਰੀ ਸੋਚ ਨਾਲ ਸਿਰਫ਼ ਉਹੀ ਲਬਰੇਜ਼ ਨਹੀਂ।
ਚੜ੍ਹ ਜਾਵੇ ਜਦ ਨਸ਼ਾ ਤਾਜ ਦਾ ਰਾਜੇ ਨੂੰ,
ਹੋਸ਼ ਰਹੇ ਨਾ ਜਦੋਂ ਰਾਜ ਦਾ ਰਾਜੇ ਨੂੰ।
ਉਸ ਵੇਲੇ ਹੀ ਜਨਮ ਡਾਇਰ ਦਾ ਹੁੰਦਾ ਹੈ,
ਉਸ ਵੇਲੇ ਹੀ ਜਨਮ ਸ਼ਾਇਰ ਦਾ ਹੁੰਦਾ ਹੈ।
ਕਲਮ ਕਦੇ ਵੀ ਝੂਠ ਦੇ ਸੋਹਿਲੇ ਗਾਵੇ ਨਾ,
ਕੁਫ਼ਰ ਤੋਲ ਕੇ 'ਸਿਮਰ' ਕੋਲੋਂ ਲਿਖਵਾਵੇ ਨਾ।

**ਲਿਖਤ : ਸਿਮਰਜੀਤ ਕੌਰ ਗਰੇਵਾਲ**
**ਸੰਪਰਕ:** 98151-98121



# ਨਾਰੀ ਸੰਸਾਰ



## ਇੰਜ ਕਰੋ ਚਮੜੀ ਦੀ ਦੇਖਭਾਲ

* ਚਮੜੀ ਦੀ ਸੁਰੱਖਿਆ ਲਈ ਸਭ ਤੋਂ ਪਹਿਲਾਂ ਸਾਨੂੰ ਉਸ ਦੀ ਸ਼ੁੱਧਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਹਰ ਰੋਜ਼ ਇਸ਼ਨਾਨ ਜ਼ਰੂਰ ਕਰੋ। ਨਹਾਉਣ ਤੋਂ ਬਾਅਦ ਸਰੀਰ ਨੂੰ ਤੌਲੀਏ ਨਾਲ ਰਗੜ-ਰਗੜ ਕੇ ਨਾ ਪੂੰਝੋ। ਹਮੇਸ਼ਾ ਨਰਮ ਤੌਲੀਏ ਨਾਲ ਸਰੀਰ ਨੂੰ ਥਪਥਪਾ ਕੇ ਹੀ ਸੁਕਾਓ।
* ਨਹਾਉਣ ਲਈ ਹਮੇਸ਼ਾ ਵਧੀਆ ਸਾਬਣ ਦੀ ਹੀ ਵਰਤੋਂ ਕਰੋ। ਜ਼ਿਆਦਾ ਕਾਸਟਿਕ ਵਾਲੇ ਸਾਬਣ ਚਮੜੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
* ਭੋਜਨ ਵਿਚ ਫਲ, ਹਰੀਆਂ ਸਬਜ਼ੀਆਂ, ਪੁੰਗਰੇ ਅਨਾਜ, ਸਲਾਦ ਅਤੇ ਦਾਲਾਂ ਦੀ ਵਰਤੋਂ ਬਹੁਤਾਤ ਵਿਚ ਕਰੋ। ਦੁੱਧ, ਦਹੀਂ, ਨਿੰਬੂ ਪਾਣੀ, ਮੱਠਾ, ਨਾਰੀਅਲ ਪਾਣੀ ਨੂੰ ਵੀ ਆਪਣੇ ਭੋਜਨ ਦਾ ਹਿੱਸਾ ਬਣਾਓ।



* ਮਿਰਚ-ਮਸਾਲੇ ਵਾਲੀ ਦਾਲ ਅਤੇ ਤਲੀਆਂ-ਭੁੰਨੀਆਂ ਚੀਜ਼ਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ।
* ਦਿਨ ਭਰ ਵਿਚ 8-10 ਗਿਲਾਸ ਪਾਣੀ ਜ਼ਰੂਰ ਪੀਓ। ਇਹ ਚਮੜੀ ਲਈ ਜ਼ਰੂਰੀ ਨਮੀ ਨੂੰ ਬਣਾਈ ਰੱਖਣ ਵਿਚ ਸਹਾਇਕ ਹੁੰਦਾ ਹੈ।
* ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਸਨਸਕ੍ਰੀਨ ਦੀ ਵਰਤੋਂ ਕਰੋ। ਸਨਸਕ੍ਰੀਨ ਬਿਹਤਰੀਨ ਹੁੰਦਾ ਹੈ।
* ਸੁੰਦਰਤਾ ਪ੍ਰਸਾਧਨਾਂ ਦੀ ਵਰਤੋਂ ਜ਼ਿਆਦਾ ਨਾ ਕਰੋ। ਇਨ੍ਹਾਂ ਵਿਚ ਮੌਜੂਦ ਹਾਨੀਕਾਰਕ ਰਸਾਇਣ ਚਮੜੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਸੌਣ ਤੋਂ ਪਹਿਲਾਂ ਮੇਕਅਪ ਪੂਰੀ ਤਰ੍ਹਾਂ ਸਾਫ਼ ਕਰ ਲਓ। ਸੰਭਵ ਹੋਵੇ ਤਾਂ ਰਾਤ ਨੂੰ ਇਸ਼ਨਾਨ ਕਰ ਕੇ ਸੌਵੋਂ। ਅਜਿਹਾ ਕਰਨ ਨਾਲ ਨੀਂਦ ਚੰਗੀ ਆਉਂਦੀ ਹੈ, ਜੋ ਚਮੜੀ 'ਤੇ ਅਨੁਕੂਲ ਅਸਰ ਪਾਉਂਦੀ ਹੈ।
* ਮੁਹਾਸੇ ਆਦਿ ਹੋਣ 'ਤੇ ਉਨ੍ਹਾਂ ਨੂੰ ਕਦੇ ਵੀ ਖੁਰਚੋ ਨਾ। ਆਪਣੇ-ਆਪ ਜਾਂ ਸਹੇਲੀਆਂ-ਮਿੱਤਰਾਂ ਆਦਿ ਤੋਂ ਪੁੱਛ ਕੇ ਖੁਦ ਹੀ ਇਸ ਦਾ ਇਲਾਜ ਸ਼ੁਰੂ ਨਾ ਕਰ ਦਿਓ। ਇਸ ਦੇ ਲਈ ਕਿਸੇ ਚਮੜੀ ਰੋਗਾਂ ਦੇ ਮਾਹਿਰ ਨੂੰ ਦਿਖਾਓ, ਉਸ ਦੀ ਸਲਾਹ ਅਨੁਸਾਰ ਹੀ ਇਲਾਜ ਸ਼ੁਰੂ ਕਰੋ। ਯਾਦ ਰੱਖੋ ਕਿ ਸਾਰੇ ਲੋਕਾਂ ਦੀ ਚਮੜੀ ਦੀ ਪ੍ਰਕਿਰਤੀ ਵੱਖ-ਵੱਖ ਹੁੰਦੀ ਹੈ ਅਤੇ ਮਾਹਿਰਾਂ ਹੀ ਤੁਹਾਨੂੰ ਤੁਹਾਡੀ ਚਮੜੀ ਦੇ ਅਨੁਰੂਪ ਸਹੀ ਸਲਾਹ ਅਤੇ ਇਲਾਜ ਦੱਸ ਸਕਦੇ ਹਨ।
* ਬਾਜ਼ਾਰ ਵਿਚ ਮਿਲਣ ਵਾਲੇ ਸੁੰਦਰਤਾ ਪ੍ਰਸਾਧਨਾਂ ਦੀ ਬਜਾਏ ਘਰ ਹੀ ਤਿਆਰ ਜਿਵੇਂ ਮੁਲਤਾਨੀ ਮਿੱਟੀ, ਬੇਸਣ ਅਤੇ ਹਲਦੀ ਦਾ ਉਬਟਨ, ਚੋਕਰ, ਉੜਦ ਦੀ ਦਾਲ ਅਤੇ ਫਲਾਂ ਨਾਲ ਬਣੇ ਹੋਏ ਉਬਟਨ ਅਤੇ ਪੈਕ ਹੀ ਵਰਤੋ। ਇਨ੍ਹਾਂ ਨਾਲ ਚਮੜੀ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ।
* ਕਿਸੇ ਕੋਲੋਂ ਸੁਣੀ-ਸੁਣਾਈ ਜਾਂ ਦੱਸੀ ਗਈ ਮੈਡੀਕੇਟਿਡ ਕ੍ਰੀਮ ਦੀ ਵਰਤੋਂ ਡਾਕਟਰ ਦੀ ਸਲਾਹ ਤੋਂ ਬਿਨਾਂ ਕਦੇ ਨਾ ਕਰੋ।
* ਭਰਪੂਰ ਨੀਂਦ ਲਓ। 7-8 ਘੰਟੇ ਦੀ ਨੀਂਦ ਚਮੜੀ 'ਤੇ ਅਨੁਕੂਲ ਪ੍ਰਭਾਵ ਪਾਉਂਦੀ ਹੈ।

**-ਜਯੋਤੀ ਗੁਪਤਾ**

## ਆਓ ਬਣਾਈਏ ਬੁੱਕ-ਮਾਰਕ

ਜੇਕਰ ਕੋਈ ਲੰਮੀ ਕਹਾਣੀ ਸਾਨੂੰ ਪੜ੍ਹਨ ਵਿਚ ਬਹੁਤ ਹੀ ਚੰਗੀ ਲੱਗ ਰਹੀ ਹੋਵੇ ਤਾਂ ਅਸੀਂ ਉਸ ਵਿਚ ਏਨਾ ਖੁੱਭ ਜਾਂਦੇ ਹਾਂ ਕਿ ਅਗਲੇ ਦਿਨ ਪਤਾ ਹੀ ਨਹੀਂ ਲਗਦਾ ਕਿ ਛੱਡਿਆ ਕਿਥੇ ਸੀ, ਜਿਸ ਨਾਲ ਕਈ ਵਾਰ ਅਸੀਂ ਪਿਛਲੇ ਪੰਨੇ ਵੀ ਦੁਬਾਰਾ ਪੜ੍ਹ ਬੈਠਦੇ ਹਾਂ। ਫਿਰ ਇਸ ਸਥਿਤੀ ਵਿਚ ਅਸੀਂ ਉਸ ਪੰਨੇ ਵਾਲੀ ਥਾਂ 'ਤੇ ਪੈੱਨ ਜਾਂ ਪੈਨਸਿਲ ਰੱਖ ਦਿੰਦੇ ਹਾਂ।

ਹੁਣ ਸਾਨੂੰ ਉਹ ਰੱਖਣ ਦੀ ਲੋੜ ਨਹੀਂ ਪਵੇਗੀ, ਕਿਉਂਕਿ ਅੱਜ ਅਸੀਂ ਬਣਾਉਣਾ ਸਿੱਖਾਂਗੇ-ਬੁੱਕ ਮਾਰਕ।

ਬੁੱਕ ਮਾਰਕ ਦੀ ਵਰਤੋਂ ਕੋਈ ਕਿਤਾਬ ਪੜ੍ਹਦੇ ਵੇਲੇ ਵੀ ਕੀਤੀ ਜਾ ਸਕਦੀ ਹੈ ਤੇ ਡਾਇਰੀ ਜਾਂ ਕਿਤਾਬ ਲਿਖਦੇ ਵੇਲੇ ਵੀ। ਬੱਚਿਆਂ ਦੀਆਂ ਕਿਤਾਬਾਂ ਵਿਚ ਵੀ ਇਨ੍ਹਾਂ ਨੂੰ ਰੱਖਿਆ ਜਾ ਸਕਦਾ ਹੈ, ਜਿਸ ਨਾਲ ਉਹ ਵੀ ਬੜੇ ਮਜ਼ੇ ਨਾਲ ਅੱਗੇ-ਅੱਗੇ ਪੜ੍ਹਦੇ ਜਾਣਗੇ।

ਆਓ ਸਿੱਖੀਏ-

ਲੋੜੀਂਦਾ ਸਾਮਾਨ : ਕੁਝ ਰੰਗੀਨ ਕਾਗਜ਼, ਫੈਵੀਕੋਲ ਜਾਂ ਗੂੰਦ, ਪੇਪਰ ਪਿੰਨ, ਧਾਗਾ (ਮਠਿਆਈ ਦੇ ਡੱਬਿਆਂ 'ਤੇ ਬੰਨ੍ਹਿਆ ਜਾਣ ਵਾਲਾ), ਡਿਜ਼ਾਈਨ ਵਾਲੇ ਕਾਗਜ਼ (ਵਿਆਹ ਦੇ ਕਾਰਡ/ਗਿਫਟ ਰੈਪਰ)।

ਬਣਾਉਣ ਦੀ ਵਿਧੀ :

- ਸਭ ਤੋਂ ਪਹਿਲਾਂ ਰੰਗੀਨ ਜਾਂ ਸਫੈਦ ਕਾਗਜ਼ 'ਤੇ ਕੋਈ ਜਾਨਵਰ ਜਿਵੇਂ ਸ਼ੇਰ ਜਾਂ ਖਰਗੋਸ਼ ਆਦਿ ਦੀ ਤਸਵੀਰ ਬਣਾ ਕੇ ਕੱਟ ਲਓ। ਹੁਣ ਕੱਟੇ ਹੋਏ ਭਾਗ ਵਰਗਾ ਹੀ ਦੂਜਾ ਪੀਸ ਕੱਟ ਲਓ। ਜੇਕਰ ਤੁਸੀਂ ਸ਼ੇਰ ਜਾਂ ਖਰਗੋਸ਼ ਬਣਾਉਂਦੇ ਹੋ ਤਾਂ ਉਸ ਦਾ ਢਿੱਡ ਮੋਟਾ ਰੱਖੋ।
- ਹੁਣ ਕੱਟੇ ਹੋਏ ਦੋਵਾਂ ਪੀਸਾਂ ਦੇ ਵਿਚਕਾਰ ਇਕ ਪੇਪਰ ਪਿੰਨ ਰੱਖੋ। ਉਸ ਨੂੰ ਅੱਧਾ ਅੰਦਰ ਵਾਲੇ ਪਾਸੇ ਨੂੰ ਤੇ ਅੱਧਾ ਬਾਹਰ ਵੱਲ ਨੂੰ ਰੱਖੋ। ਦੋਵਾਂ ਪੀਸਾਂ ਨੂੰ ਪੇਪਰ ਪਿੰਨ ਨਾਲ ਚੰਗੀ ਤਰ੍ਹਾਂ ਚਿਪਕਾ ਦਿਓ।
- ਪਿੰਨ ਦਾ ਬਾਕੀ ਬਚਿਆ ਹਿੱਸਾ ਖੁੱਲ੍ਹੇ ਮੂੰਹ ਵਾਲਾ ਹੋਵੇ। ਹੁਣ ਉਸ ਨਾਲ ਧਾਗਾ ਬੰਨ੍ਹ ਦਿਓ।
- ਧਾਗੇ ਦੇ ਲਮਕਦੇ ਦੋਵਾਂ ਸਿਰਿਆਂ 'ਤੇ ਡਿਜ਼ਾਈਨ ਵਾਲੇ ਕਾਗਜ਼ਾਂ ਤੋਂ ਦੋ ਪੀਸ ਬੂੰਦ/ਤਾਰਾ/ਦਿਲ ਆਕਾਰ ਦੇ ਕੱਟ ਲਵੋ ਤੇ ਆਖਰੀ ਸਿਰਿਆਂ 'ਤੇ ਚਿਪਕਾ ਦਿਓ। ਤਿਆਰ ਹੈ ਬੁੱਕ ਮਾਰਕ। ਜਿਸ ਤਰੀਕੇ ਨਾਲ ਪੇਪਰ ਪਿੰਨ ਲਗਾਉਂਦੇ ਹਾਂ, ਉਸੇ ਤਰੀਕੇ ਨਾਲ ਇਸ ਦੀ ਵਰਤੋਂ ਕਰਨੀ ਹੈ।

ਜਦੋਂ ਤੁਸੀਂ ਕਿਤਾਬ ਬੰਦ ਕਰੋਗੇ ਤਾਂ ਤੁਹਾਡਾ ਬਣਾਇਆ ਜਾਨਵਰ ਬਾਹਰ ਤੁਹਾਨੂੰ ਨਜ਼ਰ ਆਵੇਗਾ।

## ਔਰਤ ਦੀ ਦੋਹਰੀ ਜ਼ਿੰਮੇਵਾਰੀ ਦੀਆਂ ਚੁਣੌਤੀਆਂ

ਅਜੋਕੇ ਤੇਜ਼ ਰਫ਼ਤਾਰੀ ਅਤੇ ਭੌਤਿਕਵਾਦੀ ਯੁੱਗ ਵਿਚ ਔਰਤ ਮਰਦ ਦੇ ਨਾਲ ਆਰਥਿਕਤਾ ਵਿਚ ਹੱਥ ਵੰਡਾ ਰਹੀ ਹੈ। ਭਾਵੇਂ ਅੱਜ ਦੀ ਔਰਤ, ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਅਫਸਰ ਆਦਿ ਵੱਡੇ-ਵੱਡੇ ਰੁਤਬਿਆਂ ਨੂੰ ਨਿਭਾਅ ਰਹੀ ਹੈ ਪਰ ਉਹ ਗ੍ਰਹਿਲਕਸ਼ਮੀ ਜਾਂ ਗ੍ਰਹਿਣੀ/ਸੁਆਣੀ ਵਰਗੇ ਅਹੁਦਿਆਂ ਨੂੰ ਵੀ ਨਾਲ-ਨਾਲ ਨਿਭਾਅ ਰਹੀ ਹੈ। ਭਾਵੇਂ ਉਹ ਵੱਡੇ ਤੋਂ ਵੱਡੇ ਰੁਤਬੇ 'ਤੇ ਹੋਵੇ ਤੇ ਬਹੁਤ ਸਾਰਾ ਪੈਸਾ ਕਮਾਉਣ ਦੀ ਸਮਰੱਥਾ ਰੱਖਦੀ ਹੋਵੇ, ਫਿਰ ਵੀ ਬੱਚੇ ਪੈਦਾ ਕਰਨਾ, ਉਨ੍ਹਾਂ ਦੀ ਪਾਲਣਾ ਕਰਨਾ, ਉਨ੍ਹਾਂ ਦੀ ਪੜ੍ਹਾਈ-ਲਿਖਾਈ ਵਿਚ ਉਨ੍ਹਾਂ ਦੀ ਮਦਦ ਕਰਨਾ, ਰਸੋਈ ਦਾ ਕੰਮ, ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਸਾਰਾ ਕੁਝ ਔਰਤ ਦੇ ਹਿੱਸੇ ਆਇਆ ਹੈ। ਹੋ ਸਕਦਾ ਹੈ ਕੁਝ ਕੁ ਔਰਤਾਂ ਇਹੋ ਜਿਹੀਆਂ ਹੋਣ, ਜਿਹੜੀਆਂ ਘਰ ਵਿਚ ਭਾਵੇਂ ਕੁਝ ਵੀ ਹੋਵੇ, ਉਸ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਨੌਕਰੀ ਉੱਪਰ ਵਧੇਰੇ ਧਿਆਨ ਦਿੰਦੀਆਂ ਹਨ ਪਰ ਵਧੇਰੇ ਕਰਕੇ ਔਰਤਾਂ ਦਾ ਸੁਭਾਅ ਅਜਿਹਾ ਹੁੰਦਾ ਹੈ ਕਿ ਉਹ ਆਪਣੀਆਂ ਪਰਿਵਾਰਕ, ਸਮਾਜਿਕ ਅਤੇ ਦਫ਼ਤਰੀ ਜ਼ਿੰਮੇਵਾਰੀਆਂ ਵਿਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਿਚ ਲੱਗੀਆਂ ਰਹਿੰਦੀਆਂ ਹਨ। ਇਹ ਦੋਵੇਂ ਕੰਮ ਕਿਸ ਤਰ੍ਹਾਂ ਸੁਭਾਵਿਕ ਢੰਗ ਨਾਲ ਕੀਤੇ ਜਾ ਸਕਣ, ਇਸ ਵਾਸਤੇ ਥੋੜ੍ਹੀ ਜਿਹੀ ਸੂਝ-ਸਮਝ ਤੋਂ ਕੰਮ ਲਿਆ ਜਾਵੇ ਤਾਂ ਔਰਤ ਘਰ ਨੂੰ ਖੁਸ਼ਹਾਲ ਅਤੇ ਆਪਣੀ ਨੌਕਰੀ ਨੂੰ ਬੜੇ ਅਨੰਦ ਤੇ ਖੁਸ਼ੀ ਨਾਲ ਨਿਭਾਅ ਸਕਦੀ ਹੈ।



ਕੰਮਕਾਜੀ ਔਰਤਾਂ ਵਿਚ ਕੁਝ ਅਜਿਹੀਆਂ ਔਰਤਾਂ ਹੋਣਗੀਆਂ, ਜਿਨ੍ਹਾਂ ਦੇ ਕੋਲ ਸਹਾਇਕ ਵੀ ਮੌਜੂਦ ਹੁੰਦੇ ਹਨ ਜਾਂ ਫਿਰ ਸੰਯੁਕਤ ਪਰਿਵਾਰਾਂ ਵਿਚ ਜੇਠਾਣੀ, ਸੱਸ ਜਾਂ ਕੋਈ ਹੋਰ ਔਰਤ ਵੀ ਸਹਾਇਤਾ ਕਰ ਸਕਦੀ ਹੈ। ਕੁਝ ਔਰਤਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਸਾਰਾ ਕੰਮ ਆਪ ਹੀ ਕਰਨਾ ਪੈਂਦਾ ਹੈ। ਉਨ੍ਹਾਂ ਦੇ ਪਤੀ ਜਾਂ ਬੱਚੇ ਥੋੜ੍ਹਾ ਸਹਿਯੋਗ ਜ਼ਰੂਰ ਦਿੰਦੇ ਹਨ। ਬਿਨਾਂ ਕਿਸੇ ਦੇ ਸਹਿਯੋਗ ਤੋਂ ਨੌਕਰੀ ਕਰਨਾ ਅਤੇ ਘਰ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਤੇ ਵਧੀਆ ਰੱਖਣਾ ਨੌਕਰੀਸ਼ੁਦਾ ਔਰਤ ਲਈ ਵੱਡੀ ਚੁਣੌਤੀ ਹੈ।

ਜੇਕਰ ਘਰ ਵਿਚ ਪੱਕਾ ਜਾਂ ਪਾਰਟ ਟਾਈਮ ਸਹਾਇਕ ਹੈ ਤਾਂ ਉਸ ਨੂੰ ਕੰਮ ਕਰਨ ਦਾ ਤਰੀਕਾ ਸਿਖਾ ਕੇ ਆਪਣੀ ਲੋੜ ਅਨੁਸਾਰ ਕੰਮ ਲਿਆ ਜਾ ਸਕਦਾ ਹੈ, ਜਿਸ ਨਾਲ ਨੌਕਰੀਸ਼ੁਦਾ ਔਰਤਾਂ ਆਪਣੇ ਕੰਮਕਾਜ ਲਈ ਜਾਣ ਤੋਂ ਪਹਿਲਾਂ ਕਾਫੀ ਕੰਮ ਨਿਪਟਾ ਸਕਦੀਆਂ ਹਨ। ਰਾਤ ਨੂੰ ਸੌਣ ਤੋਂ ਪਹਿਲਾਂ ਸਵੇਰ ਦੇ ਨਾਸ਼ਤੇ ਤੇ ਦੁਪਹਿਰ ਦੇ ਖਾਣੇ ਦੀ ਸਹੀ ਯੋਜਨਾ ਅਤੇ ਤਿਆਰੀ ਕਰ ਕੇ ਕਾਫ਼ੀ ਹੱਦ ਤੱਕ ਆਪਣੇ ਨੌਕਰੀਸ਼ੁਦਾ ਜੀਵਨ ਨੂੰ ਆਸਾਨ ਬਣਾਇਆ ਜਾ ਸਕਦਾ ਹੈ।

ਜੇਕਰ ਬੱਚੇ ਵੱਡੇ ਹਨ ਤਾਂ ਉਨ੍ਹਾਂ ਨੂੰ ਆਪਣੇ ਕੰਮ ਆਪ ਕਰਨ ਦੀ ਆਦਤ ਪਾ ਕੇ ਅਸੀਂ ਕਾਫੀ ਹੱਦ ਤੱਕ ਆਪਣੀਆਂ ਮੁਸ਼ਕਿਲਾਂ ਘਟਾ ਸਕਦੇ ਹਾਂ ਤੇ ਸਮਾਂ ਬਚਾਅ ਸਕਦੇ ਹਾਂ। ਕੰਮਕਾਜੀ ਔਰਤਾਂ ਲਈ ਆਪਣੇ ਆਂਢ-ਗੁਆਂਢ ਨਾਲ ਸਬੰਧ ਵਧੀਆ ਬਣਾ ਕੇ ਰੱਖਣਾ ਲੋੜ ਵੀ ਹੈ ਤੇ ਮਜਬੂਰੀ ਵੀ ਤਾਂ ਕਿ ਜ਼ਰੂਰਤ ਪੈਣ 'ਤੇ ਕੋਈ ਕੰਮ ਆ ਸਕੇ। ਜੇਕਰ ਬੱਚੇ ਛੋਟੇ ਹਨ, ਕਿਸੇ ਸਹਾਇਕ ਜਾਂ ਆਯਾ ਕੋਲ ਛੱਡਣੇ ਪੈਂਦੇ ਹਨ ਤਾਂ ਉਨ੍ਹਾਂ ਦਾ ਸਹੀ ਪ੍ਰਬੰਧ (ਖਾਣ-ਪੀਣ ਅਤੇ ਪਹਿਨਣ ਦਾ) ਕਰ ਕੇ ਹੀ ਜਾਣਾ ਚਾਹੀਦਾ ਹੈ। ਆਪਣਾ ਕੀਮਤੀ ਸਾਮਾਨ ਆਪਣੀਆਂ ਅਲਮਾਰੀਆਂ ਵਿਚ ਹੀ ਰੱਖੋ। ਬੱਚਿਆਂ ਦੇ ਭਰੋਸੇ 'ਤੇ ਨਾ ਛੱਡ ਕੇ ਜਾਓ। ਨੌਕਰੀਪੇਸ਼ਾ ਔਰਤਾਂ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੀ ਹੈ ਘਰ ਦੇ ਬਜ਼ੁਰਗਾਂ ਅਤੇ ਬੱਚਿਆਂ ਦੀ ਦੇਖਭਾਲ।

ਜੇਕਰ ਘਰ ਵਿਚ ਕਿਚਨ ਗਾਰਡਨ ਜਾਂ ਗਮਲੇ ਪੌਦੇ ਲਗਾ ਕੇ ਰੱਖੇ ਹੋਏ ਹਨ ਤਾਂ ਉਨ੍ਹਾਂ ਦੀ ਦੇਖ-ਰੇਖ ਲਈ ਛੁੱਟੀ ਵਾਲੇ ਦਿਨ 'ਚੋਂ ਥੋੜ੍ਹਾ ਸਮਾਂ ਕੱਢਿਆ ਜਾ ਸਕਦਾ ਹੈ। ਛੁੱਟੀ ਵਾਲੇ ਦਿਨ ਦਾ ਸਹੀ ਉਪਯੋਗ ਕਰ ਕੇ ਘਰ ਦੀ ਸਾਫ਼-ਸਫ਼ਾਈ, ਝਾੜ-ਪੂੰਝ ਵਿਚ ਸਹਾਇਕ ਜਾਂ ਘਰ ਦੇ ਹੋਰ ਜੀਆਂ ਦੀ ਮਦਦ ਲਈ ਜਾ ਸਕਦੀ ਹੈ। ਨੌਕਰੀਪੇਸ਼ਾ ਔਰਤਾਂ ਨੂੰ ਘਰ ਅਤੇ ਆਪਣੇ ਕੰਮ ਦੀ ਦੋਹਰੀ ਜ਼ਿੰਮੇਵਾਰੀ ਨਿਭਾਉਣ ਲਈ ਪਤੀ, ਬੱਚਿਆਂ ਅਤੇ ਘਰ ਦੇ ਹੋਰ ਜੀਆਂ ਤੋਂ ਸਹਿਯੋਗ ਦੀ ਬੜੀ ਉਮੀਦ ਹੁੰਦੀ ਹੈ। ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਹਿਯੋਗ ਦੇ ਕੇ ਕੰਮਕਾਜੀ ਔਰਤਾਂ ਲਈ ਮਦਦਗਾਰ ਸਾਬਤ ਹੋਣ, ਕਿਉਂਕਿ ਉਹ ਘਰ ਦੀ ਆਰਥਿਕ ਸਥਿਤੀ ਨੂੰ ਸੰਵਾਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਕੰਮਕਾਜੀ ਔਰਤਾਂ ਦੀ ਜ਼ਿੰਦਗੀ ਵਿਚ ਘਰੇਲੂ ਔਰਤਾਂ ਦੇ ਮੁਕਾਬਲੇ ਵਿਚ ਆਪਣੇ ਲਈ ਸਮੇਂ ਦੀ ਕਮੀ ਹੁੰਦੀ ਹੈ ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਮਾਂ ਕੱਢ ਕੇ ਸਰੀਰਕ ਅਤੇ ਮਾਨਸਿਕ ਸਿਹਤ ਦਾ ਧਿਆਨ ਰੱਖਿਆ ਜਾਵੇ। ਕਸਰਤ, ਯੋਗਾ, ਸਾਈਕਲਿੰਗ ਦੀ ਸਹਾਇਤਾ ਲਈ ਜਾ ਸਕਦੀ ਹੈ। ਕਿਉਂਕਿ ਨੌਕਰੀਪੇਸ਼ਾ ਔਰਤਾਂ ਦੀ ਜ਼ਿੰਦਗੀ ਵਿਚ ਤਣਾਅ ਦੀਆਂ ਸੰਭਾਵਨਾਵਾਂ ਅਤੇ ਸਥਿਤੀਆਂ ਵਧੇਰੇ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਿਹਤ ਪ੍ਰਤੀ ਚੌਕਸੀ ਵਰਤਣ ਅਤੇ ਸਮੇਂ-ਸਮੇਂ ਆਪਣਾ ਚੈਕਅੱਪ ਕਰਵਾਉਂਦੀਆਂ ਰਹਿਣ। ਪਰਿਵਾਰ ਨਾਲ ਛੁੱਟੀ ਵਾਲੇ ਦਿਨ ਸਮਾਂ ਬਿਤਾ ਕੇ ਵੀ ਆਪਣੀਆਂ ਚਿੰਤਾਵਾਂ ਅਤੇ ਤਣਾਅ ਘੱਟ ਕੀਤੇ ਜਾ ਸਕਦੇ ਹਨ। ਨੌਕਰੀਪੇਸ਼ਾ ਔਰਤਾਂ ਦੀ ਮਦਦ ਲਈ ਬਹੁਤ ਸਾਰੇ ਅਜਿਹੇ ਬਿਜਲੀ ਉਪਕਰਨ ਆ ਚੁੱਕੇ ਹਨ, ਜੋ ਉਨ੍ਹਾਂ ਦਾ ਸਮਾਂ ਅਤੇ ਊਰਜਾ ਬਚਾਅ ਸਕਦੇ ਹਨ। ਅਜਿਹੇ ਉਪਕਰਨਾਂ ਨੂੰ ਖਰੀਦਣਾ ਆਪਣੀਆਂ ਮੁਢਲੀਆਂ ਲੋੜਾਂ 'ਚ ਸ਼ਾਮਿਲ ਕਰ ਕੇ ਨੌਕਰੀਪੇਸ਼ਾ ਔਰਤਾਂ ਆਪਣੀ ਜ਼ਿੰਦਗੀ ਸੌਖੀ ਬਣਾ ਸਕਦੀਆਂ ਹਨ।

ਇਸ ਤਰ੍ਹਾਂ ਸਮੇਂ ਦਾ ਸਹੀ ਉਪਯੋਗ ਕਰ ਕੇ ਰਿਸ਼ਤਿਆਂ ਵਿਚ ਸੁਖਾਵਾਂਪਨ ਲਿਆ ਕੇ ਪਰਿਵਾਰਕ ਲੋੜਾਂ ਅਤੇ ਜ਼ਿੰਮੇਵਾਰੀਆਂ ਦਾ ਧਿਆਨ ਰੱਖ ਕੇ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਸਹਿਯੋਗ ਸਦਕਾ ਨੌਕਰੀਪੇਸ਼ਾ ਔਰਤਾਂ ਆਪਣੀਆਂ ਦੋਹਰੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਅ ਸਕਦੀਆਂ ਹਨ। ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖ ਕੇ ਤਣਾਅ ਮੁਕਤ ਰਿਹਾ ਜਾ ਸਕਦਾ ਹੈ। ਗ੍ਰਹਿਸਥੀ ਅਤੇ ਨੌਕਰੀ ਦੋਵਾਂ ਕੰਮਾਂ ਨੂੰ ਖੂਬਸੂਰਤ ਤੇ ਅਨੰਦਮਈ ਢੰਗ ਨਾਲ ਨਿਭਾਇਆ ਜਾ ਸਕਦਾ ਹੈ।

**-ਐਚ. ਐਮ. ਵੀ., ਜਲੰਧਰ।**

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02




# BHULLAR

EXCAVATING AND DEMOLITION

- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

**We do townhouses**
Quality work Reasonable rate
**Fast & friendly Service**

**We Fix All Leaky Basement & Drainage Problems**



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar

# ਅੰਮ੍ਰਿਤਪਾਲ ਸਿੰਘ ਦੇ ਜਿਨ੍ਹਾਂ ਸਾਥੀਆਂ ਨੂੰ ਪੰਜਾਬ ਲਿਆਂਦਾ ਜਾ ਰਿਹਾ, ਉਹ ਕੌਣ ਹਨ, ਕਿਹੜੇ ਕੇਸ ਉਨ੍ਹਾਂ 'ਤੇ ਦਰਜ ਹਨ

ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਦੇ ਸਾਥੀਆਂ ਨੂੰ ਪੰਜਾਬ ਲਿਆਉਣ ਲਈ ਕਾਰਵਾਈ ਮੁਕੰਮਲ ਕਰ ਲਈ ਗਈ ਹੈ। ਖ਼ਬਰ ਏਜੰਸੀ ਪੀਟੀਆਈ ਮੁਤਾਬਕ ਪੰਜਾਬ ਪੁਲਿਸ ਦੀ 25 ਮੈਂਬਰੀ ਟੀਮ ਪਿਛਲੇ ਕਈ ਦਿਨਾਂ ਤੋਂ ਅਸਾਮ ਦੇ ਡਿਬਰੂਗੜ੍ਹ ਵਿੱਚ ਮੌਜੂਦ ਸੀ ਤਾਂ ਜ਼ਰੂਰੀ ਕਾਨੂੰਨੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾ ਸਕੇ।

ਗੌਰਤਲਬ ਹੈ ਕਿ ਸੱਤਾਂ ਮੁਲਜ਼ਮਾਂ ਨੂੰ ਬੁੱਧਵਾਰ ਨੂੰ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਪੁਲਿਸ ਵੱਲੋਂ ਇੱਕ ਵੱਖਰੇ ਮਾਮਲੇ ਵਿੱਚ ਸੱਤਾਂ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਅੰਮ੍ਰਿਤਪਾਲ ਸਿੰਘ, ਪਪਲਪ੍ਰੀਤ ਸਿੰਘ ਅਤੇ ਵਰਿੰਦਰ ਸਿੰਘ ਜੌਹਲ ਨੂੰ ਅਜੇ ਐੱਨਐੱਸਏ ਅਧੀਨ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ ਹੈ, ਉਨ੍ਹਾਂ ਦਾ ਐੱਨਐੱਸਏ ਜੂਨ 2025 ਵਿੱਚ ਖਤਮ ਹੋਵੇਗਾ। ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਜਲਦ ਹੀ ਸੱਤਾਂ ਮੁਲਜ਼ਮਾਂ ਨੂੰ ਪੰਜਾਬ ਲੈ ਕੇ ਰਵਾਨਾ ਹੋਵੇਗੀ।

ਖ਼ਬਰ ਏਜੰਸੀ ਪੀਟੀਆਈ ਦੀ ਰਿਪੋਰਟ ਮੁਤਾਬਕ, ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ "ਸਾਰੇ ਸੱਤ ਨਜ਼ਰਬੰਦਾਂ ਨੂੰ ਸਖ਼ਤ ਸੁਰੱਖਿਆ ਹੇਠ ਪੰਜਾਬ ਭੇਜਿਆ ਜਾਵੇਗਾ। ਪੰਜਾਬ ਪੁਲਿਸ ਨੇ ਉਨ੍ਹਾਂ ਦਾ ਟਰਾਂਜ਼ਿਟ ਰਿਮਾਂਡ ਪ੍ਰਾਪਤ ਕਰ ਲਿਆ ਹੈ ਅਤੇ ਹੁਣ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਕਾਨੂੰਨੀ ਟ੍ਰਾਂਸਫਰ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ।"

ਉਨ੍ਹਾਂ ਦੱਸਿਆ ਕਿ "ਨਜ਼ਰਬੰਦਾਂ ਨੂੰ ਦੋ ਕਮਰਸ਼ੀਅਲ ਜਹਾਜ਼ਾਂ ਰਾਹੀਂ ਪੰਜਾਬ ਲਿਜਾਇਆ ਜਾਵੇਗਾ। ਉਨ੍ਹਾਂ ਵਿੱਚੋਂ ਤਿੰਨ ਨੂੰ ਪਹਿਲਾਂ ਹੀ ਮੋਹਨਬਾੜੀ ਹਵਾਈ ਅੱਡੇ 'ਤੇ ਲਿਆਂਦਾ ਜਾ ਚੁੱਕਾ ਹੈ ਅਤੇ ਬਾਕੀ ਚਾਰਾਂ ਨੂੰ ਵੀ ਦਿਨ ਦੇ ਅੰਤ ਵਿੱਚ ਇੱਕ ਵੱਖਰੇ ਜਹਾਜ਼ ਰਾਹੀਂ ਭੇਜਿਆ ਜਾਵੇਗਾ।"

### ਅੰਮ੍ਰਿਤਪਾਲ ਦੇ 7 ਸਾਥੀਆਂ ਬਾਰੇ ਪੰਜਾਬ ਪੁਲਿਸ ਨੇ ਕੀ ਦੱਸਿਆ ਸੀ

ਅੰਮ੍ਰਿਤਪਾਲ ਸਿੰਘ ਦੇ ਜਿਨ੍ਹਾਂ ਸਾਥੀਆਂ ਨੂੰ ਪੰਜਾਬ ਪੁਲਿਸ ਅਸਾਮ ਦੇ ਡਿਬਰੂਗੜ੍ਹ ਤੋਂ ਪੰਜਾਬ ਲੈ ਕੇ ਆ ਰਹੀ ਹੈ, ਉਨ੍ਹਾਂ ਸਾਰਿਆਂ 'ਤੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਇਆ ਗਿਆ ਸੀ ਅਤੇ ਉਹ ਪਿਛਲੇ ਦੋ ਸਾਲਾਂ ਤੋਂ ਅਸਾਮ ਦੀ ਜੇਲ੍ਹ ਵਿੱਚ ਬੰਦ ਸਨ।

ਹਾਲ ਹੀ ਵਿੱਚ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਇਨ੍ਹਾਂ ਸਾਰਿਆਂ ਬਾਰੇ ਜਾਣਕਾਰੀ ਸਾਂਝਾ ਕਰਦਿਆਂ ਕਿਹਾ ਸੀ ਅਜਨਾਲਾ ਪੁਲਿਸ ਸਟੇਸ਼ਨ ਹਮਲੇ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਰਸਮੀ ਤੌਰ 'ਤੇ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

ਇਸ ਜਾਣਕਾਰੀ ਅਨੁਸਾਰ ਬਸੰਤ ਸਿੰਘ, ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ, ਗੁਰਮੀਤ ਸਿੰਘ ਗਿੱਲ ਉਰਫ਼ ਗੁਰਮੀਤ ਬੁੱਕਣਵਾਲਾ, ਸਰਬਜੀਤ ਸਿੰਘ ਕਲਸੀ ਉਰਫ਼ ਦਲਜੀਤ ਸਿੰਘ ਕਲਸੀ, ਗੁਰਿੰਦਰਪਾਲ ਸਿੰਘ ਔਜਲਾ ਉਰਫ਼ ਗੁਰੀ ਔਜਲਾ, ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਅਤੇ ਕੁਲਵੰਤ ਸਿੰਘ ਧਾਲੀਵਾਲ ਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ।

### ਅੰਮ੍ਰਿਤਪਾਲ ਤੇ ਉਨ੍ਹਾਂ ਦੇ ਸਾਥੀਆਂ 'ਤੇ ਕਿਹੜੇ ਮਾਮਲੇ ਦਰਜ

ਅੰਮ੍ਰਿਤਪਾਲ ਦੇ ਸਾਥੀਆਂ 'ਤੇ ਪੰਜਾਬ ਵਿੱਚ ਹੋਰ ਵੀ ਮਾਮਲੇ ਦਰਜ ਹਨ। ਇਸੇ ਕਾਰਨ ਪੰਜਾਬ ਪੁਲਿਸ ਹੁਣ ਉਨ੍ਹਾਂ ਨੂੰ ਪੰਜਾਬ ਲਿਆ ਰਹੀ ਹੈ।

ਜਾਣਕਾਰੀ ਮੁਤਾਬਕ, ਉਨ੍ਹਾਂ 'ਤੇ ਅਜਨਾਲਾ ਥਾਣੇ 'ਤੇ ਹਮਲਾ ਕਰਨ ਦੇ ਮਾਮਲੇ ਵਿੱਚ ਕੇਸ ਦਰਜ ਹਨ। ਇਹ ਘਟਨਾ 23 ਫਰਵਰੀ 2023 ਦੀ ਹੈ।

ਇਸ ਵਿੱਚ ਉਨ੍ਹਾਂ ਖ਼ਿਲਾਫ਼ ਲੱਗੇ ਇਲਜ਼ਾਮਾਂ 'ਚ ਦੰਗਾ, ਹਥਿਆਰਬੰਦ ਹਮਲਾ, ਗੈਰ-ਕਾਨੂੰਨੀ ਢੰਗ ਨਾਲ ਸਭਾ ਕਰਨਾ ਅਤੇ ਸਰਕਾਰੀ ਕੰਮਕਾਜ 'ਚ ਰੁਕਾਵਟ ਪਾਉਣ ਸਬੰਧੀ ਧਾਰਾਵਾਂ ਲੱਗੀਆਂ ਹਨ।

ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀ ਲਵਪ੍ਰੀਤ ਸਿੰਘ ਖ਼ਿਲਾਫ਼ 16 ਫਰਵਰੀ 2023 ਅਜਨਾਲਾ ਵਿੱਚ ਅਗਵਾ ਕਰਨ ਦਾ ਕੇਸ ਦਰਜ ਕੀਤਾ ਗਿਆ। ਇਹ ਕੇਸ ਰੋਪੜ ਚਮਕੌਰ ਸਾਹਿਬ ਦੇ ਰਹਿਣ ਵਾਲੇ ਵਰਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ।

ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਅਜਨਾਲਾ ਅਤੇ ਬਾਘਾਪੁਰਾਣਾ ਵਿੱਚ ਭੜਕਾਊ ਬਿਆਨਬਾਜ਼ੀ ਕਰਨ ਦੇ ਇਲਜ਼ਾਮ ਵਿੱਚ ਆਈਪੀਸੀ ਦੀ ਧਾਰਾ 153-ਏ ਤਹਿਤ ਕੇਸ ਦਰਜ ਹੋਇਆ ਸੀ। ਦੀਪ ਸਿੱਧੂ ਤੇ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਯਾਦ ਵਿੱਚ ਬਰਸੀ ਸਮਾਗਮ ਕਰਵਾਇਆ ਗਿਆ




ਸੀ।

ਅੰਮ੍ਰਿਤਪਾਲ ਨੇ ਕਥਿਤ ਤੌਰ 'ਤੇ ਕਿਹਾ ਸੀ, "ਦੁਨੀਆ ਦੀ ਕੋਈ ਤਾਕਤ ਸਿੱਖਾਂ ਨੂੰ ਖ਼ਾਲਿਸਤਾਨ ਦੀ ਪ੍ਰਾਪਤੀ, ਆਜ਼ਾਦ ਰਾਜ ਦੀ ਪ੍ਰਾਪਤੀ ਤੋਂ ਨਹੀਂ ਰੋਕ ਸਕਦੀ...ਅਸੀਂ ਲੜਦੇ ਰਹਾਂਗੇ..."

ਅਜਨਾਲਾ ਥਾਣੇ ਦੇ ਘਿਰਾਓ ਸਮੇਂ ਹੋਈ ਹਿੰਸਾ ਤੋਂ ਬਾਅਦ ਪੁਲਿਸ ਨੇ 24 ਫਰਵਰੀ 2023 ਨੂੰ ਮੁਕੱਦਮਾ ਦਰਜ ਕੀਤਾ ਸੀ। ਇਨ੍ਹਾਂ ਉਪਰ ਸਮਾਜ ਵਿੱਚ ਅਸਥਿਰਤਾ ਫੈਲਾਉਣ, ਇਰਾਦਾ ਕਤਲ, ਪੁਲਿਸ ਮੁਲਾਜ਼ਮਾਂ 'ਤੇ ਹਮਲਾ ਕਰਨ ਅਤੇ ਸਰਕਾਰੀ ਕਰਮਚਾਰੀਆਂ ਦੀਆਂ ਡਿਊਟੀਆਂ ਨੂੰ ਕਾਨੂੰਨੀ ਤਰੀਕੇ ਨਾਲ ਨਿਭਾਉਣ ਵਿੱਚ ਵਿਘਨ ਪਾਉਣਾ ਦੇ ਇਲਜ਼ਾਮ ਸ਼ਾਮਿਲ ਹਨ।

ਮਹਿਤਪੁਰ ਵਿੱਚ ਰੈਸ਼ ਡਰਾਈਵਿੰਗ, ਸਰਕਾਰੀ ਅਧਿਕਾਰੀਆਂ ਦੇ ਆਦੇਸ਼ ਨਾਲ ਮੰਨਣ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਮੁਤਾਬਕ 18 ਮਾਰਚ 2023 ਨੂੰ ਨਾਕੇ ਤੋੜ ਕੇ ਅੰਮ੍ਰਿਤਪਾਲ ਫਰਾਰ ਹੋ ਗਿਆ, ਜਿਸ ਨੂੰ ਪੁਲਿਸ ਗ੍ਰਿਫ਼ਤਾਰ ਨਹੀਂ ਕਰ ਸਕੀ।

19 ਮਾਰਚ, 2023 ਨੂੰ ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਖਿਲਚੀਆਂ ਥਾਣੇ ਵਿੱਚ ਰੈਸ਼ ਡਰਾਈਵਿੰਗ ਅਤੇ ਅਪਰਾਧਿਕ ਭਾਵਨਾ ਰੱਖਣ ਦਾ ਕੇਸ ਦਰਜ ਹੋਇਆ ਸੀ

20 ਮਾਰਚ, 2023 ਨੂੰ ਅੰਮ੍ਰਿਤਪਾਲ, ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਡਰਾਇਵਰ ਹਰਪ੍ਰੀਤ ਸਿੰਘ ਖ਼ਿਲਾਫ਼ ਕੁਝ ਲੋਕਾਂ ਨੂੰ ਉਨ੍ਹਾਂ ਦੇ ਘਰ ਵਿੱਚ ਹੀ ਬੰਦੀ ਬਣਾ ਕੇ ਰੱਖਣ ਅਤੇ ਆਰਮਜ਼ ਐਕਟ ਦਾ ਕੇਸ ਦਰਜ ਕੀਤਾ ਗਿਆ ਸੀ।

21 ਮਾਰਚ, 2023 ਨੂੰ ਸ਼ਾਹਕੋਟ ਵਿੱਚ ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਚਾਰ ਸਾਥੀਆਂ ਖ਼ਿਲਾਫ਼ ਫਿਰੌਤੀ, ਦੰਗੇ, ਆਰਮਜ਼ ਐਕਟ ਅਤੇ ਗੈਰ-ਕਾਨੂੰਨੀ ਇਕੱਠ ਕਰਨ ਦਾ ਮਾਮਲਾ ਦਰਜ ਕੀਤਾ ਗਿਆ। ਇਹ ਵੀ ਉਨ੍ਹਾਂ ਦਿਨਾਂ ਦਾ ਹੀ ਕੇਸ ਹੈ, ਜਦੋਂ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।

ਜਦੋਂ ਪੰਜਾਬ ਪੁਲਿਸ ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀ ਪਪਲਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪਿੱਛਾ ਕਰ ਰਹੀ ਸੀ ਅਤੇ ਉਹ ਝਕਾਨੀ ਦੇ ਕੇ ਬਚ ਨਿਕਲਦੇ ਸਨ, ਤਾਂ 23 ਮਾਰਚ ਨੂੰ ਜਲੰਧਰ ਦੇ ਬਿਲਗਾ ਥਾਣੇ ਵਿੱਚ ਫਿਰੌਤੀ, ਬੰਦੀ ਬਣਾ ਕੇ ਰੱਖਣ ਅਤੇ ਆਮਰਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇੱਕ ਪਿੰਡ ਵਿੱਚ ਗੁਰਦੁਆਰੇ ਦੇ 'ਗ੍ਰੰਥੀ' ਦੀ ਸ਼ਿਕਾਇਤ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਵਿਰੁੱਧ ਫਿਰੌਤੀ ਅਤੇ ਦੰਗੇ ਕਰਨ ਦੇ ਇਲਜ਼ਾਮ ਵਿੱਚ ਇੱਕ ਹੋਰ ਐਫਆਈਆਰ ਦਰਜ ਕੀਤੀ ਗਈ ਸੀ।

30 ਮਾਰਚ ਨੂੰ ਹੁਸ਼ਿਆਰਪੁਰ ਦੇ ਮਹਿਤਆਣਾ ਥਾਣੇ ਵਿੱਚ ਵੀ ਅੰਮ੍ਰਿਤਪਾਲ ਤੇ ਸਾਥੀ ਖ਼ਿਲਾਫ਼ ਪੁਲਿਸ ਬੈਰੀਕੇਡ ਤੋੜਨ ਦਾ ਕੇਸ ਦਰਜ ਕੀਤਾ ਗਿਆ ਸੀ

### ਅਸਾਮ ਵਿੱਚ ਵੀ ਦਰਜ ਹੋਏ ਕੇਸ

ਫਰਵਰੀ 2024 : ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਸਰਕਾਰੀ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਡਿਊਟੀ ਕਰਨ ਤੋਂ ਰੋਕਣ, ਹਮਲਾਵਰ ਹੋਣ ਅਤੇ ਗੈਰ ਕਾਨੂੰਨੀ ਇਲੈਕਟ੍ਰੋਨਿਕ ਚੀਜਾਂ ਦੀ ਬਰਾਮਦੀ ਦਾ ਮਾਮਲਾ ਦਰਜ ਕੀਤਾ ਗਿਆ

ਮਾਰਚ 2024 : 7 ਫਰਵਰੀ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਅੰਮ੍ਰਿਤਪਾਲ ਦੇ ਸੈੱਲ ਵਿੱਚੋਂ ਇਲੈਕਟ੍ਰੋਨਿਕ ਯੰਤਰ ਅਤੇ ਟੈਲੀਫੋਨ ਬਰਾਮਦੀ ਦਾ ਮਾਮਲਾ ਦਰਜ ਹੋਇਆ

ਅਕਤੂਬਰ 2024 : 9 ਅਕਤੂਬਰ ਨੂੰ ਕੁਝ ਮੋਟਰਸਾਈਕਲ ਸਵਾਰਾਂ ਨੇ ਹਰੀ ਨੌਂ ਪਿੰਡ ਵਿੱਚ ਹੀ ਗੋਲੀਆਂ ਮਾਰ ਕੇ ਗੁਰਪ੍ਰੀਤ ਸਿੰਘ ਹਰੀਨੌਂ ਦਾ ਕਤਲ ਕਰ ਦਿੱਤਾ। ਅਗਲੇ ਦਿਨ ਕੋਟਕਪੂਰਾ ਪੁਲਿਸ ਸਟੇਸ਼ਨ ਵਿੱਚ ਬੀਐਨਐਸ ਅਤੇ ਆਰਮਜ਼ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਗਈ।10 ਅਕਤੂਬਰ ਨੂੰ ਦਰਜ ਕੀਤੀ ਗਈ ਐੱਫਆਈਰ ਵਿੱਚ ਪੁਲਿਸ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ

ਜਿਸ ਵੇਲੇ ਇਨ੍ਹਾਂ ਸਾਰਿਆਂ ਨੂੰ ਗਿਰਫ਼ਤਾਰ ਕੀਤਾ ਗਿਆ ਸੀ, ਉਸ ਵੇਲੇ ਇਨ੍ਹਾਂ ਦੇ ਪਿੰਡ, ਪਰਿਵਾਰ ਅਤੇ ਜਾਣਕਾਰਾਂ ਨਾਲ ਮੁਲਾਕਾਤ ਕੀਤੀ ਸੀ। ਉਸ ਦੌਰਾਨ ਇਨ੍ਹਾਂ ਬਾਰੇ ਜੋ ਜਾਣਕਾਰੀ ਸਾਹਮਣੇ ਆਈ ਸੀ, ਉਹ ਇਸ ਪ੍ਰਕਾਰ ਹੈ:

### ਕੁਲਵੰਤ ਸਿੰਘ ਰਾਊਕੇ

ਕੁਲਵੰਤ ਸਿੰਘ ਰਾਊਕੇ ਜ਼ਿਲ੍ਹਾ ਮੋਗਾ ਦੇ ਪਿੰਡ ਰਾਊਕੇ ਦੇ ਵਸਨੀਕ ਹਨ।

ਉਹ ਪਹਿਲਾਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀਐੱਸਪੀਸੀਐੱਲ) ਵਿੱਚ ਬਤੌਰ ਕਲਰਕ ਤੈਨਾਤ ਸਨ।

ਪਿਤਾ ਜਥੇਦਾਰ ਚੜਤ ਸਿੰਘ ਵੀ ਖਾੜਕੂ ਦੌਰ ਸਮੇਂ ਪੰਥਕ ਸਫਾਂ ਵਿੱਚ ਕਾਫੀ ਸਰਗਰਮ ਸਨ।

ਪਰਿਵਾਰ ਮੁਤਾਬਕ, ਜਥੇਦਾਰ ਚੜਤ ਸਿੰਘ ਰਾਊਕੇ ਨੂੰ 1993 'ਚ ਉਨ੍ਹਾਂ ਦੇ ਘਰ ਤੋਂ ਪੁਲਿਸ ਨੇ ਕਥਿਤ ਤੌਰ 'ਤੇ ਚੁੱਕ ਲਿਆ ਸੀ।

ਇਸ ਮਗਰੋਂ ਉਨ੍ਹਾਂ ਦੇ ਪਿਤਾ ਕਦੇ ਘਰ ਵਾਪਸ ਨਹੀਂ ਪਰਤੇ।

ਰਾਊਕੇ, ਕਿਸਾਨ ਸੰਘਰਸ਼ ਵੇਲੇ ਅਦਾਕਾਰ ਦੀਪ ਸਿੱਧੂ ਨਾਲ ਜੁੜੇ ਤੇ ਫਿਰ ਅੰਮ੍ਰਿਤਪਾਲ ਸਿੰਘ ਨਾਲ ਸਰਗਰਮੀਆਂ ਸ਼ੁਰੂ ਕੀਤੀਆਂ।

### ਬਸੰਤ ਸਿੰਘ - ਦੌਲਤਪੁਰਾ

ਬਸੰਤ ਸਿੰਘ, ਦਲਿਤ ਸਿੱਖ ਪਰਿਵਾਰ ਨਾਲ ਸਬੰਧਤ ਹਨ ਤੇ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਦੌਲਤਪੁਰਾ ਉੱਚਾ ਦੇ ਵਸਨੀਕ ਹਨ।

ਉਨ੍ਹਾਂ ਨੇ ਇੱਕ ਪ੍ਰਾਈਵੇਟ ਬੈਂਕ ਲਈ ਅਤੇ ਇੱਕ ਕੀਟਨਾਸ਼ਕ ਫਰਮ ਲਈ ਵੀ ਕੰਮ ਕੀਤਾ ਹੈ।

ਗ੍ਰਿਫਤਾਰੀ ਸਮੇਂ ਪਿੰਡ ਦੇ ਸਾਬਕਾ ਸਰਪੰਚ ਮੁਤਾਬਕ, ਉਹ ਗ੍ਰਿਫਤਾਰੀ ਤੋਂ ਦੋ-ਤਿੰਨ ਮਹੀਨਿਆਂ ਪਹਿਲਾਂ ਤੋਂ ਘਰ ਘੱਟ ਹੀ ਆਉਂਦਾ ਸੀ।

ਉਹ ਜ਼ਿਆਦਾਤਰ ਅੰਮ੍ਰਿਤਪਾਲ ਦੇ ਪਿੰਡ ਜੱਲੂਖੇੜਾ ਵੱਲੋਂ ਚਲਾਏ ਜਾ ਰਹੇ ਨਸ਼ਾ ਮੁਕਤੀ ਕੇਂਦਰ ਵਿੱਚ ਰਹਿੰਦਾ ਸੀ।

ਬਾਅਦ ਵਿੱਚ ਉਹ ਬਰਨਾਲਾ ਦੇ ਪਿੰਡ ਚੀਮਾ ਵਿੱਚ ਇੱਕ ਹੋਰ ਨਸ਼ਾ ਮੁਕਤੀ ਕੇਂਦਰ ਚਲਾਉਣ ਗਿਆ ਸੀ।

ਕਿਸਾਨ ਅੰਦੋਲਨ ਦੌਰਾਨ ਅਦਾਕਾਰ ਦੀਪ ਸਿੱਧੂ ਤੋਂ ਪ੍ਰੇਰਿਤ ਹੋ ਕੇ ਉਸ ਨਾਲ ਜੁੜਨ ਮਗਰੋਂ ਉਹ ਅੰਮ੍ਰਿਤਪਾਲ ਸਿੰਘ ਨਾਲ ਚਲਾ ਗਿਆ ਸੀ।

ਪਹਿਲਾਂ ਬਸੰਤ ਦੇ ਵਾਲ ਕੱਟੇ ਹੋਏ ਸਨ, ਫਿਰ ਉਸ ਨੇ ਕਰੀਬ 5 ਸਾਲ ਪਹਿਲਾਂ ਅੰਮ੍ਰਿਤ ਛਕ ਲਿਆ ਸੀ।

### ਗੁਰਮੀਤ ਸਿੰਘ - ਬੁੱਕਣ ਵਾਲਾ

ਗੁਰਮੀਤ ਸਿੰਘ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਕਣ ਵਾਲਾ ਦੇ ਰਹਿਣ ਵਾਲੇ ਹਨ ਅਤੇ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਹਨ।

ਉਹ ਪਿਛਲੇ ਕੁਝ ਸਾਲਾਂ ਤੋਂ ਆਪਣੇ ਜੀਜੇ ਤਰਨਦੀਪ ਸਿੰਘ ਨਾਲ ਫਰਨੀਚਰ ਦੀ ਦੁਕਾਨ ਚਲਾ ਰਹੇ ਸਨ।

ਉਨ੍ਹਾਂ ਦੇ ਪਿੰਡ ਦੇ ਬਜ਼ੁਰਗਾਂ ਮੁਤਾਬਕ, ਗੁਰਮੀਤ ਸਿੰਘ ਨੇ ਹਮੇਸ਼ਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਿਆ।

ਉਨ੍ਹਾਂ ਦੇ ਪਿਤਾ ਮਾਲ ਵਿਭਾਗ ਤੋਂ ਪਟਵਾਰੀ ਵਜੋਂ ਸੇਵਾਮੁਕਤ ਹਨ ਅਤੇ ਗੁਰਮੀਤ ਸਿੰਘ ਦੀਆਂ ਦੋ ਨਾਬਾਲਗ ਧੀਆਂ ਹਨ।

ਗੁਰਮੀਤ ਵੀ ਕਿਸਾਨ ਅੰਦੋਲਨ ਦੌਰਾਨ ਅਦਾਕਾਰ ਦੀਪ ਸਿੱਧੂ ਦੇ ਸੰਪਰਕ ਵਿੱਚ ਆਏ ਸਨ।

ਪਰਿਵਾਰ ਮੁਤਾਬਕ, ਉਹ (ਪਰਿਵਾਰ) 'ਵਾਰਿਸ ਪੰਜਾਬ ਦੇ' ਜਥੇਬੰਦੀ ਦੀਆਂ ਗਤੀਵਿਧੀਆਂ ਤੋਂ ਅਣਜਾਣ ਹਨ।

ਜਦਕਿ ਪੁਲਿਸ ਸੂਤਰਾਂ ਅਨੁਸਾਰ, ਗੁਰਮੀਤ ਇਸ ਸੰਗਠਨ ਦਾ ਅਹਿਮ ਮੈਂਬਰ ਹੈ।

### ਦਲਜੀਤ ਸਿੰਘ ਕਲਸੀ

ਫ਼ਿਲਮ ਅਦਾਕਾਰ ਦਲਜੀਤ ਸਿੰਘ ਕਲਸੀ ਨੇ ਵੱਖ-ਵੱਖ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ ਹੈ ਤੇ ਦੀਪ ਸਿੱਧੂ ਦੇ ਸਭ ਤੋਂ ਨਜ਼ਦੀਕੀ ਸਾਥੀ ਰਹੇ ਹਨ।

ਉਨ੍ਹਾਂ ਨੇ ਅੰਮ੍ਰਿਤਪਾਲ ਸਿੰਘ ਦੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਵਜੋਂ ਨਿਯੁਕਤੀ ਦਾ ਸਮਰਥਨ ਕੀਤਾ ਸੀ।

ਪੁਲਿਸ ਸੂਤਰਾਂ ਮੁਤਾਬਕ, ਉਹ 'ਵਾਰਿਸ ਪੰਜਾਬ ਦੇ' ਸੰਸਥਾ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਤਹਿਤ ਜਾਂਚ ਅਧੀਨ ਹਨ।

ਕਲਸੀ ਦੇ ਫੇਸਬੁੱਕ ਪ੍ਰੋਫਾਈਲ ਮੁਤਾਬਕ ਉਹ ਆਲ ਟਾਈਮ ਮੂਵੀਜ਼ ਪ੍ਰਾਈਵੇਟ ਲਿਮਿਟਡ ਨਾਮ ਦੀ ਕੰਪਨੀ ਦੇ ਡਾਇਰੈਕਟਰ ਹਨ।

ਪ੍ਰੋਫਾਈਲ ਮੁਤਾਬਕ ਉਹ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਤੇਬ ਦਿੱਲੀ ਯੂਨੀਵਰਸਿਟੀ ਤੋਂ ਪੜ੍ਹੇ ਹਨ।

### ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ

ਕਿਸਾਨ ਪਰਿਵਾਰ ਨਾਲ ਸਬੰਧਤ, ਭਗਵੰਤ ਸਿੰਘ ਸੋਸ਼ਲ ਮੀਡੀਆ 'ਤੇ ਵੀਡਿਓ ਪਾਉਣ ਕਾਰਨ ਚਰਚਾ ਵਿੱਚ ਆਏ ਸਨ।

ਉਹ 'ਪ੍ਰਧਾਨ ਮੰਤਰੀ ਬਾਜੇਕੇ' ਨਾਮ ਹੇਠ ਸੋਸ਼ਲ ਮੀਡੀਆ ਪੇਜ ਵੀ ਚਲਾਉਂਦੇ ਸਨ।

ਉਹ ਅਕਸਰ ਸਮਾਜਿਕ-ਸਿਆਸੀ ਮੁੱਦਿਆਂ 'ਤੇ ਵਿਅੰਗਾਤਮਕ ਵੀਡੀਓ ਅਪਲੋਡ ਕਰਦੇ ਸਨ।

ਉਨ੍ਹਾਂ ਨੇ ਪਹਿਲਾਂ ਵਾਲ ਕੱਟੇ ਹੋਏ ਸਨ ਅਤੇ ਪਰ ਫਿਰ ਅੰਮ੍ਰਿਤਪਾਲ ਸਿੰਘ ਦੇ ਸੰਪਰਕ ਵਿੱਚ ਆਉਣ ਨਾਲ ਅੰਮ੍ਰਿਤ ਛਕ ਲਿਆ ਸੀ।

ਭਗਵੰਤ ਸਿੰਘ 'ਤੇ ਕਈ ਅਪਰਾਧਿਕ ਮਾਮਲੇ ਵੀ ਦਰਜ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਥਾਣਾ ਧਰਮਕੋਟ 'ਚ ਦਰਜ ਹਨ।

ਮੋਗਾ ਪੁਲਿਸ ਨੇ ਭਗਵੰਤ ਸਿੰਘ ਨੂੰ ਉਨ੍ਹਾਂ ਦੇ ਖੇਤ 'ਚੋਂ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਪੁਲਿਸ ਨੂੰ ਦੇਖ ਕੇ ਭੱਜ ਗਏ ਸਨ।

ਭੱਜਣ ਕਾਰਨ ਉਨ੍ਹਾਂ ਦੀ ਟ੍ਰੋਲਿੰਗ ਵੀ ਹੋਈ ਸੀ, ਕਿਉਂਕਿ ਪਹਿਲਾਂ ਉਹ ਸੋਸ਼ਲ ਮੀਡੀਆ 'ਤੇ ਵੱਖ-ਵੱਖ ਉੱਚ-ਪ੍ਰੋਫਾਈਲ ਲੋਕਾਂ ਨੂੰ ਚੁਣੌਤੀ ਦੇ ਰਹੇ ਸਨ।

### ਹਰਜੀਤ ਸਿੰਘ

ਮੰਨਿਆ ਜਾਂਦਾ ਹੈ ਕਿ ਅੰਮ੍ਰਿਤਪਾਲ ਦੇ ਪਰਿਵਾਰ ਵਿੱਚੋਂ ਸਭ ਤੋਂ ਨੇੜੇ ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਹੀ ਸਨ।

ਹਰਜੀਤ ਸਿੰਘ ਨੇ ਦੱਸਿਆ ਸੀ ਕਿ ਉਨ੍ਹਾਂ ਦਾ ਦੁਬਈ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਸੀ।

ਇਸ ਕਾਰੋਬਾਰ ਵਿੱਚ ਅੰਮ੍ਰਿਤਪਾਲ ਤੇ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਜੁੜੇ ਹੋਏ ਹਨ।

ਅੰਮ੍ਰਿਤਪਾਲ ਸਿੰਘ ਮੰਨਦੇ ਸਨ ਕਿ ਪਰਿਵਾਰ ਦੇ ਆਰਥਿਕ ਹਾਲਾਤ ਠੀਕ ਹੋਣ ਵਿੱਚ ਹਰਜੀਤ ਸਿੰਘ ਦਾ ਵੱਡਾ ਯੋਗਦਾਨ ਸੀ।

ਗ੍ਰਿਫ਼ਤਾਰੀ ਤੋਂ ਪਹਿਲਾਂ, ਕਈ ਮਹੀਨਿਆਂ ਤੋਂ ਹਰਜੀਤ ਸਿੰਘ ਤੇ ਉਨ੍ਹਾਂ ਦੇ ਵੱਡੇ ਭਰਾ ਤਰਸੇਮ ਸਿੰਘ ਪੰਜਾਬ ਵਿੱਚ ਹੀ ਸਨ।

### ਗੁਰਿੰਦਰਪਾਲ ਸਿੰਘ ਔਜਲਾ

ਗੁਰਿੰਦਰਪਾਲ ਸਿੰਘ ਔਜਲਾ ਐੱਨਆਰਆਈ ਹਨ ਅਤੇ ਯੂਕੇ ਦੇ ਵਸਨੀਕ ਹਨ।

ਫਗਵਾੜਾ ਵਿਖੇ ਉਨ੍ਹਾਂ ਦਾ ਜੱਦੀ ਘਰ ਹੈ ਪਰ ਉੱਥੇ ਕੋਈ ਨਹੀਂ ਰਹਿੰਦਾ।

ਉਨ੍ਹਾਂ ਨੂੰ ਗੁਰੀ ਔਜਲਾ ਵਜੋਂ ਵੀ ਜਾਣਿਆ ਜਾਂਦਾ ਹੈ।

ਉਨ੍ਹਾਂ ਨੂੰ 9 ਮਾਰਚ, 2023 ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

- ਧੰਨਵਾਦ ਸਹਿਤ ਬੀਬੀਸੀ ਪੰਜਾਬੀ

# ਐਮ.ਪੀ. ਸੁਖ ਧਾਲੀਵਾਲ 'ਮਨੁੱਖੀ ਅਧਿਕਾਰਾਂ ਦਾ ਰਾਖਾ' (ਹਿਊਮਨ ਰਾਈਟਸ ਡਿਫੈਂਡਰ) ਪੁਰਸਕਾਰ ਨਾਲ ਸਨਮਾਨਿਤ



ਸਰੀ : ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਮੈਂਬਰ-ਪਾਰਲੀਮੈਂਟ ਸੁੱਖ ਧਾਲੀਵਾਲ ਨੂੰ ਕੈਨੇਡਾ ਦੀ ਪਾਰਲੀਮੈਂਟ ਵਿੱਚ ਸਿੱਖ ਨਸਲਕੁਸ਼ੀ 1984 ਅਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਰਗੇ ਮੁੱਦੇ ਉਠਾਉਣ, ਏਅਰ ਇੰਡੀਆ ਦੁਖਾਂਤ ਦੀ ਮੁੜ ਜਾਂਚ ਦੀ ਮੰਗ ਵਾਲੀ ਪਟੀਸ਼ਨ ਪੇਸ਼ ਕਰਨ ਅਤੇ ਕੈਨੇਡਾ ਵਿੱਚ ਭਾਰਤੀ ਦਖਲਅੰਦਾਜ਼ੀ ਦੇ ਮਾਮਲੇ ਤੇ ਬੇਬਾਕੀ ਨਾਲ ਬੋਲਣ ਲਈ ਰੈਡੀਕਲ ਦੇਸੀ ਸੰਸਥਾ ਵੱਲੋਂ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਸਨਮਾਨਿਤ ਕੀਤਾ ਗਿਆ। ਸੁੱਖ ਧਾਲੀਵਾਲ ਨੂੰ 'ਮਨੁੱਖੀ ਅਧਿਕਾਰਾਂ ਦਾ ਰਾਖਾ' (ਹਿਊਮਨ ਰਾਈਟਸ ਡਿਫੈਂਡਰ) ਪੁਰਸਕਾਰ ਦੇ ਕੇ ਨਿਵਾਜਿਆ ਗਿਆ। ਇਸ ਮੌਕੇ 'ਤੇ ਮਹਿਕ ਪੰਜਾਬ ਦੀ ਟੀ.ਵੀ. ਪ੍ਰੋਗਰਾਮ ਦੇ ਨਿਰਮਾਤਾ ਕੰਵਲਜੀਤ ਸਿੰਘ ਥਿੰਦ, ਰੈਡੀਕਲ ਦੇਸੀ ਦੇ ਸੰਪਾਦਕ, ਰੇਡੀਓ ਹੋਸਟ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ, ਪ੍ਰਸਿੱਧ ਸ਼ਾਇਰ ਅੰਮ੍ਰਿਤ ਦੀਵਾਨਾ, ਸਿੱਖ ਕਾਰਕੁੰਨ ਕੁਲਵਿੰਦਰ ਸਿੰਘ ਢਿੱਲੋ ਅਤੇ ਚੈਨਲ ਪੰਜਾਬੀ 'ਤੇ ਪ੍ਰੋਗਰਾਮ 'ਆਵਾਜ਼ ਏ ਪੰਜਾਬ' ਦੇ ਸੰਚਾਲਕ ਡਾ. ਗੁਰਵਿੰਦਰ ਸਿੰਘ ਧਾਲੀਵਾਲ ਵੱਲੋਂ ਸ਼ਮੂਲੀਅਤ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਸੀਨੀਅਰ ਜਰਨਲਿਸਟ ਗੁਰਪ੍ਰੀਤ ਸਿੰਘ ਨੇ ਰੈਡੀਕਲ ਦੇਸੀ ਸੰਸਥਾ ਦੇ ਪਿਛੋਕੜ ਬਾਰੇ ਅਤੇ ਐਮਪੀ ਸੁਖ ਧਾਲੀਵਾਲ ਦੀ ਮਨੁੱਖੀ ਅਧਿਕਾਰਾਂ ਬਾਰੇ ਦੇਣ ਦੀ ਗੱਲਬਾਤ ਕੀਤੀ। ਮਗਰੋਂ ਉਹਨਾਂ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਜਿੰਨਾ ਨੂੰ ਪਿਛਲੇ ਵਾਰ ਮਨੁੱਖੀ ਪੱਤਰਕਾਰੀ ਦੇ ਖੇਤਰ ਵਿੱਚ ਮਨੁੱਖੀ ਅਧਿਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਨੂੰ ਇਹ ਐਵਾਰਡ ਸੁੱਖ ਧਾਲੀਵਾਲ ਜੀ ਨੂੰ ਦੇਣ ਲਈ ਸੱਦਾ ਦਿੱਤਾ। ਡਾ. ਧਾਲੀਵਾਲ ਨੇ ਐਮਪੀ ਸੁਖ ਧਾਲੀਵਾਲ ਦੇ ਮਨੁੱਖੀ ਅਧਿਕਾਰਾਂ ਦੇ ਲੰਮੇ ਸੰਘਰਸ਼, ਸਿੱਖ ਨਸਲਕੁਸ਼ੀ ਦੀ ਪਟੀਸ਼ਨ ਸਮੇਤ ਵੱਖ-ਵੱਖ ਸੰਘਰਸ਼ਮਈ ਕਦਮਾਂ 'ਤੇ ਰੌਸ਼ਨੀ ਪਾਈ।

ਪੰਜਾਬੀ ਅਗਾਂਹ-ਵਧੂ ਸ਼ਾਇਰ ਅੰਮ੍ਰਿਤ ਦੀਵਾਨਾ ਨੇ ਸੁਖ ਧਾਲੀਵਾਲ ਨੂੰ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਸਿਆਸਤਦਾਨ ਕਰਾਰ ਦਿੰਦਿਆਂ, ਭਵਿੱਖ ਵਿੱਚ ਵੀ ਉਪਰਾਲੇ ਜਾਰੀ ਰੱਖਣ ਦੀ ਆਸ ਪ੍ਰਗਟਾਈ। ਸਿੱਖ ਮੋਟਰਸਾਈਕਲ ਕਲੱਬ ਸੰਸਥਾਵਾਂ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਕੁਲਵਿੰਦਰ ਸਿੰਘ ਢਿੱਲੋ ਨੇ ਕਿਹਾ ਕਿ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜੋ ਸੁਖ ਧਾਲੀਵਾਲ ਨੇ ਕੀਤਾ ਹੈ, ਉਹ ਪ੍ਰਸ਼ੰਸਾਯੋਗ ਹੈ ਅਤੇ ਉਮੀਦ ਹੈ ਕਿ ਉਹ ਹੋਰ ਵੀ ਵੱਧ-ਚੜ ਕੇ ਮਾਨਵੀ ਅਧਿਕਾਰ ਕਾਰਜ ਕਰਦੇ ਰਹਿਣਗੇ। ਮੀਡੀਆ ਸ਼ਖਸੀਅਤ ਕਮਲਜੀਤ ਸਿੰਘ ਥਿੰਦ ਨੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਐਮਪੀ ਸੁਖ ਧਾਲੀਵਾਲ ਇਮੀਗ੍ਰੇਸ਼ਨ ਸਬੰਧੀ ਮਸਲਿਆਂ 'ਤੇ ਵੀ ਦ੍ਰਿੜਤਾ ਨਾਲ ਖੜੇ ਹੁੰਦੇ ਹਨ ਅਤੇ ਲੋਕਾਂ ਦੀ ਆਵਾਜ਼ ਬਣਦੇ ਹਨ।

ਮਾਨਵੀ ਅਧਿਕਾਰ ਪੁਰਸਕਾਰ ਮਿਲਣ 'ਤੇ ਐਮਪੀ ਸੁਖ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਉਹ ਸਿੱਖ ਨਸਲਕੁਸ਼ੀ ਸਮੇਤ ਮਨੁੱਖੀ ਅਧਿਕਾਰ ਮਸਲਿਆਂ 'ਤੇ ਹਮੇਸ਼ਾ ਡਟ ਕੇ ਪਹਿਰਾ ਦਿੰਦੇ ਰਹਿਣਗੇ। ਉਹਨਾਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ, ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲੇ ਅਤੇ ਏਅਰ ਇੰਡੀਆ ਪਟੀਸ਼ਨ ਸਬੰਧੀ ਆਪਣੇ ਸੰਘਰਸ਼ਮਈ ਪਹਿਲੂਆਂ 'ਤੇ ਰੋਸ਼ਨੀ ਪਾਈ। ਉਹਨਾਂ ਰੈਡੀਕਲ ਦੇਸੀ ਵੱਲੋਂ ਮਨੁੱਖੀ ਅਧਿਕਾਰ ਪੁਰਸਕਾਰ ਦਿੱਤੇ ਜਾਣ 'ਤੇ ਹਾਰਦਿਕ ਧੰਨਵਾਦ ਕੀਤਾ। ਲਿਬਰਲ ਐਮਪੀ ਸੁੱਖ ਧਾਲੀਵਾਲ ਦਾ 'ਮਨੁੱਖੀ ਅਧਿਕਾਰਾਂ ਦੇ ਰਾਖੇ' ਵਜੋਂ ਸਨਮਾਨ ਪ੍ਰਭਾਵਸ਼ਾਲੀ ਸਮਾਗਮ ਦਾ ਰੂਪ ਅਖਤਿਆਰ ਕਰ ਗਿਆ।

# ਹੈਮਿਲਟਨ ਵਿੱਚ 80 ਤੋਂ ਵੱਧ ਟੈਸਲਾ ਦੀਆਂ ਕਾਰਾਂ ਦੀ ਭੰਨ-ਤੋੜ

ਹੈਮਿਲਟਨ : ਹੈਮਿਲਟਨ ਪੁਲਿਸ ਵੱਲੋਂ ਵੱਡੇ ਪੱਧਰ 'ਤੇ ਟੈਸਲਾ ਦੀਆਂ ਕਾਰਾਂ ਦੀ ਤੋੜਫੋੜ ਦੀ ਜਾਂਚ ਕੀਤੀ ਜਾ ਰਹੀ ਹੈ। ਬੁੱਧਵਾਰ ਨੂੰ ਇੱਕ ਡੀਲਰਸ਼ਿਪ 'ਚ 80 ਤੋਂ ਵੱਧ ਗੱਡੀਆਂ ਦੀ ਭੰਨਤੋੜ ਕਰ ਦਿੱਤੀ ਗਈ। ਹੈਮਿਲਟਨ ਪੁਲਿਸ ਨੇ ਖ਼ਬਰ ਦਿੱਤੀ ਕਿ ਉਨ੍ਹਾਂ ਨੂੰ ਬੁੱਧਵਾਰ ਸ਼ਾਮ ਤੋੜ-ਫੋੜ ਦੀ ਸੂਚਨਾ ਮਿਲੀ, ਜਿਸਦੇ ਤੁਰੰਤ ਬਾਅਦ ਡੀਲਰਸ਼ਿਪ 'ਤੇ ਜਾਂਚ ਸ਼ੁਰੂ ਕੀਤੀ ਗਈ। ਪੁਲਿਸ ਦੇ ਮੁਤਾਬਕ, ਗੱਡੀਆਂ 'ਤੇ ਡੂੰਘੀਆਂ ਖ਼ਰੋਚਾਂ ਤੇ ਟਾਇਰਾਂ 'ਚ ਛੇਦ ਕੀਤੇ ਗਏ।

ਅਜੇ ਤੱਕ ਇਹ ਪਤਾ ਨਹੀਂ ਲੱਗਿਆ ਕਿ ਕਿਹੜੇ ਮਾਡਲਾਂ ਨੂੰ ਨੁਕਸਾਨ ਹੋਇਆ, ਪਰ ਪੁਲਿਸ ਸੁਰੱਖਿਆ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਅਤੇ ਕਿਸੇ ਵੀ ਜਾਣਕਾਰੀ ਵਾਲਿਆਂ ਨੂੰ ਸੰਪਰਕ ਕਰਨ ਦੀ ਅਪੀਲ ਕਰ ਰਹੀ ਹੈ।



ਜ਼ਿਕਰਯੋਗ ਹੈ ਕਿ ਹੈਮਿਲਟਨ ਘਟਨਾ ਇਕੱਲੀ ਨਹੀਂ ਹੈ ਜਿਥੇ ਅਜਿਹੀ ਘਟਨਾ ਵਾਪਰੀ, ਮੌਂਟਰੀਅਲ 'ਚ ਵੀ ਬੁੱਧਵਾਰ ਇੱਕ ਡੀਲਰਸ਼ਿਪ 'ਤੇ ਤੋੜਫੋੜ ਹੋਈ, ਜਿਸ 'ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਵੈਨਕੂਵਰ 'ਚ ਮੰਗਲਵਾਰ ਨੂੰ Vancouver Internaitonal Auto Show ਨੇ ਟੈਸਲਾ ਦੀ ਸ਼ਮੂਲੀਅਤ ਰੱਦ ਕਰ ਦਿੱਤੀ, ਕਿਉਂਕਿ ਉਨ੍ਹਾਂ ਨੂੰ ਸੁਰੱਖਿਆ ਸੰਬੰਧੀ ਚਿੰਤਾਵਾਂ ਸਨ।


ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ

ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA

# ਭਾਰਤੀ ਵਿਦਿਆਰਥੀ ਕੈਨੇਡਾ ਦੀ ਥਾਂ ਰੂਸ ਜਾਣ ਦਾ ਰੁਝਾਨ ਵਧਿਆ

## ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟੀ

ਚੰਡੀਗੜ੍ਹ : ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਭਾਰਤੀ ਵਿਦਿਆਰਥੀਆਂ ਦੀਆਂ ਤਰਜੀਹਾਂ ਬਦਲ ਰਹੀਆਂ ਹਨ। ਭਾਰਤੀ ਵਿਦਿਆਰਥੀ ਹੁਣ ਕੈਨੇਡਾ ਦੀ ਬਜਾਏ ਰੂਸ ਜ਼ਿਆਦਾ ਜਾ ਰਹੇ ਹਨ। ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਹੈ। ਰੂਸ ਤੋਂ ਇਲਾਵਾ, ਫਰਾਂਸ ਅਤੇ ਜਰਮਨੀ ਵਿੱਚ ਵੀ ਭਾਰਤੀ ਵਿਦਿਆਰਥੀਆਂ ਦੀ ਦਿਲਚਸਪੀ ਵਧੀ ਹੈ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਲਈ ਇੱਕ ਹਾਟ ਸਪਾਟ ਮੰਨਿਆ ਜਾ ਰਿਹਾ ਹੈ। ਖਾਸ ਕਰਕੇ, ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਜਾ ਰਹੇ ਸਨ। ਪਰ ਜੇ ਅਸੀਂ ਨਵੇਂ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਰੁਝਾਨ ਕੁਝ ਹੱਦ ਤੱਕ ਬਦਲਦਾ ਜਾਪਦਾ ਹੈ।

ਦਰਅਸਲ, ਬੀਤੇ ਦਿਨੀਂ ਲੋਕ ਸਭਾ ਵਿੱਚ, ਜਦੋਂ ਕੇਂਦਰੀ ਸਿੱਖਿਆ ਰਾਜ ਮੰਤਰੀ ਸੁਕਾਂਤ ਮਜੂਮਦਾਰ ਨੇ ਸੰਸਦ ਮੈਂਬਰ ਈ.ਟੀ. ਮੁਹੰਮਦ ਬਸ਼ੀਰ ਦੁਆਰਾ ਉਠਾਏ ਗਏ ਇੱਕ ਸਵਾਲ ਦੇ ਜਵਾਬ ਵਿੱਚ ਪਿਛਲੇ ਤਿੰਨ ਸਾਲਾਂ ਦਾ ਅੰਕੜਾ ਪੇਸ਼ ਕੀਤਾ, ਤਾਂ ਕਈ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ। ਪੰਜਾਬ, ਹਰਿਆਣਾ, ਗੁਜਰਾਤ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਇਲਾਵਾ, ਕੈਨੇਡੀਅਨ ਪੀਆਰ ਵੀਜ਼ਾ ਪ੍ਰਾਪਤ ਕਰਨਾ ਅਤੇ ਫਿਰ ਨੌਕਰੀ ਲੱਭਣਾ ਵੀ ਇੱਕ ਵੱਡਾ ਆਕਰਸ਼ਣ ਸੀ। ਪਰ ਇਸ ਦੇ ਬਾਵਜੂਦ, ਗਿਰਾਵਟ ਦਰਜ ਕੀਤੀ ਜਾ ਰਹੀ ਹੈ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਭਾਰਤੀ ਵਿਦਿਆਰਥੀਆਂ ਵਿੱਚ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੀ ਇੱਛਾ ਥੋੜ੍ਹੀ ਘੱਟ ਗਈ ਜਾਪਦੀ ਸੀ। 2024 ਵਿੱਚ, ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਵੱਧ ਲੋਕ ਪੜ੍ਹਾਈ ਲਈ ਵਿਦੇਸ਼ ਗਏ। ਇੱਕ ਹੋਰ ਜਾਣਕਾਰੀ ਜੋ ਤੁਹਾਨੂੰ




ਹੈਰਾਨ ਕਰ ਦੇਵੇਗੀ ਉਹ ਇਹ ਹੈ ਕਿ ਹੁਣ ਭਾਰਤੀ ਵਿਦਿਆਰਥੀ ਰੂਸ ਨੂੰ ਇੱਕ ਚੰਗੇ ਬਦਲ ਵਜੋਂ ਦੇਖ ਰਹੇ ਹਨ।

ਸਭ ਤੋਂ ਪਹਿਲਾਂ, ਅੰਕੜਿਆਂ ਦੀ ਗੱਲ ਕਰੀਏ ਤਾਂ ਸਿੱਖਿਆ ਮੰਤਰਾਲੇ ਦੇ ਅਨੁਸਾਰ, 2024 ਵਿੱਚ, ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 15% ਦੀ ਕਮੀ ਆਈ ਹੈ। ਜਦੋਂ ਕਿ 2022 ਵਿੱਚ 7.5 ਲੱਖ ਤੋਂ ਵੱਧ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਸਨ, ਇਹ ਗਿਣਤੀ 2024 ਵਿੱਚ ਘੱਟ ਕੇ 6.5 ਲੱਖ ਤੋਂ ਵੀ ਘੱਟ ਰਹਿ ਗਈ।

ਸਭ ਤੋਂ ਵੱਡੀ ਗਿਰਾਵਟ ਕੈਨੇਡਾ ਵਿੱਚ ਦੇਖੀ ਗਈ। 2023 ਵਿੱਚ 4 ਲੱਖ ਤੋਂ ਵੱਧ ਵਿਦਿਆਰਥੀ ਕੈਨੇਡਾ ਗਏ ਸਨ, ਪਰ 2024 ਵਿੱਚ ਇਹ ਗਿਣਤੀ ਘੱਟ ਕੇ 2.5 ਲੱਖ ਤੋਂ ਵੀ ਘੱਟ ਰਹਿ ਗਈ। ਇਹ 41% ਦੀ ਵੱਡੀ ਗਿਰਾਵਟ ਹੈ!" ਪਰ ਦੂਜੇ ਪਾਸੇ, ਰੂਸ ਦੀ ਕਹਾਣੀ ਬਿਲਕੁਲ ਉਲਟ ਹੈ। ਜਿੱਥੇ 2023 ਵਿੱਚ 11 ਹਜ਼ਾਰ ਵਿਦਿਆਰਥੀ ਰੂਸ ਗਏ ਸਨ, 2024 ਵਿੱਚ ਇਹ ਗਿਣਤੀ 33% ਵਧੀ ਅਤੇ ਬਹੁਤ ਜ਼ਿਆਦਾ ਹੋ ਗਈ। ਰੂਸ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਅਜਿਹਾ ਕਿਉਂ ਹੈ? ਕਿਉਂਕਿ ਰੂਸੀ ਸਰਕਾਰ ਸਕਾਲਰਸ਼ਿਪ ਵਧਾ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕਈ ਕਦਮ ਚੁੱਕ ਰਹੀ ਹੈ।

ਕੈਨੇਡਾ ਕਦੇ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਸੀ, ਪਰ ਅੱਜ ਲੋਕ ਉਸੇ ਕੈਨੇਡਾ ਜਾਣ ਤੋਂ ਝਿਜਕ ਰਹੇ ਹਨ? ਇਸ ਬਾਰੇ ਪੁੱਛੇ ਜਾਣ 'ਤੇ, ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਵਧਦਾ ਰਾਜਨੀਤਿਕ ਤਣਾਅ, ਇੰਮੀਗ੍ਰੇਸ਼ਨ ਸਖਤ ਕਨੂੰਨ ਇਸ ਦਾ ਕਾਰਣ ਹਨ।

ਤੁਹਾਨੂੰ ਦੱਸ ਦੇਈਏ ਕਿ ਸਿਰਫ਼ ਕੈਨੇਡਾ ਹੀ ਨਹੀਂ, ਅਮਰੀਕਾ ਅਤੇ ਯੂਕੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਘੱਟ ਗਈ ਹੈ। ਅਮਰੀਕਾ ਵਿੱਚ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 2 ਲੱਖ 34 ਹਜ਼ਾਰ ਤੋਂ ਘੱਟ ਕੇ 2024 ਵਿੱਚ 2 ਲੱਖ ਰਹਿ ਜਾਵੇਗੀ, ਭਾਵ 13% ਦੀ ਸਿੱਧੀ ਗਿਰਾਵਟ। ਇਸਦਾ ਕਾਰਨ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਟਰੰਪ ਹਨ। ਭਾਰਤੀ ਵਿਦਿਆਰਥੀ ਡੋਨਾਲਡ ਟਰੰਪ 'ਤੇ ਆਸਾਨੀ ਨਾਲ ਭਰੋਸਾ ਨਹੀਂ ਕਰ ਪਾ ਰਹੇ ਹਨ ਅਤੇ ਉਨ੍ਹਾਂ ਦੀਆਂ ਬਦਲਦੀਆਂ ਨੀਤੀਆਂ ਕਾਰਨ ਅਮਰੀਕਾ ਜਾਣ ਤੋਂ ਝਿਜਕ ਰਹੇ ਹਨ। ਜੇਕਰ ਅਸੀਂ ਯੂਕੇ ਦੀ ਗੱਲ ਕਰੀਏ ਤਾਂ ਯੂਕੇ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ 1 ਲੱਖ 36 ਹਜ਼ਾਰ ਤੋਂ ਘੱਟ ਕੇ 98 ਹਜ਼ਾਰ ਵਿਦਿਆਰਥੀਆਂ 'ਤੇ ਆ ਗਈ ਹੈ, ਇਸਦਾ ਕਾਰਨ ਵੀਜ਼ਾ ਦੇ ਸਖ਼ਤ ਨਿਯਮ ਅਤੇ ਨੌਕਰੀ ਦੇ ਮੌਕਿਆਂ ਵਿੱਚ ਬਦਲਾਅ ਵੀ ਹੋ ਸਕਦੇ ਹਨ। ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਇਹ ਸਪਸ਼ਟ ਹੈ ਕਿ ਭਾਰਤੀ ਵਿਦਿਆਰਥੀ ਹੁਣ ਆਪਣੇ ਵਿਕਲਪਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲੈ ਰਹੇ ਹਨ। ਜਿੱਥੇ ਇੱਕ ਪਾਸੇ, ਕੈਨੇਡਾ ਵਰਗੇ ਦੇਸ਼ ਤਣਾਅ ਅਤੇ ਸਖ਼ਤ ਨਿਯਮਾਂ ਕਾਰਨ ਵਿਦਿਆਰਥੀਆਂ ਨੂੰ ਭਜਾ ਰਹੇ ਹਨ, ਉੱਥੇ ਦੂਜੇ ਪਾਸੇ, ਰੂਸ ਵਰਗੇ ਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਸਕਾਲਰਸ਼ਿਪਾਂ ਨਾਲ ਆਕਰਸ਼ਿਤ ਕਰ ਰਹੇ ਹਨ ਅਤੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਹ ਬਦਲਾਅ ਸਿਰਫ਼ ਅੰਕੜਿਆਂ ਦਾ ਮਾਮਲਾ ਨਹੀਂ ਹੈ, ਸਗੋਂ ਭਾਰਤੀ ਵਿਦਿਆਰਥੀਆਂ ਦੀ ਸੋਚ ਅਤੇ ਤਰਜੀਹਾਂ ਵਿੱਚ ਬਦਲਾਅ ਨੂੰ ਵੀ ਦਰਸਾਉਂਦਾ ਹੈ।

# ਭਾਰਤ ਲੋਕਤੰਤਰ ਸੂਚਕਾਂਕ ਵਿੱਚ 118ਵੇਂ ਸਥਾਨ 'ਤੇ ਖਿਸਕਿਆ

ਨਵੀਂ ਦਿੱਲੀ : ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਹ ਲੰਬੇ ਸਮੇਂ ਤੋਂ ਲੋਕਤੰਤਰੀ ਆਦਰਸ਼ਾਂ ਦਾ ਪ੍ਰਤੀਕ ਰਿਹਾ ਹੈ। ਇਸਨੇ ਰਾਜਨੀਤਿਕ ਆਜ਼ਾਦੀਆਂ, ਅਧਿਕਾਰਾਂ ,ਗੱਠਜੋੜਾਂ ਅਤੇ ਹਿਸੇਦਾਰੀਆਂ ਦੇ ਮੌਕਿਆਂ ਦਾ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ। ਪਰ ਹਾਲ ਹੀ ਦੇ ਸਾਲਾਂ ਵਿੱਚ ਭਾਰਤੀ ਲੋਕਤੰਤਰ ਸੁੰਗੜ ਕੇ "ਚੋਣਵਾਂ ਲੋਕਤੰਤਰ" ਬਣਕੇ ਰਹਿ ਗਿਆ ਹੈ ਜੋ ਫਾਸ਼ੀਵਾਦ ਦੇ ਨਵੇਂ ਰੂਪ ਵਿੱਚ ਤਬਦੀਲ ਹੋ ਰਿਹਾ ਹੈ। ਇਸ ਕਿਸਮ ਦੇ ਲੋਕਤੰਤਰ ਵਿੱਚ, ਚੋਣਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਜਦੋਂ ਕਿ ਲੋਕਤੰਤਰੀ ਸ਼ਾਸਨ ਦੇ ਬੁਨਿਆਦੀ ਸਿਧਾਂਤ ਜਿਵੇਂ ਕਿ ਜਾਂਚ ਅਤੇ ਸੰਤੁਲਨ,ਨਿਆਂ ਜਵਾਬਦੇਹੀ, ਪਾਰਦਰਸ਼ਤਾ ਅਤੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲੋਕਤੰਤਰ ਵਿਚੋਂ ਮਨਫੀ ਹੋ ਜਾਂਦੇ ਹਨ।

ਵੀ-ਡੈਮ (ਵੈਰੀਟੀਜ਼ ਆਫ਼ ਡੈਮੋਕਰੇਸੀ) ਸੰਸਥਾ ਦੀ ਇੱਕ ਤਾਜ਼ਾ ਰਿਪੋਰਟ ਭਾਰਤ ਦੇ ਲੋਕਤੰਤਰੀ ਪਤਨ ਦੇ ਵਧ ਰਹੇ ਰੁਝਾਨ 'ਤੇ ਰੌਸ਼ਨੀ ਪਾਉਂਦੀ ਹੈ, ਖਾਸ ਕਰਕੇ ਚੋਣ ਲੋਕਤੰਤਰ ਵਿੱਚ ਤਬਦੀਲੀ ਦੇ ਸੰਦਰਭ ਵਿੱਚ। ਇਸ ਰਿਪੋਰਟ ਦੇ ਅਨੁਸਾਰ, ਭਾਰਤ ਲੋਕਤੰਤਰ ਸੂਚਕਾਂਕ ਵਿੱਚ 104ਵੇਂ ਸਥਾਨ 'ਤੇ ਖਿਸਕ ਗਿਆ ਹੈ। 2018 ਵਿੱਚ ਹੀ, ਭਾਰਤ ਉਦਾਰ ਲੋਕਤੰਤਰ ਦੀ ਸ਼੍ਰੇਣੀ ਤੋਂ ਚੋਣ ਲੋਕਤੰਤਰ ਦੀ ਸ਼੍ਰੇਣੀ ਵਿੱਚ ਆ ਗਿਆ ਅਤੇ ਤਾਨਾਸ਼ਾਹੀ ਜਾਂ ਫਾਸ਼ੀਵਾਦੀ ਪਹੁੰਚ ਵਧ ਰਹੀ ਹੈ।

ਵੀ-ਡੈਮ ਇੰਸਟੀਚਿਊਟ ਸਵੀਡਨ ਵਿੱਚ ਸਥਿਤ ਇੱਕ ਪ੍ਰਸਿੱਧ ਗਲੋਬਲ ਥਿੰਕ ਟੈਂਕ ਹੈ। ਇਹ ਦੁਨੀਆ ਭਰ ਵਿੱਚ ਲੋਕਤੰਤਰ ਦੀ ਗੁਣਵੱਤਾ 'ਤੇ ਵਿਆਪਕ ਖੋਜ ਕਰਦਾ ਹੈ। ਆਪਣੀਆਂ ਰਿਪੋਰਟਾਂ ਵਿੱਚ, ਵੀ-ਡੈਮ ਦੇਸ਼ਾਂ ਨੂੰ ਉਨ੍ਹਾਂ ਦੇ ਲੋਕਤੰਤਰ ਦੇ ਪੱਧਰ ਦੇ ਅਧਾਰ ਤੇ ਵਰਗੀਕਰਨ ਕਰਦਾ ਹੈ।

ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ

ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ। ਭਾਰਤ ਨੂੰ ਹੁਣ "ਉਦਾਰਵਾਦੀ ਲੋਕਤੰਤਰ" ਦੀ ਬਜਾਏ "ਚੋਣਵਾਂ ਲੋਕਤੰਤਰ" ਵਜੋਂ ਸ਼੍ਰੇਣੀਬੱਧ ਕੀਤਾ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਦੇ ਪਤਨ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਹੈ ਨਾਗਰਿਕ ਆਜ਼ਾਦੀਆਂ ਅਤੇ ਲੋਕਤੰਤਰੀ ਨਿਯਮਾਂ ਨੂੰ ਖੋਰਾ ਲੱਗਣਾ। ਇਸ ਵਿੱਚ ਅਸਹਿਮਤੀ ਲਈ ਸੁੰਗੜਦੀ ਜਗ੍ਹਾ, ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀਆਂ, ਰਾਜਨੀਤੀ ਵਿੱਚ ਪੈਸੇ ਦਾ ਵਧਦਾ ਪ੍ਰਭਾਵ ਅਤੇ ਕਾਰਜਪਾਲਿਕਾ ਵਿੱਚ ਸ਼ਕਤੀ ਦਾ ਵਧਦਾ ਕੇਂਦਰੀਕਰਨ ਸ਼ਾਮਲ ਹੈ।

ਵੀ-ਡੈਮ ਇੰਸਟੀਚਿਊਟ ਅਤੇ ਮਾਹਿਰਾਂ ਦੁਆਰਾ ਪਛਾਣਿਆ ਗਿਆ ਇੱਕ ਪ੍ਰਮੁੱਖ ਰੁਝਾਨ ਕਾਰਜਪਾਲਿਕਾ ਦੇ ਹੱਥਾਂ ਵਿੱਚ ਸ਼ਕਤੀ ਦਾ ਕੇਂਦਰੀਕਰਨ ਹੈ। ਸੰਸਦ ਅਤੇ ਨਿਆਂਪਾਲਿਕਾ ਦੀ ਭੂਮਿਕਾ ਕਮਜ਼ੋਰ ਹੋ ਗਈ ਹੈ ਜੋ ਮਜਬੂਤ ਲੋਕਤੰਤਰ ਦਾ ਆਧਾਰ ਸੀ । ਇਸ ਵਧਦੇ ਕੇਂਦਰੀਕਰਨ ਦੇ ਤਹਿਤ, ਫੈਸਲਾ ਲੈਣ ਦੀ ਸ਼ਕਤੀ ਪ੍ਰਧਾਨ ਮੰਤਰੀ ਦੇ ਦਫ਼ਤਰ ਵਿੱਚ ਕੇਂਦ੍ਰਿਤ ਹੋ ਗਈ ਹੈ ਅਤੇ ਮਹੱਤਵਪੂਰਨ ਸੰਸਥਾਗਤ ਨਿਯੰਤਰਣ, ਜਿਵੇਂ ਕਿ ਇੱਕ ਸੁਤੰਤਰ ਨਿਆਂਪਾਲਿਕਾ ਅਤੇ ਇੱਕ ਮਜ਼ਬੂਤ ਵਿਰੋਧੀ ਧਿਰ, ਨੂੰ ਖਤਮ ਕਰ ਦਿੱਤਾ ਗਿਆ ਹੈ।

ਸੱਤਾ ਵਿੱਚ ਇਹ ਤਬਦੀਲੀ ਕਾਰਜਪਾਲਿਕਾ ਨੂੰ ਰਾਜਨੀਤਿਕ ਦ੍ਰਿਸ਼ 'ਤੇ ਹਾਵੀ ਹੋਣ ਦੀ ਆਗਿਆ ਦੇ ਰਹੀ ਹੈ। ਸਰਕਾਰ ਦੀ ਨਿਆਂਇਕ ਸਮੀਖਿਆ ਤੋਂ ਬਚਣ ਅਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦੀ ਧਾਰਨਾ ਵਧੀ ਹੈ, ਜਿਸ ਨਾਲ ਲੋਕਤੰਤਰੀ ਨਿਯਮਾਂ ਦਾ ਹੌਲੀ-ਹੌਲੀ ਖੋਰਾ ਲੱਗ ਰਿਹਾ ਹੈ। ਵਿਰੋਧੀ ਪਾਰਟੀਆਂ ਦੇ ਕਮਜ਼ੋਰ ਹੋਣ ਅਤੇ ਸੁਤੰਤਰ ਸੰਸਥਾਵਾਂ ਦੀ ਅਣਦੇਖੀ ਨੇ ਰਾਜਨੀਤਿਕ ਮਾਮਲਿਆਂ ਵਿੱਚ ਸੱਤਾਧਾਰੀ ਪਾਰਟੀ ਦੇ ਦਬਦਬੇ ਨੂੰ ਹੋਰ ਮਜ਼ਬੂਤ ਕੀਤਾ ਹੈ।

ਵੀ-ਡੈਮ ਇੰਸਟੀਚਿਊਟ ਇਹ ਵੀ ਦੱਸਦਾ ਹੈ ਕਿ ਭਾਰਤ ਵਿੱਚ ਲੋਕਪ੍ਰਿਯਤਾ ਹੁਣ ਸ਼ਕਤੀ ਦੇ ਕੇਂਦਰੀਕਰਨ ਅਤੇ ਰਾਜਨੀਤਿਕ ਆਜ਼ਾਦੀਆਂ ਦੇ ਖੋਰੇ ਨਾਲ ਜੁੜੀ ਹੋਈ ਹੈ। ਇਸ ਰੁਝਾਨ ਕਾਰਣ ਚੋਣਾਂ ਲੋਕਤੰਤਰੀ ਭਾਗੀਦਾਰੀ ਦੀ ਥਾਂ ਸ਼ਕਤੀ ਦੇ ਕੇਂਦਰੀਕਰਨ ਦੇ ਬੋਲਬਾਲੇ ਦਾ ਦਬਾਅ ਵਧ ਜਾਂਦਾ ਹੈ। ਇਸ ਦੌਰਾਨ ਸਿਆਸੀ ਆਗੂ ਅਕਸਰ ਧਾਰਮਿਕ ਅਤੇ ਪਛਾਣ-ਅਧਾਰਿਤ ਰਾਜਨੀਤੀ ਦੀ ਵਰਤੋਂ ਬਹੁਗਿਣਤੀਵਾਦੀ ਭਾਵਨਾਵਾਂ ਨੂੰ ਜਗਾਉਣ ਲਈ ਕਰਦੇ ਹਨ ਤਾਂ ਜੋ ਸੱਤਾ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਹ ਲੋਕਪ੍ਰਿਯ ਪਹੁੰਚ ਮੀਡੀਆ, ਨਿਆਂਪਾਲਿਕਾ ਅਤੇ ਸਿਵਲ ਸਮਾਜ ਵਰਗੀਆਂ ਸੰਸਥਾਵਾਂ ਦੀ ਮਰਿਯਾਦਾ ਨੂੰ ਕਮਜ਼ੋਰ ਕਰ ਰਹੀ ਹੈ, ਜੋ ਕਿ ਬਹੁਲਵਾਦੀ ਲੋਕਤੰਤਰ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਵੀ-ਡੈਮ ਰਿਪੋਰਟ ਭਾਰਤ ਵਿੱਚ ਪ੍ਰਗਟਾਵੇ ਦੀ ਆਜ਼ਾਦੀ, ਇਕੱਠ ਅਤੇ ਪ੍ਰੈਸ ਦੀ ਆਜ਼ਾਦੀ ਲਈ ਵਧ ਰਹੇ ਖ਼ਤਰਿਆਂ ਨੂੰ ਉਜਾਗਰ ਕਰਦੀ ਹੈ। ਪੱਤਰਕਾਰਾਂ, ਕਾਰਕੁਨਾਂ ਅਤੇ ਵਿਰੋਧੀ ਆਗੂਆਂ ਨੂੰ ਧਮਕੀਆਂ, ਪਰੇਸ਼ਾਨੀ ਅਤੇ ਡਰਾਉਣ-ਧਮਕਾਉਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾਧਾਰੀ ਪਾਰਟੀ 'ਤੇ ਅਸਹਿਮਤੀ ਨੂੰ ਦਬਾਉਣ ਦੇ ਗੰਭੀਰ ਦੋਸ਼ ਲਗਾਏ ਜਾ ਰਹੇ ਹਨ।

ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਇੱਕ ਕਾਨੂੰਨੀ ਢਾਂਚਾ ਮੌਜੂਦ ਹੈ, ਪਰ ਇਹਨਾਂ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ, ਜਿਸ ਕਾਰਨ ਬਹੁਤ ਸਾਰੇ ਨਾਗਰਿਕ ਰਾਜ-ਪ੍ਰਯੋਜਿਤ ਜ਼ੁਲਮ ਤੇ ਅਨਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਰੁਝਾਨਾਂ ਨੇ ਡਰ ਅਤੇ ਸਵੈ-ਸੈਂਸਰਸ਼ਿਪ ਦਾ ਮਾਹੌਲ ਪੈਦਾ ਕੀਤਾ ਹੈ। ਜ਼ਾਹਿਰ ਹੈ ਕਿ ਇਹ ਭਾਰਤ ਵਿੱਚ ਜਨਤਕ ਚਰਚਾ ਦੀ ਜੀਵੰਤਤਾ ਕਮਜ਼ੋਰ ਹੋ ਰਹੀ ਹੈ ਅਤੇ ਰਾਜਨੀਤਿਕ ਬਹਿਸ ਨੂੰ ਦਬਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹਿੰਸਾ, ਜੋ ਅਕਸਰ ਸੰਪਰਦਾਇਕਤਾ ਨਾਲ ਜੁੜੀ ਹੁੰਦੀ ਹੈ, ਨੇ ਇੱਕ ਅਜਿਹਾ ਮਾਹੌਲ ਬਣਾਇਆ ਹੈ ਜਿੱਥੇ ਸ਼ਕਤੀ ਦੇ ਕੇਂਦਰੀਕਰਨ ਦੇ ਹੱਕ ਵਿੱਚ ਲੋਕਤੰਤਰੀ ਨਿਯਮਾਂ ਨੂੰ ਨਕਾਰਿਆ ਜਾ ਰਿਹਾ ਹੈ। ਰਾਜਨੀਤੀ ਦੇ ਅਪਰਾਧੀਕਰਨ ਕਾਰਨ, ਅਪਰਾਧਿਕ ਪਿਛੋਕੜ ਵਾਲੇ ਸਿਆਸਤਦਾਨ ਵੀ ਸਜ਼ਾ ਤੋਂ ਬਚਣ ਦਾ ਫਾਇਦਾ ਉਠਾਉਂਦੇ ਹਨ। ਇਹ ਲੋਕਤੰਤਰੀ ਨਿਯਮਾਂ ਦੇ ਪਤਨ ਦਾ ਇੱਕ ਹੋਰ ਸੰਕੇਤ ਹੈ।ਵੀ-ਡੈਮ ਰਿਪੋਰਟ ਅਨੁਸਾਰ ਭਾਰਤ ਵਿੱਚ ਚੋਣ ਇਮਾਨਦਾਰੀ ਹਾਲ ਹੀ ਦੇ ਸਾਲਾਂ ਵਿੱਚ ਘਟਦੀ ਜਾ ਰਹੀ ਹੈ।

ਵੀ-ਡੈਮ ਇੰਸਟੀਚਿਊਟ ਦੀ ਰਿਪੋਟ ਭਾਰਤੀ ਲੋਕਤੰਤਰ ਦੀਆਂ ਘਾਟਾਂ ਦਾ ਸਹੀ ਪਰਦਾਫਾਸ਼ ਕਰਦੀ ਹੈ।ਜਿਸ ਤਰਾਂ ਭਾਰਤੀ ਰਾਜਨੀਤੀ ਨੂੰ ਸਿਰਫ ਨੰਬਰਾਂ ਦੀ ਗੇਮ ਅਤੇ ਵੋਟ ਬੈਂਕ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਿਚ ਨਾਗਰਿਕ ਤਾਂ ਬਚੇ ਹੀ ਨਹੀਂ।ਭਾਰਤੀ ਲੋਕਤੰਤਰ ਵਿਚ ਪਾਰਟੀਆਂ ਇਕ ਦੂਜੇ ਉੱਪਰ ਦੂਸ਼ਣਬਾਜੀ ਤੱਕ ਹੀ ਸੀਮਿਤ ਹੋ ਗਈਆਂ ਹਨ ਜਿਸ ਨੇ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਨੁਕਸਾਨ ਕੀਤਾ ਹੈ।ਲੋਕ ਆਪਣੇ ਨੇਤਾਵਾਂ ਨੂੰ ਵੋਟ ਦੇ ਕੇ ਜਿਤਾਉਂਦੇ ਹਨ, ਪਰ ਉਹ ਸਿਰਫ ਮੁਫ਼ਤਖੋਰੀ ਦਾ ਹੀ ਪ੍ਰਚਾਰ ਕਰਦੇ ਹਨ।ਭਾਰਤੀ ਲੋਕਤੰਤਰ ਅੱਜ ਮਹਿਜ਼ ਸ਼ੋਅ ਹੀ ਬਣ ਕੇ ਰਹਿ ਗਿਆ ਹੈ।

# ਫ੍ਰੇਜ਼ਰ ਹੈਲਥ ਵਲੋਂ ਸਰੀ ਵਿੱਚ ਗੈਰ-ਕਾਨੂੰਨੀ ਢੰਗ ਨਾਲ ਵੇਚੇ ਜਾ ਰਹੇ ਆਯੁਰਵੇਦਿਕ ਉਤਪਾਦ ਲਏ ਕਬਜ਼ੇ 'ਚ

**ਵੈਨਕੂਵਰ (ਏਕਜੋਤ ਸਿੰਘ):** ਫ੍ਰੇਜ਼ਰ ਹੈਲਥ ਨੇ ਸਰੀ ਵਿੱਚ ਇੱਕ ਦੁਕਾਨ ਤੋਂ ਗੈਰ-ਕਾਨੂੰਨੀ ਢੰਗ ਨਾਲ ਵੇਚੇ ਜਾ ਰਹੇ ਆਯੁਰਵੇਦਿਕ ਉਤਪਾਦਾਂ ਲਏ ਕਬਜ਼ੇ 'ਚ ਲਏ ਹਨ। ਇਨ੍ਹਾਂ ਗੈਰ-ਅਧਿਕਾਰਤ ਆਯੁਰਵੇਦਿਕ ਉਤਪਾਦਾਂ ਨੂੰ ਲੈ ਕੇ ਲੋਕਾਂ ਨੂੰ ਸੰਭਾਵਿਤ ਸਿਹਤ ਖ਼ਤਰੇ ਬਾਰੇ ਵੀ ਚੇਤਾਵਨੀ ਜਾਰੀ ਕੀਤੀ ਹੈ।




ਸਿਹਤ ਅਥਾਰਟੀ ਅਨੁਸਾਰ, ਇਹ ਉਤਪਾਦ ਸ਼ੀਸ਼ਾ, ਪਾਰਾ (mercury) ਅਤੇ ਅਰਸਨਿਕ (arsenic) ਵਰਗੇ ਭਾਰੀ ਧਾਤਾਂ ਨਾਲ ਦੂਸ਼ਿਤ ਹੋ ਸਕਦੇ ਹਨ, ਜੋ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ।

ਫ੍ਰੇਜ਼ਰ ਹੈਲਥ ਨੇ ਨਿਊਟਨ (85 ਐਵੇਨਿਊ) ਵਿੱਚ "ਆਲ ਇਨ ਵਨ ਹੋਲਸੇਲ ਕੈਸ਼ ਐਂਡ ਕੈਰੀ" ਦੁਕਾਨ ਵਿੱਚ ਇੱਕ ਸ਼ੀਸ਼ੇ ਦੀ ਜ਼ਹਿਰਲੀਤਾ (lead poisoning) ਦੇ ਕੇਸ ਦੀ ਜਾਂਚ ਕੀਤੀ, ਜਿਸ ਦੌਰਾਨ ਇਹ ਪਤਾ ਲੱਗਿਆ ਕਿ ਦੁਕਾਨ 'ਤੇ ਹੈਲਥ ਕੈਨੇਡਾ ਵੱਲੋਂ ਨਾ-ਮਨਜ਼ੂਰ ਉਤਪਾਦ ਵੇਚੇ ਜਾ ਰਹੇ ਸਨ।

ਫ੍ਰੇਜ਼ਰ ਹੈਲਥ ਨੇ ਕਿਹਾ ਕਿ "ਇਨ੍ਹਾਂ ਉਤਪਾਦਾਂ ਵਿੱਚੋਂ ਕੁਝ ਵਿੱਚ ਉੱਚ ਪੱਧਰ 'ਤੇ ਸ਼ੀਸ਼ਾ ਅਤੇ ਹੋਰ ਭਾਰੀਆਂ ਧਾਤਾਂ ਪਾਈਆਂ ਗਈਆਂ ਹਨ, ਜੋ ਉਪਭੋਗਤਾਵਾਂ ਲਈ ਗੰਭੀਰ ਸਿਹਤ ਖ਼ਤਰਾ ਬਣ ਸਕਦੇ ਹਨ।" ਸਾਰੇ ਗੈਰ-ਅਧਿਕਾਰਤ ਉਤਪਾਦ ਜ਼ਬਤ ਕਰ ਲਏ ਗਏ ਹਨ।

ਜ਼ਿਕਰਯੋਗ ਹੈ ਕਿ ਆਯੁਰਵੇਦ ਭਾਰਤ ਤੋਂ ਆਇਆ ਇੱਕ ਪ੍ਰਾਚੀਨ ਚਿਕਿਤਸਾ ਤਰੀਕਾ ਹੈ, ਜੋ ਸਿਹਤ ਸੰਭਾਲ, ਮੈਡੀਟੇਸ਼ਨ, ਯੋਗ, ਮਾਲਿਸ, ਆਹਾਰ ਬਦਲਾਅ ਅਤੇ ਜੜੀ-ਬੂਟੀਆਂ ਦੇ ਇਲਾਜ ਉੱਤੇ ਜ਼ੋਰ ਦਿੰਦੀ ਹੈ। ਪਰ ਫ੍ਰੇਜ਼ਰ ਹੈਲਥ ਅਨੁਸਾਰ "ਆਯੁਰਵੇਦਿਕ ਜੜੀ-ਬੂਟੀ ਉਤਪਾਦ ਵੀ ਆਮ ਦਵਾਈਆਂ ਵਾਂਗ ਸਾਈਡ-ਇਫੈਕਟ ਪੈਦਾ ਕਰ ਸਕਦੇ ਹਨ, ਐਲਰਜੀ ਟ੍ਰਿਗਰ ਕਰ ਸਕਦੇ ਹਨ ਜਾਂ ਹੋਰ ਦਵਾਈਆਂ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ।" ਕਿਰਪਾ ਕਰਕੇ ਸਿਰਫ਼ ਉਹੀ ਆਯੁਰਵੇਦਿਕ ਉਤਪਾਦ ਵਰਤੋਂ ਜੋ "ਹੈਲਥ ਕੈਨੇਡਾ" ਵੱਲੋਂ ਮਨਜ਼ੂਰਸ਼ੁਦਾ ਹਨ।

ਫ੍ਰੇਜ਼ਰ ਹੈਲਥ ਲੋਕਾਂ ਲਈ ਚੇਤਾਵਨੀ ਜਾਰੀ ਕਰਦੇ ਹੋਏ ਕਿਹਾ ਗਿਆ ਹੈ ਕਿ ਗੈਰ-ਅਧਿਕਾਰਤ ਆਯੁਰਵੇਦਿਕ ਉਤਪਾਦ ਨਾ ਵਰਤੋ ਕਿਉਂਕਿ ਇਹ ਸਿਹਤ ਲਈ ਹਾਨੀਕਾਰਕ ਹੋ ਸਕਦੇ ਹਨ। ਮਨਜ਼ੂਰਸ਼ੁਦਾ ਉਤਪਾਦਾਂ 'ਤੇ 8-ਅੰਕ 'ਤੇ ਆਧਾਰਿਤ "Natural Product Number (NPN)" ਜਾਂ "Drug Idenitifcaiton Number (DIN)" ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਇਹ ਉਤਪਾਦ ਵਰਤ ਰਿਹਾ ਹੈ, ਤਾਂ ਤੁਰੰਤ ਇਸ ਦਾ ਉਪਯੋਗ ਬੰਦ ਕਰਕੇ ਉਤਪਾਦ ਨੂੰ ਸਹੀ ਢੰਗ ਨਾਲ ਨਸ਼ਟ ਕਰੋ। ਜੇਕਰ ਕੋਈ ਅਣਚਾਹੀ ਸਿਹਤ ਸਮੱਸਿਆ ਆਉਂਦੀ ਹੈ, ਤਾਂ ਤੁਰੰਤ ਡਾਕਟਰੀ ਸਲਾਹ ਲਵੋ। This report was written by Ekjot Singh as part of the Local Journalism Initiative.

# ਫੋਰਟਿਸ ਬੀ.ਸੀ. ਗੈਸ ਗਾਹਕਾਂ ਨੂੰ ਕਾਰਬਨ ਟੈਕਸ ਖ਼ਤਮ ਹੋਣ ਕਾਰਨ ਹਰ ਸਾਲ $300 ਦੀ ਹੋਵੇਗੀ ਬਚਤ




**ਵੈਨਕੂਵਰ (ਏਕਜੋਤ ਸਿੰਘ):** ਬੀ.ਸੀ. ਸਰਕਾਰ ਵੱਲੋਂ ਉਪਭੋਗਤਾ ਕਾਰਬਨ ਟੈਕਸ ਖਤਮ ਕਰਨ ਦੇ ਫੈਸਲੇ ਨਾਲ, ਫੋਰਟਿਸ ਬੀ.ਸੀ. ਗੈਸ ਗਾਹਕ ਹਰ ਸਾਲ $300 ਤੱਕ ਦੀ ਬਚਤ ਕਰ ਸਕਣਗੇ। ਮਾਰਚ 14 ਨੂੰ, ਪ੍ਰੀਮੀਅਰ ਡੇਵਿਡ ਈਬੀ ਨੇ ਐਲਾਨ ਕੀਤਾ ਕਿ 1 ਅਪਰੈਲ ਤੋਂ ਹੋਣ ਵਾਲਾ ਕਾਰਬਨ ਟੈਕਸ ਹੁਣ ਨਹੀਂ ਲਾਗੂ ਕੀਤਾ ਜਾਵੇਗਾ, ਅਤੇ ਸਰਕਾਰ ਇਸ ਟੈਕਸ ਨੂੰ ਪੂਰੀ ਤਰ੍ਹਾਂ ਹਟਾਉਣ ਲਈ ਤਿਆਰ ਕਰ ਰਹੀ ਹੈ।

ਫੋਰਟਿਸ ਬੀ.ਸੀ. ਜੋ ਸੂਬੇ ਲਈ ਇਹ ਟੈਕਸ ਇਕੱਠਾ ਕਰਦੀ ਹੈ, ਹੁਣ ਵਿਧਾਨ ਸਭਾ ਕਾਰਵਾਈ 'ਤੇ ਨਜ਼ਰ ਰੱਖ ਰਹੀ ਹੈ ਅਤੇ ਇਸ ਦਾ ਗਾਹਕਾਂ 'ਤੇ ਹੋਣ ਵਾਲੇ ਪ੍ਰਭਾਵ ਦੀ ਵਿਸ਼ਲੇਸ਼ਣਾ ਕਰ ਰਹੀ ਹੈ।

ਸਧਾਰਣ ਰਿਹਾਇਸ਼ੀ ਗਾਹਕ, ਜੋ ਹਰ ਮਹੀਨੇ $29.89 ਕਾਰਬਨ ਟੈਕਸ ਦੇ ਰਹੇ ਸਨ।ਇਹ ਟੈਕਸ ਖਤਮ ਹੋਣ ਨਾਲ ਉਨ੍ਹਾਂ ਦੀ ਲਾਗਤ ਲਗਭਗ $30 ਪ੍ਰਤੀ ਮਹੀਨਾ ਘਟ ਜਾਵੇਗੀ।

ਕੰਪਨੀ ਨੇ ਦੱਸਿਆ ਕਿ ਉਹ ਬੀ.ਸੀ. ਦੀਆਂ ਕਲਾਈਮੇਟ ਐਕਸ਼ਨ ਯੋਜਨਾਵਾਂ ਨੂੰ ਹਮਾਇਤ ਕਰਦੀ ਰਹੇਗੀ ਅਤੇ ਉਤਸਰਜਨ ਘਟਾਉਣ 'ਤੇ ਧਿਆਨ ਦੇਂਦੀ ਰਹੇਗੀ, ਜਦਕਿ ਗਾਹਕਾਂ ਨੂੰ ਵਿਸ਼ਵਾਸਯੋਗ ਅਤੇ ਵਾਜਬ ਕੀਮਤ 'ਤੇ ਊਰਜਾ ਉਪਲਬਧ ਕਰਵਾਉਣ ਦੀ ਵਚਨਬੱਧਤਾ ਨਿਭਾਉਂਦੀ ਰਹੇਗੀ। This report was written by Ekjot Singh as part of the Local Journalism Initiative.


ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260



ਬੱਚਿਆਂ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ

24 ਮਾਰਚ ਤੋਂ 28 ਮਾਰਚ, 2025

ਗੁਰਦੁਆਰਾ ਖਾਲਸਾ ਦਰਬਾਰ, ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।

ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 236-688-7264 ਜਾਂ 604-325-2290

fruiticana hee jaana!

# Rajan MANGOES have arrived!



# UNBEATABLE BIGGEST SALE IN CANADA

## UNBEATABLE EXTRA SUPER SPECIAL

Rajan Mangoes (Haden) 4 kg
ਰਾਜਨ ਹੇਡਨ ਅੰਬ
$17.99 box

## EXTRA SUPER SUPER SPECIAL

Yellow Onions 50 lbs
ਪੀਲੇ ਗੰਢੇ
$11.99 bag

SUPER SPECIAL
Jumbo Carrots
ਜੰਬੋ ਗਾਜਰਾਂ
79¢ lb

Fresh Methi
ਤਾਜਾ ਮੇਥੀ
$1.99 bunch

Indian Eggplants
ਦੇਸੀ ਬਤਾਊਂ
$1.49 lb

Peanut Gachak (Indican) 400 g
ਇੰਡੀਕਨ ਗੁਰ ਗਚਕ
$1.99 ea.

SUPER SPECIAL
Red Delicious Apples
ਲਾਲ ਸਵਾਦ ਸੇਬ
98¢ lb

Seedless Oranges (Small)
ਛੋਟਾ ਸੰਤਰੇ ( ਬਿਨਾ ਬੀਜ ਤੋਂ )
99¢ lb

Fresh Spinach
ਪਾਲਕ
$1.49 bunch

Chickpeas
ਚਿੱਟੇ ਛੋਲੇ
88¢ lb

SUPER SPECIAL
Gala Apples
ਗਾਲਾ ਸੇਬ
88¢ lb

Cilantro
ਧਣੀਆ
2 bunches for $1.29

Rapini (Sarson da Saag)
ਸਰਸੋਂ ਦਾ ਸਾਗ
$2.88 bunch

Red Onions 25 lbs
ਲਾਲ ਗੰਢੇ
$17.99 bag

Red Lentil Whole, Red Lentil Split, Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ.
ਕਾਲੇ ਛੋਲੇ ਚਿੱਟੇ ਛੋਲੇ ( ਇੰਡੀਕੈਨ )
$3.99 bag

SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag

Fresh Garlic
ਤਾਜਾ ਲਸਣ
$1.88 lb

Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ 9
$3.99 ea.

Roasted Peanuts in Shell
ਭੁੱਜੀ ਮੂੰਗਫਲੀ
$1.59 lb

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle

Zucchini
ਜ਼ੁਕੀਨੀ ਸਕੁਐਸ਼
88¢ lb

Aashirvaad Multigrain Atta 10 lbs
ਆਸ਼ੀਰਵਾਦ ਮਲਟੀਗ੍ਰੇਨ ਆਟਾ
$9.99 bag

Aashirvaad Whole Wheat Atta 20 lbs
ਆਸ਼ੀਰਵਾਦ ਹੋਲ ਵਿਟ ਆਟਾ
$13.99 bag

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Product images may differ from the actual produc...

**Fri Mar 21, 2025 - Wed Mar 26, 2025**
We reserve the right to limit the quantities while they last
**Specials valid for Lower Mainland only**

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

Disclaimer: We reserve the right to add restrictions on products with a minimum purchase

## THE SOUTH SURREY/WHITE ROCK FRUITICANA NOW OPEN AT 1812, 152ND ST.

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |